# PUNJAB VIDHAN SABHA

## DEBATES

*Sunday, the 8th March, 2026*

# SIXTEENTH VIDHAN SABHA

**(TWELFTH (BUDGET) SESSION)**

**(Sitting No. 2)**

# OFFICIAL REPORT




## PUNJAB VIDHAN SABHA SECRETARIAT

## CHANDIGARH-160001

**Price: Rs…………**

# ਪੰਜਾਬ ਵਿਧਾਨ ਸਭਾ

**ਸਰਦਾਰ ਕੁਲਤਾਰ ਸਿੰਘ ਸੰਧਵਾਂ, ਮਾਣਯੋਗ ਸਪੀਕਰ**
**ਸਰਦਾਰ ਜੈ ਕ੍ਰਿਸ਼ਨ ਸਿੰਘ, ਮਾਣਯੋਗ ਡਿਪਟੀ ਸਪੀਕਰ**
**ਸ਼੍ਰੀ ਰਾਮ ਲੋਕ ਖਟਾਣਾ, ਸਕੱਤਰ**

# PUNJAB VIDHAN SABHA

**Sardar Kultar Singh Sandhwan, Hon'ble Speaker**
**Sardar Jai Krishan Singh, Hon'ble Deputy Speaker**
**Shri Ram Lok Khatana, Secretary**

# ਮੰਤਰੀ ਮੰਡਲ ਦੀ ਸੂਚੀ

| ਕ੍ਰਮ ਨੰ: | ਨਾਮ | Department | ਵਿਭਾਗ |
|---|---|---|---|
| 1. | **ਸ਼੍ਰੀ ਭਗਵੰਤ ਮਾਨ, ਮੁੱਖ ਮੰਤਰੀ**<br>**Shri Bhagwant Mann, Chief Minister** | General Administration, Home Affairs & Justice, Personnel, Vigilance, Co-operation, Legal & Legislative Affairs, Civil Aviation, Science, Technology & Environment, Sports & Youth Services | ਆਮ ਪ੍ਰਸ਼ਾਸਨ, ਗ੍ਰਹਿ ਮਾਮਲੇ ਅਤੇ ਨਿਆਂ, ਪ੍ਰਸੋਨਲ, ਚੌਕਸੀ, ਸਹਿਕਾਰਤਾ, ਕਾਨੂੰਨੀ ਤੇ ਵਿਧਾਨਕ ਮਾਮਲੇ, ਸ਼ਹਿਰੀ ਹਵਾਬਾਜ਼ੀ, ਸਾਇੰਸ, ਤਕਨਾਲੋਜੀ ਤੇ ਵਾਤਾਵਰਨ ਖੇਡਾਂ ਤੇ ਯੁਵਕ ਸੇਵਾਵਾਂ |
| 2. | **ਸਰਦਾਰ ਹਰਪਾਲ ਸਿੰਘ ਚੀਮਾ**<br>Sardar Harpal Singh Cheema | Finance, Planning Programme Implementation Excise & Taxation Minister | ਵਿੱਤ, ਯੋਜਨਾ ਪ੍ਰੋਗਰਾਮ ਲਾਗੂਕਰਨ, ਆਬਕਾਰੀ ਤੇ ਕਰ ਮੰਤਰੀ |
| 3. | **ਸ਼੍ਰੀ ਅਮਨ ਅਰੋੜਾ**<br>Shri Aman Arora | New & Renewable Energy Resources, Printing & Stationery, Good Governance and Information Technology, Removal of Grievances & Employment Generation and Training Minister | ਨਵ ਤੇ ਨਵਿਆਉਣਯੋਗ ਊਰਜਾ ਸਰੋਤ, ਛਪਾਈ ਤੇ ਲਿਖਣ ਸਮੱਗਰੀ, ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ, ਸ਼ਿਕਾਇਤ ਨਿਵਾਰਣ ਅਤੇ ਰੋਜ਼ਗਾਰ ਉਤਪਤੀ ਤੇ ਟਰੇਨਿੰਗ ਮੰਤਰੀ |
| 4. | **ਡਾਕਟਰ ਬਲਜੀਤ ਕੌਰ**<br>Doctor Baljit Kaur | Social Justice, Empowerment & Minorities, Social Security, Women & Child Development Minister | ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀਆਂ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ |
| 5. | **ਸ਼੍ਰੀ ਸੰਜੀਵ ਅਰੋੜਾ**<br>Shri Sanjeev Arora | Local Government, Industry and Commerce, Investment Promotion & Power Minister | ਸਥਾਨਕ ਸਰਕਾਰ, ਉਦਯੋਗ ਤੇ ਵਣਜ, ਨਿਵੇਸ਼ ਪ੍ਰੋਤਸਾਹਨ ਤੇ ਊਰਜਾ ਮੰਤਰੀ |
| 6. | **ਡਾਕਟਰ ਬਲਬੀਰ ਸਿੰਘ**<br>Doctor Balbir Singh | Health & Family Welfare, Medical Education & Research and Elections Minister | ਸਿਹਤ ਅਤੇ ਪਰਿਵਾਰ ਭਲਾਈ, ਡਾਕਟਰੀ ਸਿੱਖਿਆ ਤੇ ਖੋਜ ਅਤੇ ਚੋਣਾਂ ਮੰਤਰੀ |
| 7. | **ਸ਼੍ਰੀ ਲਾਲ ਚੰਦ**<br>Shri Lal Chand | Food, Civil Supplies and Consumer Affairs, Forests, Wildlife preservation Minister | ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ, ਜੰਗਲਾਤ, ਜੰਗਲੀ ਜੀਵ ਸੁਰੱਖਿਆ ਮੰਤਰੀ |

| ਕ੍ਰਮ ਨੰ: | ਨਾਮ | Department | ਵਿਭਾਗ |
|---|---|---|---|
| 8. | **ਸਰਦਾਰ ਲਾਲਜੀਤ ਸਿੰਘ ਭੁੱਲਰ**<br>Sardar Laljit Singh Bhullar | Transport, Jails Minister | ਟਰਾਂਸਪੋਰਟ, ਜੇਲ੍ਹਾਂ ਮੰਤਰੀ |
| 9. | **ਸਰਦਾਰ ਹਰਜੋਤ ਸਿੰਘ ਬੈਂਸ**<br>Sardar Harjot Singh Bains | Technical Education & Industrial Training,<br>Higher Education, School Education, Information & Public Relations Minister | ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ, ਉਚੇਰੀ ਸਿੱਖਿਆ, ਸਕੂਲ ਸਿੱਖਿਆ, ਸੂਚਨਾ ਤੇ ਲੋਕ ਸੰਪਰਕ ਮੰਤਰੀ |
| 10. | **ਸਰਦਾਰ ਹਰਭਜਨ ਸਿੰਘ**<br>Sardar Harbhajan Singh | Public Works (B&R) Minister | ਲੋਕ ਨਿਰਮਾਣ (ਭ ਤੇ ਮ) ਮੰਤਰੀ |
| **11.** | ਸਰਦਾਰ ਗੁਰਮੀਤ ਸਿੰਘ ਖੁੱਡੀਆਂ<br>**Sardar Gurmeet Singh Khudian** | Agriculture & Farmers Welfare, Animal Husbandry, Fisheries and Dairy Development, Food Processing Minister | ਖੇਤੀਬਾੜੀ ਅਤੇ ਕਿਸਾਨ ਭਲਾਈ, ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ, ਫੂਡ ਪ੍ਰਾਸੈਸਿੰਗ ਮੰਤਰੀ |
| 12. | **ਡਾਕਟਰ ਰਵਜੋਤ ਸਿੰਘ**<br>Dr. Ravjot Singh | Parliamentary Affairs, NRIs Affairs Minister | ਸੰਸਦੀ ਮਾਮਲੇ ਮੰਤਰੀ, ਪ੍ਰਵਾਸੀ ਭਾਰਤੀ ਮਾਮਲੇ ਮੰਤਰੀ |
| **13.** | **ਸ੍ਰੀ ਬਰਿੰਦਰ ਕੁਮਾਰ ਗੋਇਲ**<br>**Shri Barinder Kumar Goyal** | Mines & Geology, Water Resources, Conservation of Land & Water Minister | ਖਣਨ ਤੇ ਭੂ ਵਿਗਿਆਨ, ਜਲ ਸਰੋਤ, ਭੂਮੀ ਤੇ ਜਲ ਸੰਭਾਲ ਮੰਤਰੀ |
| **14.** | **ਸਰਦਾਰ ਹਰਦੀਪ ਸਿੰਘ ਮੁੰਡੀਆਂ**<br>**Sardar Hardeep Singh Mundian** | Revenue, Rehabilitation and Disaster Management, Water Supply & Sanitation, Housing and Urban Development Minister | ਮਾਲ, ਮੁੜ ਵਸੇਬਾ ਅਤੇ ਕੁਦਰਤੀ ਆਫਤਾਂ ਪ੍ਰਬੰਧਨ, ਜਲ ਸਪਲਾਈ ਤੇ ਸੈਨੀਟੇਸ਼ਨ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ |
| **15.** | **ਸਰਦਾਰ ਤਰੁਨਪ੍ਰੀਤ ਸਿੰਘ ਸੌਂਦ**<br>**Sardar Tarunpreet Singh Sond** | Tourism & Cultural Affairs, Labour & Hospitality, Rural Development & Panchayats Minister | ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ, ਕਿਰਤ, ਪ੍ਰਾਹੁਣਾਚਾਰੀ, ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ |
| **16** | **ਸ੍ਰੀ ਮੋਹਿੰਦਰ ਭਗਤ**<br>**Shri Mohinder Bhagat** | Defence Services Welfare, Freedom Fighters, Horticulture Minister | ਰੱਖਿਆ ਸੇਵਾਵਾਂ ਭਲਾਈ, ਸੁਤੰਤਰਤਾ ਸੈਨਾਨੀ, ਬਾਗਬਾਨੀ ਮੰਤਰੀ |

# CONTENTS


| Sr. No. | SUBJECT | Page No. |
|---|---|---|
| 1. | Starred Questions and Answers | 1 |
| 2. | Statement by the Hon'ble Minister of Health and Family Welfare in order to launch the educational campaign and testing drive for inspection of milk products | 23 |
| 3. | Starred Questions and Answers *(Resumption)* | 23 |
| 4. | Unstarred Questions and Answers | 41 |
| 5. | Felicitating all Women on Women's Day by the Hon'ble Speaker | 57 |
| 6. | Presentation of Budget Estimates for the year 2026-27 | 58 |
| 7. | Welcome announcement by the Hon'ble Speaker | 67 |
| 8. | Presentation of Budget Estimates for the year 2026-27 *(Resumption)* | 67 |
| 9. | Welcome announcement by the Hon'ble Speaker | 70 |
| 10. | Presentation of Budget Estimates for the year 2026-27 *(Resumption)* | 70 |
| 11. | Announcement by the Hon'ble Speaker regarding panel of Chairmen | 76 |
| 12. | Thanks by the Hon'ble Speaker | 76 |
| 13. | Presentation of Budget Estimates for the year 2026-27 *(Resumption)* | 77 |
| 14. | Welcome announcement by the Hon'ble Speaker | 92 |
| 15. | Presentation of Budget Estimates for the year 2026-27 *(Resumption)* | 92 |
| 16. | Annexure | 105 |
| 17. | Appendix<br>Bulletins (Punjabi & English) | 106 |

# PUNJAB VIDHAN SABHA

## Sunday, the 8th March, 2026

*The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 10.00 A.M. Mr. Speaker (Sardar Kultar Singh Sandhwan) in the Chair.*

---

## STARRED QUESTIONS AND ANSWERS

**ਮਾਣਯੋਗ ਸਪੀਕਰ** : ਪ੍ਰਸ਼ਨ ਕਾਲ।

### ਦਸੂਹਾ ਤੋਂ ਇਤਿਹਾਸਕ ਸਥਾਨਾਂ ਲਈ ਸਰਕਾਰੀ ਬੱਸ ਸਰਵਿਸ ਸ਼ੁਰੂ ਕਰਨਾ

***1662. ਸਰਦਾਰ ਕਰਮਬੀਰ ਸਿੰਘ** : ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਦਸੂਹਾ ਤੋਂ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਮਾਤਾ ਚਿੰਤਪੁਰਨੀ ਦਰਬਾਰ ਲਈ ਸਰਕਾਰੀ ਬੱਸ ਸਰਵਿਸ ਸ਼ੁਰੂ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਹ ਕਦੋਂ ਤੱਕ ਸ਼ੁਰੂ ਹੋ ਜਾਵੇਗੀ ?

**ਸਰਦਾਰ ਲਾਲਜੀਤ ਸਿੰਘ ਭੁੱਲਰ** : ਦਸੂਹਾ ਤੋਂ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਮਾਤਾ ਚਿੰਤਪੁਰਨੀ ਦਰਬਾਰ ਲਈ ਸਰਕਾਰੀ ਬੱਸ ਸਰਵਿਸ ਚਲਾਉਣ ਦੀ ਕੋਈ ਵੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ, ਪਰੰਤੂ ਫਿਰ ਵੀ ਜੇਕਰ ਦਸੂਹਾ ਤੋਂ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਮਾਤਾ ਚਿੰਤਪੁਰਨੀ ਦਰਬਾਰ ਲਈ ਸਰਕਾਰੀ ਬੱਸ ਸਰਵਿਸ ਚਲਾਉਣ ਲਈ ਇਲਾਕਾ ਨਿਵਾਸੀਆਂ ਵੱਲੋਂ ਕੋਈ ਮੰਗ ਪ੍ਰਾਪਤ ਹੁੰਦੀ ਹੈ ਤਾਂ ਇਨ੍ਹਾਂ ਰੂਟਾਂ ਦੀ ਵਾਇਆਬਿਲਟੀ ਦਾ ਮੁਲਾਂਕਣ ਕਰਦੇ ਹੋਏ ਅਗਲੇਰੀ ਕਾਰਵਾਈ ਕੀਤੀ ਜਾਵੇਗੀ ।

ਮਾਣਯੋਗ ਸਪੀਕਰ ਸਾਹਿਬ, ਮਾਣਯੋਗ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਜਿਹੜੀਆਂ ਨਵੀਆਂ ਬੱਸਾਂ ਪਾਉਣੀਆਂ ਹਨ, ਉਨ੍ਹਾਂ ਬੱਸਾਂ ਦਾ ਫਲੀਟ ਪਾਸ ਕਰ ਦਿੱਤਾ ਗਿਆ ਹੈ, ਜਦੋਂ ਵੀ ਨਵੀਆਂ ਬੱਸਾਂ ਆ ਜਾਂਦੀਆਂ ਹਨ ਤਾਂ ਇਨ੍ਹਾਂ ਦੋਵਾਂ ਸਥਾਨਾਂ ਲਈ ਬੱਸਾਂ ਪਹਿਲੇ ਫਲੀਟ ਵਿੱਚ ਚਲਾ ਦਿੱਤੀਆਂ ਜਾਣਗੀਆਂ।

**ਸਰਦਾਰ ਕਰਮਬੀਰ ਸਿੰਘ**: ਮਾਣਯੋਗ ਸਪੀਕਰ ਸਾਹਿਬ, ਮੰਤਰੀ ਸਾਹਿਬ ਦਾ ਬਹੁਤ ਬਹੁਤ ਧੰਨਵਾਦ। ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਮਾਤਾ ਚਿੰਤਪੁਰਨੀ ਦਰਬਾਰ ਦੋਨੋਂ ਹੀ ਪਵਿੱਤਰ ਸਥਾਨ ਹਨ। ਇਸ ਬਾਰੇ ਮੰਤਰੀ ਸਾਹਿਬ ਨੇ ਸਰਕਾਰੀ ਬੱਸ ਚਲਾਉਣ ਦਾ ਭਰੋਸਾ ਦਿੱਤਾ ਹੈ, ਇਸ ਲਈ ਮੈਂ ਸਮੁੱਚੇ ਦਸੂਹਾ ਹਲਕੇ ਵੱਲੋਂ ਮਾਣਯੋਗ ਮੰਤਰੀ ਸਾਹਿਬ ਅਤੇ ਮਾਣਯੋਗ ਮੁੱਖ ਮੰਤਰੀ ਸਾਹਿਬ ਜੀ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦਾ ਹਾਂ।

**ਮਾਣਯੋਗ ਸਪੀਕਰ**: ਧੰਨਵਾਦ ਜੀ। ਮੰਤਰੀ ਜੀ, ਬੱਸਾਂ ਤੋਂ ਮੈਨੂੰ ਯਾਦ ਆਇਆ ਹੈ ਕਿ ਜਿਹੜੀਆਂ ਆਪਣੀਆਂ ਸ੍ਰੀ ਦਰਬਾਰ ਸਾਹਿਬ ਯਾਤਰਾ ਲਈ ਬੱਸਾਂ ਚੱਲਦੀਆਂ ਹਨ, ਉਨ੍ਹਾਂ ਦੀ ਪਾਰਕਿੰਗ ਹੈਰੀਟੇਜ ਸਟਰੀਟ ਤੇ ਹੁੰਦੀ ਹੈ। ਜੇਕਰ

ਉਹ ਪਾਰਕਿੰਗ ਕਿਸੇ ਹੋਰ ਥਾਂ ਕਰਵਾ ਲਈ ਜਾਵੇ ਤਾਂ ਠੀਕ ਰਹੇਗਾ। ਮੰਤਰੀ ਜੀ, ਜ਼ਰਾ, ਇਸ ਗੱਲ ਵੱਲ ਧਿਆਨ ਦਿਉ ਜੀ।

**ਮੰਤਰੀ** : ਠੀਕ ਹੈ ਜੀ।

---

**ਡੇਰਾਬੱਸੀ ਦੇ ਨਜ਼ਦੀਕ ਸਮਗੌਲੀ ਵਿਖੇ ਸਾਲਿਡ ਵੇਸਟ ਪ੍ਰੋਸੈਸਿੰਗ ਪਲਾਂਟ ਦੀ ਮੌਜੂਦਾ ਸਥਿੱਤੀ**

***1668. ਸਰਦਾਰ ਕੁਲਵੰਤ ਸਿੰਘ:** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਐਸ.ਏ.ਐਸ. ਨਗਰ ਅਤੇ ਇਸ ਦੇ ਆਸ-ਪਾਸ ਪੈਂਦੀਆਂ ਸ਼ਹਿਰੀ ਸਥਾਨਕ ਸੰਸਥਾਵਾਂ ਵਿਖੇ ਸਾਲਿਡ ਵੇਸਟ ਮੈਨੇਜਮੈਂਟ ਦੀ ਸਮੱਸਿਆ ਦੇ ਸਥਾਈ ਹੱਲ ਲਈ ਲਗਭਗ 10 ਸਾਲ ਤੋਂ ਪਿੰਡ ਸਮਗੌਲੀ ਵਿਖੇ ਸਾਲਿਡ ਵੇਸਟ ਪ੍ਰੋਸੈਸਿੰਗ ਪਲਾਂਟ ਲਗਾਉਣ ਦੀ ਕਾਰਵਾਈ ਸ਼ੁਰੂ ਕੀਤੀ ਗਈ ਸੀ; ਜੇਕਰ ਅਜਿਹਾ ਹੋਵੇ ਤਾਂ ਇਸ ਪਲਾਂਟ ਦੀ ਮੌਜੂਦਾ ਸਥਿਤੀ ਕੀ ਹੈ ਅਤੇ ਇਹ ਪਲਾਂਟ ਕਦੋਂ ਤੱਕ ਕੰਮ ਕਰਨਾ ਸ਼ੁਰੂ ਕਰ ਦੇਵੇਗਾ; ਵੇਰਵੇ ਸਹਿਤ ਦੱਸਿਆ ਜਾਵੇ?

**ਸ੍ਰੀ ਸੰਜੀਵ ਅਰੋੜਾ**: ਹਾਂ ਜੀ, ਸਾਲ 2017 ਵਿੱਚ ਪਿੰਡ ਸਮਗੌਲੀ (ਡੇਰਾਬੱਸੀ) ਵਿਖੇ ਨਗਰ ਨਿਗਮ, ਮੋਹਾਲੀ ਅਤੇ ਨੇੜਲੇ ਹੋਰ 17 ਸ਼ਹਿਰੀ ਸਥਾਨਕ ਸੰਸਥਾਵਾਂ ਵਿੱਚ ਪੈਦਾ ਹੋਣ ਵਾਲੇ ਠੋਸ ਕੂੜਾ ਕਰਕਟ ਦੀ ਪ੍ਰੋਸੈਸਿੰਗ ਲਈ ਠੋਸ ਕੂੜਾ ਕਰਕਟ ਪ੍ਰਬੰਧਨ ਪਲਾਂਟ ਸਥਾਪਤ ਕਰਨ ਲਈ 50 ਏਕੜ ਜ਼ਮੀਨ ਪ੍ਰਾਪਤ ਕੀਤੀ ਗਈ ਸੀ। 50 ਏਕੜ ਜ਼ਮੀਨ ਵਿੱਚੋਂ 39 ਏਕੜ ਜ਼ਮੀਨ ਦਾ ਕਬਜ਼ਾ ਪਹਿਲਾਂ ਹੀ ਸਾਲ 2020 ਵਿੱਚ ਇਸ ਉਦੇਸ਼ ਲਈ ਨਗਰ ਨਿਗਮ, ਐਸ.ਏ.ਐਸ. ਨਗਰ (ਮੋਹਾਲੀ) ਨੂੰ ਸੌਂਪ ਦਿੱਤਾ ਗਿਆ ਹੈ।

ਨਗਰ ਨਿਗਮ, ਐਸ.ਏ.ਐਸ. ਨਗਰ (ਮੋਹਾਲੀ) ਨੇ 9 ਯੂ.ਐਲ.ਬੀ., ਜਿਨ੍ਹਾਂ ਵਿੱਚ ਐਮ.ਸੀ. ਮੋਹਾਲੀ, ਐਮ.ਸੀ. ਜ਼ੀਰਕਪੁਰ, ਖਰੜ, ਨਵਾਂ ਗਾਓਂ, ਡੇਰਾਬੱਸੀ, ਕੁਰਾਲੀ, ਬਨੂੜ, ਲਾਲੜੂ ਅਤੇ ਐਨ.ਪੀ. ਘੜੂੰਆਂ ਸ਼ਾਮਲ ਹਨ, ਇਨ੍ਹਾਂ ਵਿੱਚ ਰੋਜ਼ਾਨਾ ਪੈਦਾ ਹੋਣ ਵਾਲੇ ਲਗਭਗ 500 ਮੀਟ੍ਰਿਕ ਟਨ ਠੋਸ ਕੂੜਾ ਕਰਕਟ ਨੂੰ ਪੂਰਾ ਕਰਨ ਲਈ ਇਸ ਸਥਾਨ ਤੇ ਇੱਕ ਵੇਸਟ-ਟੂ-ਐਨਰਜੀ ਪਲਾਂਟ ਸਥਾਪਤ ਕਰਨ ਲਈ ਇੱਕ ਪ੍ਰੋਜੈਕਟ ਪ੍ਰਸਤਾਵ ਤਿਆਰ ਕੀਤਾ ਹੈ। ਇਹ ਪ੍ਰਸਤਾਵ ਰਾਜ ਸਰਕਾਰ ਦੇ ਪੱਧਰ ਤੇ ਵਿਚਾਰ ਅਧੀਨ ਹੈ ਅਤੇ ਇਸ ਨੂੰ ਅੰਤਿਮ ਰੂਪ ਦਿੱਤਾ ਜਾ ਰਿਹਾ ਹੈ।

**ਸਰਦਾਰ ਕੁਲਵੰਤ ਸਿੰਘ**: ਧੰਨਵਾਦ ਮੰਤਰੀ ਸਾਹਿਬ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਸਮਗੌਲੀ ਪਿੰਡ ਵਿੱਚ 50 ਏਕੜ ਜ਼ਮੀਨ ਐਕੁਆਇਰ ਕੀਤੀ ਗਈ, ਸੀ ਜਿਸ ਦਾ ਨੋਟੀਫਿਕੇਸ਼ਨ ਵੀ ਸਾਲ 2016 ਵਿੱਚ ਹੋ ਗਿਆ ਸੀ, ਸਾਲ 2017 ਵਿੱਚ ਇਸ ਜ਼ਮੀਨ ਦਾ ਅਵਾਰਡ ਦੇ ਕੇ, 33 ਕਰੋੜ 61 ਲੱਖ ਰੁਪਏ ਦੀ ਅਦਾਇਗੀ ਕਰਕੇ ਡੰਪਿੰਗ ਗਰਾਊਂਡ ਵਾਸਤੇ 50 ਏਕੜ ਵਿੱਚੋਂ 39 ਏਕੜ ਜ਼ਮੀਨ ਦਾ ਕਬਜ਼ਾ ਲੈ ਲਿਆ ਗਿਆ ਸੀ। ਇਸ ਡੰਪਿੰਗ ਗਰਾਊਂਡ ਵਿੱਚ ਮੋਹਾਲੀ ਤੋਂ ਇਲਾਵਾ ਡੇਰਾਬੱਸੀ, ਲਾਲੜੂ, ਜੀਰਕਪੁਰ, ਖਰੜ ਅਤੇ ਕੁਰਾਲੀ even ਮੋਰਿੰਡਾ ਤੱਕ ਦਾ ਸਾਰਾ ਗਾਰਬੇਜ ਡੰਪ ਹੋਣਾ ਸੀ। ਇਸ ਲਈ ਪਲਾਂਟ ਲਗਾਇਆ ਜਾਣਾ ਸੀ ਲੇਕਿਨ ਜਿਹੜਾ ਮੰਤਰੀ ਜੀ ਵੱਲੋਂ ਜਵਾਬ ਦਿੱਤਾ ਗਿਆ ਹੈ, ਉਸ ਵਿੱਚ ਇਸ ਕਿਸਮ ਦਾ ਕੋਈ ਜ਼ਿਕਰ ਨਹੀਂ ਹੈ ਕਿ ਇਹ ਪਲਾਂਟ ਲੱਗਣਾ ਹੈ, ਕਦੋਂ ਲੱਗਣਾ ਹੈ, ਇਹ ਸ਼ੁਰੂ ਕੀਤਾ ਵੀ ਗਿਆ ਹੈ ਜਾਂ ਨਹੀਂ ਕੀਤਾ ਗਿਆ ਹੈ, ਕਰਨਾ ਵੀ ਹੈ ਕਿ

ਨਹੀਂ ਕਰਨਾ ਹੈ। ਸਪੀਕਰ ਸਾਹਿਬ, ਮੋਹਾਲੀ ਸ਼ਹਿਰ ਵਿੱਚ ਬੜਾ ਵੱਡਾ ਸਮਿਟ ਵੀ ਹੋ ਰਿਹਾ ਹੈ। ਸਾਡੇ ਸ਼ਹਿਰ ਮੋਹਾਲੀ ਨੂੰ ਅੰਤਰਰਾਸ਼ਟਰੀ ਪੱਧਰ ਤੇ ਲੈ ਕੇ ਜਾਣਾ ਹੈ ਲੇਕਿਨ ਕੂੜੇ ਦਾ ਕਿਸੇ ਕਿਸਮ ਦਾ ਕੋਈ ਪ੍ਰਬੰਧਨ ਨਹੀਂ ਹੋ ਰਿਹਾ ਹੈ। ਇੱਕੋ ਇੱਕ ਸ਼ਹਿਰ ਮੋਹਾਲੀ ਦਾ ਏਰੀਆ ਹੀ ਹੈ, ਜਿੱਥੇ ਡੰਪਿੰਗ ਗਰਾਊਂਡ ਹੈ ਹੀ ਨਹੀਂ। ਬਾਕੀ ਛੋਟੇ ਛੋਟੇ ਸ਼ਹਿਰਾਂ ਵਿੱਚ ਡੰਪਿੰਗ ਗਰਾਊਂਡ ਹੋਣਗੇ। ਹਾਲਾਂਕਿ ਇਸ ਲਈ 10 ਸਾਲ ਪਹਿਲਾਂ ਜਗ੍ਹਾ ਵੀ ਲਈ ਗਈ ਹੈ, 33 ਕਰੋੜ ਰੁਪਏ ਵੀ ਦਿੱਤੇ ਹਨ ਲੇਕਿਨ ਇਸ ਤੇ ਕੀ ਕਾਰਵਾਈ ਹੋਈ ਹੈ, ਇਸ ਬਾਰੇ ਕੋਈ ਜਵਾਬ ਨਹੀਂ ਦਿੱਤਾ ਗਿਆ ਹੈ। ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਇਹ ਜ਼ਰੂਰ ਦੱਸਿਆ ਜਾਵੇ ਕਿ ਇਸ ਦਾ ਪ੍ਰਬੰਧ ਕਦੋਂ ਹੋ ਜਾਵੇਗਾ ਤਾਂ ਕਿ ਜਿਹੜਾ ਅਸੀਂ ਮੋਹਾਲੀ ਨੂੰ ਅੰਤਰਰਾਸ਼ਟਰੀ ਪੱਧਰ ਦਾ ਸ਼ਹਿਰ ਬਣਾਉਣ ਦਾ ਸੁਪਨਾ ਲਿਆ ਹੈ, ਉਹ ਪੂਰਾ ਹੋ ਸਕੇ।

**ਮੰਤਰੀ** : ਸਪੀਕਰ ਸਾਹਿਬ, ਮੈਂ ਆਪਣੇ ਭਰਾ ਐਮ.ਐਲ.ਏ. ਸਰਦਾਰ ਕੁਲਵੰਤ ਸਿੰਘ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਮੋਹਾਲੀ ਨੂੰ ਅੰਤਰਰਾਸ਼ਟਰੀ ਪੱਧਰ ਦਾ ਸ਼ਹਿਰ ਬਣਾਉਣ ਦਾ ਸੁਪਨਾ ਹੈ, ਇਹ ਪੱਕਾ ਪੂਰਾ ਹੋਵੇਗਾ। ਦੂਜੀ ਗੱਲ ਇਹ ਹੈ ਕਿ 50 ਏਕੜ ਜ਼ਮੀਨ ਜ਼ਰੂਰ ਅਲਾਟ ਹੋਈ ਸੀ, ਉਸ ਵਿੱਚੋਂ ਸਾਨੂੰ 39 ਏਕੜ ਦਾ ਕਬਜ਼ਾ ਮਿਲਿਆ ਸੀ। 11 ਏਕੜ ਦਾ ਕੋਰਟ ਵਿੱਚ ਕੇਸ ਚੱਲ ਰਿਹਾ ਹੈ, ਜਿਸ ਲਈ ਅਸੀਂ ਲੋਅਰ ਕੋਰਟ ਵਿੱਚ ਫਾਈਟ ਕਰ ਰਹੇ ਹਾਂ। ਇਹ ਡੰਪਿੰਗ ਗਰਾਊਂਡ 39 ਏਕੜ ਵਿੱਚ ਵੀ ਬਣ ਸਕਦਾ ਹੈ। ਇਹ ਪਹਿਲਾਂ GAIL ਅਤੇ HPCL ਨੂੰ ਕੰਮ ਦਿੱਤਾ ਗਿਆ ਸੀ, ਜੋ ਕਿਸੇ ਵਜ੍ਹਾ ਕਾਰਨ ਰਹਿ ਗਿਆ ਹੈ। ਹੁਣ ਇਸ ਲਈ ਅਸੀਂ ਦੁਬਾਰਾ ਪਰਪੋਜ਼ਲ ਇਸ ਹਿਸਾਬ ਨਾਲ ਬਣਾ ਰਹੇ ਹਾਂ ਕਿ ਇਹ ਪ੍ਰਾਜੈਕਟ ਇੱਕੋ ਬੰਦੇ ਨੂੰ ਦੇ ਦੇਈਏ ਜਿਹੜਾ ਕਿ ਉਹ ਕੂੜਾ ਕੁਲੈਕਟ ਵੀ ਕਰੇ ਅਤੇ ਪ੍ਰਾਸੈਸ ਵੀ ਕਰੇ ਅਤੇ ਉਸ ਤੋਂ ਬਾਅਦ ਪਾਵਰ ਜੈਨਰੇਟ ਕਰੇ। ਇਸ ਵਾਸਤੇ ਜਗ੍ਹਾ ਐਕੁਆਇਰ ਕੀਤੀ ਗਈ ਸੀ। ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਕੰਮ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਜਾਵੇ ਕਿ ਕੂੜੇ ਦੀ ਕੁਲੈਕਸ਼ਨ ਦਾ ਕੰਮ ਇੱਕ ਬੰਦਾ ਕਰੇ, ਉਸ ਤੋਂ ਬਾਅਦ ਪਾਵਰ ਬਣਾਉਣ ਦਾ ਕੰਮ ਕਿਸੇ ਹੋਰ ਨੂੰ ਦੇਈਏ। ਪਿੱਛੇ ਜਿਹੇ ਮੈਂ ਮਹਿਕਮੇ ਨਾਲ ਮਿਲਿਆ ਸੀ। ਮੈਂ ਇਸ ਨੂੰ ਸੀਰੀਅਸਲੀ ਲੈ ਕੇ ਯਕੀਨ ਦਿਵਾਉਂਦਾ ਹਾਂ ਕਿ ਮੈਂ ਜਲਦੀ ਤੋਂ ਜਲਦੀ ਇਸ ਸਬੰਧੀ ਕੋਈ ਨਾ ਕੋਈ ਫੈਸਲਾ ਲੈ ਕੇ ਐਮ.ਐਲ.ਏ. ਸਾਹਿਬ ਨੂੰ ਦੱਸਾਂਗਾ।

**ਸਰਦਾਰ ਕੁਲਵੰਤ ਸਿੰਘ** : ਸਪੀਕਰ ਸਾਹਿਬ, ਮੈਂ ਇੱਕ ਬੇਨਤੀ ਕਰਨੀ ਹੈ ਕਿ ਅਰੋੜਾ ਸਾਹਿਬ, ਤੁਸੀਂ ਸਦਨ ਨੂੰ ਇਹ ਯਕੀਨ ਦਿਵਾ ਦਿਉ ਕਿ ਇਹ ਕੰਮ ਕਦੋਂ ਤੱਕ ਸ਼ੁਰੂ ਹੋ ਜਾਵੇਗਾ ਕਿਉਂਕਿ ਪਹਿਲਾਂ ਹੀ 7-8 ਸਾਲ ਲੰਘ ਗਏ ਹਨ ਅਤੇ ਕੂੜਾ ਸੁੱਟਣ ਵਾਸਤੇ ਮੁਹਾਲੀ ਵਿੱਚ ਅਤੇ ਨਾਲ ਦੇ ਸ਼ਹਿਰ ਵਿੱਚ ਕੋਈ ਵੀ ਜਗ੍ਹਾ ਨਹੀਂ ਹੈ। ਮੈਂ ਵਿਧਾਨ ਸਭਾ ਵਿੱਚ ਖੜ੍ਹਾ ਹੋ ਕੇ ਸੱਚ ਬੋਲ ਰਿਹਾ ਹਾਂ ਕਿ ਸਾਨੂੰ ਕੂੜਾ ਸੁੱਟਣ ਵਾਸਤੇ ਬਹੁਤ ਮੁਸ਼ਕਿਲ ਹੋ ਰਹੀ ਹੈ। ਇਸ ਵਾਸਤੇ ਯਕੀਨ ਦਿਵਾ ਦਿੱਤਾ ਜਾਵੇ ਕਿ ਇਹ ਕੰਮ ਕਦੋਂ ਸ਼ੁਰੂ ਹੋ ਜਾਵੇਗਾ, ਕੰਮ ਖਤਮ ਹੋਣ ਦੀ ਤਾਂ ਬਾਅਦ ਦੀ ਗੱਲ ਹੈ, ਜੇ ਕੰਮ ਸ਼ੁਰੂ ਹੋਵੇਗਾ ਤਾਂ ਹੀ ਖਤਮ ਹੋਵੇਗਾ। ਇਸ ਲਈ ਮੇਰੀ ਇਹ ਬੇਨਤੀ ਹੈ ਕਿ ਮੈਨੂੰ ਇਹ ਯਕੀਨ ਦਿਵਾ ਦਿਉ ਕਿ ਇਹ ਕੰਮ ਕਦੋਂ ਸ਼ੁਰੂ ਹੋ ਜਾਵੇਗਾ?

**ਮੰਤਰੀ** : ਮੈਂ ਐਮ.ਐਲ.ਏ. ਸਾਹਿਬ ਤੁਹਾਨੂੰ ਯਕੀਨ ਦਿਵਾਉਂਦਾ ਹਾਂ, ਸਿਰਫ ਸਦਨ ਨੂੰ ਹੀ ਨਹੀਂ ਸਗੋਂ ਸਾਰੇ ਮੁਹਾਲੀ ਵਾਸੀਆਂ ਨੂੰ ਯਕੀਨ ਦਿਵਾਉਂਦਾ ਹਾਂ ਕਿ ਇਹ ਕੰਮ ਜਲਦੀ ਤੋਂ ਜਲਦੀ ਚਾਲੂ ਕਰਾਂਗੇ ਅਤੇ ਮੈਂ ਤੁਹਾਨੂੰ ਇਸ ਸਬੰਧੀ ਰੈਗੂਲਰਲੀ ਅੱਪਡੇਟ ਦਿੰਦਾ ਰਹਾਂਗਾ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਕੁਲਜੀਤ ਸਿੰਘ ਰੰਧਾਵਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ।)

**ਮਾਣਯੋਗ ਸਪੀਕਰ**: ਹਾਂ ਜੀ, ਰੰਧਾਵਾ ਸਾਹਿਬ। ਰੰਧਾਵਾ ਸਾਹਿਬ, ਤੁਸੀਂ ਤਾਂ ਪਹਿਲਾਂ ਹੀ ਖੜ੍ਹੇ ਹੋ ਗਏ। ਤੁਸੀਂ ਬੋਲੋ ਜੀ।

**ਸਰਦਾਰ ਕੁਲਜੀਤ ਸਿੰਘ ਰੰਧਾਵਾ** : ਮੈਂ ਜੀ, ਇਵੇਂ ਹੀ ਖੜ੍ਹਾ ਹੋ ਗਿਆ। ਮਾਣਯੋਗ ਸਪੀਕਰ ਸਾਹਿਬ, ਮੇਰੀ ਤੁਹਾਡੇ ਜ਼ਰੀਏ ਮੰਤਰੀ ਜੀ ਨੂੰ ਬੇਨਤੀ ਹੈ ਕਿ ਡੇਰਾਬੱਸੀ ਸ਼ਹਿਰ ਪੰਜਾਬ ਵਿੱਚ ਸਭ ਤੋਂ ਪੱਛੜਿਆ ਸ਼ਹਿਰ ਹੈ। ਸਪੀਕਰ ਸਾਹਿਬ, ਪਹਿਲਾਂ ਤਾਂ ਉੱਥੇ ਮੀਟ ਪਲਾਂਟ ਬਹੁਤ ਲੱਗ ਗਏ, ਪ੍ਰਦੂਸ਼ਣ ਹੋ ਗਿਆ, ਪਾਣੀ ਖਰਾਬ ਹੋ ਗਿਆ ਤੇ ਹੁਣ ਕਈ ਸ਼ਹਿਰਾਂ ਦੇ ਗੰਦ ਲਈ ਡੇਰਾਬੱਸੀ ਦੇ ਸਮਗੌਲੀ ਪਿੰਡ ਵਿੱਚ ਪ੍ਰੋਸੈਸਿੰਗ ਪਲਾਂਟ ਲਗਾਉਣ ਦੀ ਜਿਹੜੀ ਗੱਲ ਕੀਤੀ ਹੈ, ਉਸ ਸਬੰਧੀ ਮੈਂ ਤੁਹਾਡੇ ਜ਼ਰੀਏ ਮੰਤਰੀ ਜੀ ਨੂੰ ਅਤੇ ਮੁੱਖ ਮੰਤਰੀ ਸਾਹਿਬ ਨੂੰ ਅਪੀਲ ਕਰਾਂਗਾ ਕਿ ਡੰਪਿੰਗ ਗਰਾਊਂਡ ਇਕੱਲੇ ਹਲਕੇ ਤੱਕ ਹੀ ਸੀਮਿਤ ਕੀਤੇ ਜਾਣ। ਮੇਰਾ ਕੀ ਕਸੂਰ ਹੈ? ਮੇਰੇ ਤਾਂ ਘੱਟੋ-ਘੱਟ 15-20 ਪਿੰਡ ਖਰਾਬ ਹੋ ਜਾਣਗੇ।

**ਮਾਣਯੋਗ ਸਪੀਕਰ**: ਠੀਕ ਹੈ, ਧੰਨਵਾਦ ਜੀ।

---

**ਹਲਕਾ ਸੰਗਰੂਰ ਦੇ ਕਸਬਾ ਬਾਲਦ ਕੋਠੀ ਭਵਾਨੀਗੜ੍ਹ ਵਿੱਚ ਸੀਵਰੇਜ ਦਾ ਪ੍ਰਬੰਧ ਕਰਨਾ**

***1674. ਸ਼੍ਰੀਮਤੀ ਨਰਿੰਦਰ ਕੌਰ ਭਰਾਜ** : ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਸੰਗਰੂਰ ਦੇ ਕਸਬਾ ਪਿੰਡ ਬਾਲਦ ਕੋਠੀ ਭਵਾਨੀਗੜ੍ਹ ਵਿੱਚ ਹੁਣ ਤੱਕ ਸੀਵਰੇਜ ਦਾ ਕੋਈ ਵੀ ਪ੍ਰਬੰਧ ਨਹੀਂ ਹੈ, ਜਿਸ ਕਾਰਨ ਸਥਾਨਕ ਲੋਕਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ; ਜੇਕਰ ਅਜਿਹਾ ਹੋਵੇ ਤਾਂ ਬਾਲਦ ਕੋਠੀ ਭਵਾਨੀਗੜ੍ਹ ਕਸਬੇ (ਪਿੰਡ) ਵਿੱਚ ਸੀਵਰੇਜ ਪਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸਥਾਨਕ ਸਰਕਾਰ ਮੰਤਰੀ (ਸ਼੍ਰੀ ਸੰਜੀਵ ਅਰੋੜਾ):** ਇਹ ਠੀਕ ਹੈ ਕਿ ਬਾਲਦ ਕੋਠੀ ਭਵਾਨੀਗੜ੍ਹ ਵਿਖੇ ਸੀਵਰ ਲਾਈਨ ਮੌਜੂਦ ਨਹੀਂ ਹੈ। ਸੀਵਰ ਦੀ ਨਿਕਾਸੀ ਦੀ ਸਮੱਸਿਆ ਹੋਣ ਕਾਰਨ ਮੌਜੂਦਾ ਸਮੇਂ ਸੀਵਰ ਦਾ ਪਾਣੀ ਗਲੀਆਂ/ਸੜਕਾਂ ਜਾਂ ਡਰੇਨ ਵਿੱਚ ਜਾਂਦਾ ਹੈ। ਉਕਤ ਸਾਰੇ ਏਰੀਏ ਲਈ ਸੀਵਰ ਲਾਈਨ ਪਾਉਣ ਉਪਰੰਤ ਨੈਸ਼ਨਲ ਹਾਈਵੇਅ ਦੀ ਸਰਵਿਸ ਰੋਡ ਵਿੱਚ ਮੌਜੂਦਾ ਸੀਵਰ ਲਾਈਨ ਨਾਲ ਜੋੜਨ ਲਈ 4.90 ਕਰੋੜ ਰੁਪਏ ਲੋੜੀਂਦੇ ਹਨ, ਜਿਸ ਲਈ ਫੰਡਜ਼ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਫੰਡਜ਼ ਪ੍ਰਾਪਤ ਹੋਣ ਉਪਰੰਤ ਉਕਤ ਕੰਮ ਨੂੰ ਛੇ ਮਹੀਨੇ ਵਿੱਚ ਮੁਕੰਮਲ ਕਰ ਦਿੱਤਾ ਜਾਵੇਗਾ। ਸੀਵਰੇਜ ਦਾ ਕੰਮ ਹੋਣ ਉਪਰੰਤ ਸਰਵਿਸ ਰੋਡ ਦਾ ਕੰਮ ਨੈਸ਼ਨਲ ਹਾਈਵੇਅ ਵੱਲੋਂ ਆਪਣੇ ਪੱਧਰ ਉੱਤੇ ਕੀਤਾ ਜਾਵੇਗਾ।

ਜੋ ਐਮ.ਐਲ.ਏ. ਸਾਹਿਬਾਨ, ਸ਼੍ਰੀਮਤੀ ਨਰਿੰਦਰ ਕੌਰ ਜੀ ਨੇ ਕਿਹਾ ਹੈ ਕਿ ਭਵਾਨੀਗੜ੍ਹ ਵਿੱਚ ਇਸ ਵੇਲੇ ਸੀਵਰੇਜ ਸਿਸਟਮ ਨਹੀਂ ਹੈ, ਇਹ ਇਨ੍ਹਾਂ ਨੇ ਬਿਲਕੁਲ ਠੀਕ ਕਿਹਾ ਹੈ। ਇਸ ਦਾ ਐਸਟੀਮੇਟ 4.90 ਕਰੋੜ ਰੁਪਏ ਦਾ

ਬਣ ਚੁੱਕਿਆ ਹੈ। ਇਸ ਸਬੰਧੀ ਆਉਣ ਵਾਲੇ ਸਾਲ 2026-27 ਦੇ ਐਮ.ਡੀ.ਐਫ. ਫੰਡ ਵਿੱਚ ਪਹਿਲਾਂ ਹੀ ਪ੍ਰੋਵੀਜ਼ਨ ਰੱਖਿਆ ਹੋਇਆ ਹੈ। ਮੈਂ ਇਨ੍ਹਾਂ ਨੂੰ ਯਕੀਨ ਦਿਵਾਉਂਦਾ ਹਾਂ ਕਿ ਅਪ੍ਰੈਲ ਮਹੀਨੇ ਵਿੱਚ ਇਹ ਕੰਮ ਚਾਲੂ ਹੋ ਜਾਵੇਗਾ।

**ਮਾਣਯੋਗ ਸਪੀਕਰ** : ਬੀਬਾ ਜੀ, ਮੰਤਰੀ ਜੀ ਦਾ ਧੰਨਵਾਦ ਕਰ ਦਿਉ।

**ਸ੍ਰੀਮਤੀ ਨਰਿੰਦਰ ਕੌਰ ਭਰਾਜ** : ਸਰ, ਪਹਿਲਾਂ ਤਾਂ ਮੈਂ ਅੱਜ ਕੌਮਾਂਤਰੀ ਮਹਿਲਾ ਦਿਵਸ ਦੇ ਮੌਕੇ ਤੇ ਸਦਨ ਵਿੱਚ ਮੌਜੂਦ ਸਾਰੀਆਂ ਮਹਿਲਾਵਾਂ ਨੂੰ ਕੌਮਾਂਤਰੀ ਮਹਿਲਾ ਦਿਵਸ ਦੀ ਲੱਖ ਲੱਖ ਵਧਾਈ ਦਿੰਦੀ ਹਾਂ। (ਥੰਪਿੰਗ) ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਮੰਤਰੀ ਸਾਹਿਬ ਦਾ ਬਹੁਤ ਬਹੁਤ ਧੰਨਵਾਦ ਕਰਦੀ ਹਾਂ ਕਿ ਉਨ੍ਹਾਂ ਨੇ ਅੱਜ ਮਹਿਲਾ ਦਿਵਸ ਦੇ ਮੌਕੇ ਉੱਤੇ ਜੋ ਮੈਂ ਆਪਣੇ ਹਲਕੇ ਲਈ ਮੰਗਿਆ ਸੀ, ਉਹ ਮੈਨੂੰ ਦਿੱਤਾ ਹੈ ਕਿਉਂਕਿ ਭਵਾਨੀਗੜ੍ਹ ਦੇ ਬਾਲਦ ਕੋਠੀ ਇਲਾਕੇ ਵਿੱਚ ਸੀਵਰੇਜ ਦੀ ਵੱਡੀ ਸਮੱਸਿਆ ਸੀ। ਇਸ ਵਾਸਤੇ ਮੈਂ ਇਨ੍ਹਾਂ ਦਾ ਧੰਨਵਾਦ ਕਰਦੀ ਹਾਂ। ਮੈਂ ਇੱਕ ਵਕੀਲ ਹਾਂ। ਮੈਂ ਇੱਕ ਛੋਟੀ ਜਿਹੀ ਲਾਈਨ ਫੜੀ ਹੈ ਕਿ ਫੰਡਜ਼ ਪ੍ਰਾਪਤ ਹੋਣ ਉਪਰੰਤ ਛੇ ਮਹੀਨੇ ਵਿੱਚ ਕੰਮ ਮੁਕੰਮਲ ਕਰ ਲਿਆ ਜਾਵੇਗਾ। ਇਸ ਵਾਸਤੇ ਮੈਂ ਮੰਤਰੀ ਸਾਹਿਬ ਨੂੰ ਕਹਾਂਗੀ ਕਿ ਅੱਜ ਥੋੜ੍ਹਾ ਜਿਹਾ ਵੱਡਾ ਦਿਲ ਦਿਖਾ ਦਿਉ ਕਿ ਉਹ ਫੰਡਜ਼ ਕਦੋਂ ਤੱਕ ਪ੍ਰਾਪਤ ਹੋ ਜਾਣਗੇ, ਇਸ ਸਬੰਧੀ ਸਮਾਂ-ਸੀਮਾ ਦੱਸ ਦਿੱਤੀ ਜਾਵੇ। ਅੱਜ ਸਾਡਾ ਕੌਮਾਂਤਰੀ ਮਹਿਲਾ ਦਿਨ ਹੈ।

**ਮਾਣਯੋਗ ਸਪੀਕਰ** : ਅਰੋੜਾ ਸਾਹਿਬ, ਤੁਹਾਡੇ ਕੋਲ ਤਾਂ ਫੰਡਜ਼ ਬਹੁਤ ਹਨ।

**ਮੰਤਰੀ** : ਸਪੀਕਰ ਸਾਹਿਬ, ਮੈਂ ਆਪਣੀ ਭੈਣ ਨਰਿੰਦਰ ਕੌਰ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਕੰਮ ਅਸੀਂ ਅਪ੍ਰੈਲ ਵਿੱਚ ਪੱਕਾ ਚਾਲੂ ਕਰ ਦਿਆਂਗੇ। ਫੰਡਜ਼ ਹੋਣ ਭਾਵੇਂ ਨਾ ਹੋਣ ਪਰ ਮੈਂ ਟੈਂਡਰ ਦੀ ਪ੍ਰਕਿਰਿਆ ਚਾਲੂ ਕਰ ਦਿੰਦਾ ਹਾਂ ਕਿਉਂਕਿ ਪੈਸੇ ਅਪ੍ਰੈਲ ਵਿੱਚ ਸਾਡੇ ਕੋਲ ਆ ਜਾਣੇ ਹਨ ਅਤੇ ਇਹ ਛੇ ਮਹੀਨੇ ਵੱਧ ਤੋਂ ਵੱਧ ਲਿਖੇ ਗਏ ਹਨ। ਅਸੀਂ ਉਸ ਤੋਂ ਵੀ ਜਲਦੀ ਕੰਮ ਖਤਮ ਕਰਕੇ ਦਿਖਾਵਾਂਗੇ।

**ਮਾਣਯੋਗ ਸਪੀਕਰ**: ਥੈਂਕ ਯੂ ਜੀ। ਠੀਕ ਹੈ ਬੀਬਾ ਜੀ?

**ਸ੍ਰੀਮਤੀ ਨਰਿੰਦਰ ਕੌਰ ਭਰਾਜ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਦਾ ਧੰਨਵਾਦ ਕਰਦੀ ਹਾਂ। ਮੈਨੂੰ ਆਸ ਹੈ ਕਿ ਮੇਰੇ ਭਵਾਨੀਗੜ੍ਹ ਦੇ ਬਾਲਦ ਕੋਠੀ ਇਲਾਕੇ ਵਿੱਚ ਜਿੱਥੋਂ ਛੋਟੇ ਬੱਚੇ ਸਕੂਲ ਜਾਂਦੇ ਹਨ, ਉੱਥੇ ਆਮ ਲੋਕਾਂ ਦਾ ਜਨ-ਜੀਵਨ ਕਾਫੀ ਪ੍ਰਭਾਵਿਤ ਹੋ ਰਿਹਾ ਹੈ। ਜਿਵੇਂ ਮੰਤਰੀ ਸਾਹਿਬ ਨੇ ਕਿਹਾ ਹੈ ਕਿ ਅਪ੍ਰੈਲ ਵਿੱਚ 4.90 ਕਰੋੜ ਰੁਪਏ ਦੇ ਐਸਟੀਮੇਟ ਦਾ ਟੈਂਡਰ ਲੱਗ ਜਾਵੇਗਾ, ਮੈਂ ਉਸ ਲਈ ਇਨ੍ਹਾਂ ਦਾ ਧੰਨਵਾਦ ਕਰਦੀ ਹਾਂ। ਸਰ, ਮੈਂ ਤੁਹਾਡੇ ਜ਼ਰੀਏ ਮਾਨ ਸਰਕਾਰ ਦਾ ਧੰਨਵਾਦ ਕਰਦੀ ਹਾਂ ਕਿਉਂਕਿ ਬਹੁਤ ਸਾਰੇ ਕੰਮ ਹਨ, ਜੇ ਮੈਂ ਸੜਕਾਂ ਦੀ ਗੱਲ ਕਰ ਲਵਾਂ ਤਾਂ ਅੱਜ ਮੇਰੇ ਹਲਕੇ ਵਿੱਚ ਜਿੰਨੀਆਂ ਵੀ ਸੜਕਾਂ ਬਣ ਰਹੀਆਂ ਹਨ, ਬਹੁਤ ਸ਼ਾਨਦਾਰ ਸੜਕਾਂ ਬਣ ਰਹੀਆਂ ਹਨ, ਬਹੁਤ ਸਾਰੇ ਕੰਮ ਹਲਕੇ ਵਿੱਚ ਹੋ ਰਹੇ ਹਨ। ਬਹੁਤ ਬਹੁਤ ਧੰਨਵਾਦ ਜੀ।

**ਮਾਣਯੋਗ ਸਪੀਕਰ:** ਧੰਨਵਾਦ ਜੀ। ਮੈਂ ਸਾਰੇ ਮਾਣਯੋਗ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਪ੍ਰਸ਼ਨ ਕਾਲ ਦਾ ਸਮਾਂ ਸੀਮਤ ਹੁੰਦਾ ਹੈ ਅਤੇ ਸਾਰਿਆਂ ਦੇ ਕੁਐਸਚਨ ਲਗਾਉਣਾ ਮੇਰੀ ਇੱਛਾ ਹੈ। ਇਸ ਕਰਕੇ ਆਪਣੀ ਗੱਲ ਨੂੰ ਆਪਾਂ ਥੋੜ੍ਹਾ ਬ੍ਰੀਫ ਰੱਖਿਆ ਕਰੀਏ। (ਸ਼ੋਰ)

(ਇਸ ਸਮੇਂ ਆਪੋਜ਼ੀਸ਼ਨ ਬੈਂਚਿਜ਼ ਦੇ ਪਿਛਲੇ ਪਾਸੇ ਦੀ ਗੈਲਰੀ ਵਿੱਚੋਂ ਬਹਿਸ ਕਰਨ ਦੀਆਂ ਆਵਾਜ਼ਾਂ ਆ ਰਹੀਆਂ ਸਨ।)

**ਮਾਣਯੋਗ ਸਪੀਕਰ:** ਇਹ ਸ਼ੋਰ ਕਿਉਂ ਹੋ ਰਿਹਾ ਹੈ?

(ਇਸ ਸਮੇਂ ਮਾਣਯੋਗ ਸਪੀਕਰ ਨੇ ਵਾਚ ਐਂਡ ਵਾਰਡ ਅਫਸਰ, ਪੰਜਾਬ ਵਿਧਾਨ ਸਭਾ ਸਕੱਤਰੇਤ ਨੂੰ ਜ਼ਰੂਰੀ ਦਿਸ਼ਾ-ਨਿਰਦੇਸ਼ ਦਿੱਤੇ।)

—

## ਗੁਰਦਾਸਪੁਰ ਅਤੇ ਪਠਾਨਕੋਟ ਜ਼ਿਲ੍ਹਿਆਂ ਵਿੱਚ ਬੰਦ ਪਏ ਰੂਟ ਦੁਬਾਰਾ ਸ਼ੁਰੂ ਕਰਨਾ

***1671. ਸ਼੍ਰੀਮਤੀ ਅਰੁਨਾ ਚੌਧਰੀ:** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਗੁਰਦਾਸਪੁਰ ਅਤੇ ਪਠਾਨਕੋਟ ਜ਼ਿਲ੍ਹਿਆਂ ਵਿੱਚ ਹੇਠ ਲਿਖੇ ਰੂਟਾਂ ਤੇ ਬੱਸਾਂ ਇਸ ਸਮੇਂ ਚੱਲ ਰਹੀਆਂ ਹਨ;

1. ਮਰਾੜਾਂ ਤੋਂ ਚੰਡੀਗੜ੍ਹ ਵਾਇਆ ਹੈਬਤ ਪਿੰਡੀ ਅਤੇ ਪਠਾਨਕੋਟ;

2. ਦੀਨਾਨਗਰ ਤੋਂ ਪੁਰਾਣਾ ਸ਼ਾਲਾ ਅਤੇ ਇਸ ਦੇ ਉਲਟ ਮਿੰਨੀ ਬੱਸ ਸਰਵਿਸ;

(ਅ) ਜੇਕਰ (ੳ) ਦਾ ਉੱਤਰ ਨਾਂ ਵਿੱਚ ਹੋਵੇ ਤਾਂ ਇਸ ਦੇ ਕੀ ਕਾਰਨ ਹਨ ਅਤੇ ਕੀ ਸਰਕਾਰ ਇਨ੍ਹਾਂ ਬੱਸਾਂ ਨੂੰ ਦੁਬਾਰਾ ਸ਼ੁਰੂ ਕਰਨ ਲਈ ਵਿਚਾਰ ਕਰੇਗੀ ?

**ਸਰਦਾਰ ਲਾਲਜੀਤ ਸਿੰਘ ਭੁੱਲਰ:** (ੳ) ਗੁਰਦਾਸਪੁਰ ਅਤੇ ਪਠਾਨਕੋਟ ਜ਼ਿਲ੍ਹਿਆਂ ਵਿੱਚ ਰੂਟਾਂ ਤੇ ਬੱਸਾਂ ਦੇ ਚੱਲਣ ਸਬੰਧੀ ਹੇਠ ਦਰਸਾਏ ਅਨੁਸਾਰ ਦੱਸਿਆ ਜਾਂਦਾ ਹੈ:-

1. ਮਰਾੜਾਂ ਤੋਂ ਚੰਡੀਗੜ੍ਹ ਵਾਇਆ ਹੈਬਤ ਪਿੰਡੀ ਅਤੇ ਪਠਾਨਕੋਟ ਰੂਟ ਦਾ ਪਰਮਿੱਟ ਨਾ ਹੋਣ ਕਰਕੇ ਬੱਸ ਸਰਵਿਸ ਨਹੀਂ ਚਲਾਈ ਜਾ ਰਹੀ।

2. ਦੀਨਾਨਗਰ ਤੋਂ ਪੁਰਾਣਾ ਸ਼ਾਲਾ ਰੂਟ ਤੇ 4 ਵਾਪਸੀ ਫੇਰੇ ਪ੍ਰਾਈਵੇਟ ਆਪਰੇਟਰ ਵੱਲੋਂ ਚਲਾਏ ਜਾ ਰਹੇ ਹਨ ।

(ਅ) ਦੀਨਾਨਗਰ ਤੋਂ ਪੁਰਾਣਾ ਸ਼ਾਲਾ ਰੂਟ ਤੇ ਬੱਸ ਸਰਵਿਸ ਚੱਲ ਰਹੀ ਹੈ। ਮਰਾੜਾਂ ਤੋਂ ਚੰਡੀਗੜ੍ਹ ਵਾਇਆ ਹੈਬਤ ਪਿੰਡੀ ਅਤੇ ਪਠਾਨਕੋਟ ਰੂਟ ਤੇ ਬੱਸ ਸਰਵਿਸ ਚਲਾਉਣ ਲਈ ਇਲਾਕਾ ਨਿਵਾਸੀਆਂ ਤੋਂ ਪ੍ਰਤੀ ਬੇਨਤੀ ਪ੍ਰਾਪਤ ਨਹੀਂ ਹੋਈ ਹੈ ਪਰੰਤੂ ਜਦੋਂ ਵੀ ਉਕਤ ਰੂਟ ਤੇ ਬੱਸ ਸਰਵਿਸ ਚਲਾਉਣ ਲਈ ਇਲਾਕਾ ਨਿਵਾਸੀਆਂ ਵੱਲੋਂ ਕੋਈ ਮੰਗ ਪ੍ਰਾਪਤ ਹੁੰਦੀ ਹੈ ਤਾਂ ਇਸ ਰੂਟ ਦੀ ਵਾਇਆਬਿਲਟੀ ਦਾ ਮੁਲਾਂਕਣ ਕਰਦੇ ਹੋਏ ਅਗਲੇਰੀ ਕਾਰਵਾਈ ਕੀਤੀ ਜਾਵੇਗੀ ।

**ਸ਼੍ਰੀਮਤੀ ਅਰੁਨਾ ਚੌਧਰੀ** : ਸਾਡੇ ਪਿੰਡ ਹੈਬਤ ਪਿੰਡੀ ਤੋਂ ਅਸ਼ੋਕ ਚਕਰਾ ਪ੍ਰਾਪਤ ਸ਼ਹੀਦ, ਸ਼ਹੀਦ ਚਮਨ ਲਾਲ ਜੀ ਦੇ ਨਾਮ ਤੇ ਪਠਾਨਕੋਟ ਤੋਂ ਚੰਡੀਗੜ੍ਹ ਵਾਇਆ ਹੈਬਤ ਪਿੰਡੀ ਐਂਰ ਮਰਾੜਾਂ ਬੱਸ ਚਲਦੀ ਸੀ। ਉਹ ਰਿਟਰਨ ਸੇਮ ਰੂਟ ਤੋਂ ਸੀ। ਸੋ, ਇਸ ਦੀ ਸਿਰਫ ਐਕਸਟੈਂਸ਼ਨ ਕਰਨੀ ਹੈ, ਮੈਂ ਰੂਟ ਦੀ ਗੱਲ ਨਹੀਂ ਕਰ ਰਹੀ ਹਾਂ। ਸੈਕਿੰਡਲੀ ਜਿਹੜਾ ਮੇਰੇ ਸਵਾਲ ਦਾ ਦੂਸਰਾ ਪਾਰਟ ਹੈ, ਉਹ ਲਿਖ ਕੇ ਆਇਆ ਹੈ ਕਿ 4 ਟ੍ਰਿਪਸ ਦੀਨਾਨਗਰ ਤੋਂ ਪੁਰਾਣਾ ਸ਼ਾਲਾ by ਪ੍ਰਾਈਵੇਟ ਆਪਰੇਟਰਜ਼ ਚੱਲ ਰਹੇ ਹਨ ਲੇਕਿਨ ਉੱਥੇ ਕੋਈ ਪ੍ਰਾਈਵੇਟ ਆਪਰੇਟਰ ਨਹੀਂ ਹੈ, ਇਹ ਤੁਹਾਡੀ ਇਨਫਰਮੇਸ਼ਨ ਬਿਲਕੁਲ ਗਲਤ ਹੈ। ਇਸ ਦਾ (ਬੀ) ਪਾਰਟ ਹੈ ਕਿ ਉੱਥੇ ਮਿੰਨੀ ਬੱਸ ਚਲਦੀ ਸੀ, ਦੀਨਾਨਗਰ ਤੋਂ ਨਾਨੂ ਨੰਗਲ, ਕਲੀਚਪੁਰ ਤੋਂ ਪੁਰਾਣਾ ਸ਼ਾਲਾ, ਉਹ ਸ਼ਟਲ ਸਰਵਿਸ ਸੀ, ਇਹ ਵੀ ਬੰਦ ਹੋ ਗਈ ਹੈ ਲੇਕਿਨ ਤੁਸੀਂ ਲਿਖਿਆ ਹੈ ਕਿ ਜੇ ਲੋਕਾਂ ਦੀ ਰਿਪ੍ਰਜੈਂਟੇਸ਼ਨ ਪ੍ਰਾਪਤ ਹੋਵੇਗੀ ਫਿਰ ਕਰਾਂਗੇ। ਸਰ, ਮੈਂ ਦੋ ਲੱਖ ਲੋਕਾਂ ਨੂੰ ਰਿਪ੍ਰਜ਼ੈਂਟ ਕਰ ਰਹੀ ਹਾਂ, ਮੈਨੂੰ ਲੱਗਦਾ ਹੈ ਕਿ ਇਹ ਤੁਹਾਡੇ ਵਾਸਤੇ ਕਾਫ਼ੀ ਹੋਵੇਗਾ, ਅਗਰ ਮੈਂ ਕਹਿ ਰਹੀ ਹਾਂ ਤਾਂ ਮੈਂ ਠੀਕ ਹੀ ਕਹਿ ਰਹੀ ਹੋਵਾਂਗੀ। ਅਗਰ ਤੁਸੀਂ ਚਾਹੁੰਦੇ ਹੋ ਕਿ ਪਬਲਿਕ ਕੋਲੋਂ ਮੰਗ ਪੱਤਰ ਦਿਵਾਇਆ ਜਾਵੇ ਤਾਂ ਪਬਲਿਕ ਕੋਲੋਂ ਵੀ ਤੁਹਾਨੂੰ ਰਿਪ੍ਰਜ਼ੈਂਟੇਸ਼ਨ ਦੇ ਦਿੱਤੀ ਜਾਵੇਗੀ।

ਦੂਸਰਾ, ਜਿਹੜਾ ਪਹਿਲਾ ਸਵਾਲ ਸੀ, ਉਸ ਦੇ ਮੁਤਾਬਿਕ ਮੈਂ ਕਹਿਣਾ ਚਾਹੁੰਦੀ ਹਾਂ ਕਿ ਸ਼ਹੀਦ ਚਮਨ ਲਾਲ ਜੀ ਦੀ ਵਾਈਫ ਨੇ ਇਹ ਲੈਟਰ ਪਿਛਲੇ ਸਾਲ ਤੁਹਾਨੂੰ ਲਿਖੀ ਸੀ, ਇਹ ਲੈਟਰਜ਼ ਮੇਰੇ ਕੋਲ ਹਨ, ਜੇ ਚਾਹੋ ਤਾਂ ਤੁਹਾਨੂੰ ਲੈਟਰਜ਼ ਦੁਬਾਰਾ ਦੇ ਦਿੱਤੀਆਂ ਜਾਣਗੀਆਂ। ਜਿਹੜੀ ਪਹਿਲੀ ਵਾਲੀ ਸ਼ਹੀਦ ਦੇ ਨਾਮ ਤੇ ਬੱਸ ਚਲੀ ਹੈ, ਮੈਂ ਚਾਹੁੰਦੀ ਹਾਂ ਕਿ ਸ਼ਹੀਦਾਂ ਦਾ ਇੰਨਾ ਸਤਿਕਾਰ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਨਾਮ ਤੇ ਕੋਈ ਬੱਸ ਚੱਲੀ ਹੈ ਤਾਂ ਉਸ ਨੂੰ ਬੰਦ ਨਹੀਂ ਕੀਤਾ ਜਾਣਾ ਚਾਹੀਦਾ ਸਗੋਂ ਉਸ ਦਾ ਰੂਟ ਜ਼ਰੂਰ ਐਕਸਟੈਂਡ ਕਰ ਦੇਣਾ ਚਾਹੀਦਾ ਹੈ।

**ਮੰਤਰੀ** : ਮੈਂ ਉਹੀ ਗੱਲ ਕਰਨ ਲੱਗਾ ਹਾਂ ਕਿਉਂਕਿ ਗੱਲ ਰੂਟ ਦੀ ਕਰਾਂਗੇ। ਮੈਂ ਇਹੀ ਕਹਿਣ ਲੱਗਾ ਹਾਂ ਕਿ ਜਿਹੜਾ ਰੂਟ ਚੱਲਦਾ ਹੈ, ਉਹ ਪਿੰਡ 20 ਕਿਲੋਮੀਟਰ ਦੂਰ ਹੈ, ਉਸ ਨੂੰ ਐਕਸਟੈਂਸ਼ਨ ਦੇ ਕੇ ਆਪਾਂ ਚਲਵਾ ਦੇਵਾਂਗੇ ਪਰ ਮੈਂ ਮਾਣਯੋਗ ਮੈਂਬਰ ਸਾਹਿਬ ਨੂੰ ਇਹ ਵੀ ਬੇਨਤੀ ਕਰਾਂਗਾ ਕਿ ਇਹ ਲਗਭਗ ਸਵਾ ਸਾਲ ਪਿਛਲੀ ਸਰਕਾਰ ਵਿੱਚ ਮੰਤਰੀ ਰਹੇ ਹਨ, ਇਨ੍ਹਾਂ ਕੋਲ ਟਰਾਂਸਪੋਰਟ ਮਹਿਕਮਾ ਰਿਹਾ। ਉਦੋਂ ਇਨ੍ਹਾਂ ਨੇ ਐਕਸਟੈਂਸ਼ਨ ਨਹੀਂ ਦਿੱਤੀ, ਹੁਣ ਸਵਾਲ ਲਗਾਉਣੇ ਸੌਖੇ ਹਨ। ਸਰਕਾਰ ਵੀ ਪੰਜ ਸਾਲ ਇਨ੍ਹਾਂ ਦੀ ਰਹੀ ਹੈ ਪਰ ਅਸੀਂ ਫਿਰ ਵੀ ਚਲਾ ਦੇਵਾਂਗੇ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਇਨ੍ਹਾਂ ਦੀ ਮੰਗ ਪੂਰੀ ਕਰਾਂਗੇ ਅਤੇ ਜਿਹੜੇ ਪ੍ਰਾਈਵੇਟ ਰੂਟ ਚੱਲਦੇ ਹਨ, ਉਹ ਵੀ 4 ਚੱਕਰ ਚਲਦੇ ਹਨ, ਜੇਕਰ ਕੋਈ ਦਿੱਕਤ/ਪ੍ਰੇਸ਼ਾਨੀ ਆਉਂਦੀ ਹੈ ….. ਇਹ ਨਹੀਂ ਹੈ ਕਿ ਤੁਸੀਂ ਝੂਠ ਹੀ ਬੋਲਣਾ ਹੈ, ਤੁਸੀਂ ਸੱਚ ਹੀ ਬੋਲੋਗੇ, ਪੰਜ ਸਾਲ ਤੁਹਾਡੀ ਸਰਕਾਰ ਰਹੀ ਹੈ, ਉਦੋਂ ਤੁਹਾਡਾ ਸੱਚ ਕਿੱਥੇ ਗਿਆ ਸੀ? ਹੁਣ ਆਪਣੀ ਸਰਕਾਰ ਹੈ, ਤੁਸੀਂ ਇੱਥੇ ਸੱਚ ਬੋਲਣ ਲੱਗ ਪਏ ਹੋ। ਜਦੋਂ ਕਾਂਗਰਸ ਦੀ ਸਰਕਾਰ ਸੀ, ਉਦੋਂ ਤੁਸੀਂ ਕਿਉਂ ਨਹੀਂ ਕੀਤਾ? ਪਹਿਲਾਂ ਤੁਸੀਂ ਮਨਿਸਟਰ ਰਹੇ, ਫਿਰ ਤੁਹਾਡੇ ਤੋਂ ਬਾਅਦ ਰਜ਼ੀਆ ਸੁਲਤਾਨਾ ਜੀ ਟਰਾਂਸਪੋਰਟ ਮਨਿਸਟਰ ਰਹੇ, ਉਦੋਂ ਕਿਉਂ ਨਹੀਂ ਚਲਾਈ? ਉਦੋਂ ਤੁਸੀਂ ਉਵੇਂ ਹੀ ਚਲਾ ਲਈ, ਐਕਸਟੈਂਸ਼ਨ ਦਿੱਤੀ ਹੀ ਨਹੀਂ। ਅਸੀਂ ਫਿਰ ਵੀ ਜੋ ਸਾਡੇ ਮਾਣਯੋਗ ਮੈਂਬਰ ਸਾਹਿਬਾਨ ਕਹਿੰਦੇ ਹਨ, ਇਨ੍ਹਾਂ ਦੀ ਮੰਗ ਨੂੰ ਦੇਖਦਿਆਂ ਅਸੀਂ ਇਹ ਸਰਵਿਸ ਜ਼ਰੂਰ ਚਲਾਵਾਂਗੇ। ਕਿਉਂਕਿ ਇਹ ਸ਼ਹੀਦਾਂ ਦਾ ਪਿੰਡ ਹੈ, ਸ਼ਹੀਦ ਦੇ ਪਿੰਡ ਤੋਂ ਬਿਨਾਂ ਵੀ ਜੇ ਕੋਈ ਹੋਰ ਬੱਸ ਸਰਵਿਸ ਹੈ, ਉਹ ਵੀ ਆਪਾਂ ਜੋ ਮਾਣਯੋਗ ਮੈਂਬਰ ਸਾਹਿਬਾਨ ਨੇ ਕੁਐਸਚਨ ਲਗਾਇਆ ਹੈ, ਉਹ ਇਨ੍ਹਾਂ ਦੀ ਮੰਗ ਪੂਰੀ ਕਰਾਂਗੇ ਤੇ ਚਲਾਵਾਂਗੇ।

**ਮਾਣਯੋਗ ਸਪੀਕਰ** : ਮਿਹਰਬਾਨੀ ਜੀ। ਅਰੁਨਾ ਜੀ, ਮੈਨੂੰ ਲੱਗਦਾ ਹੈ ਕਿ ਜਵਾਬ ਆ ਗਿਆ ਹੈ।

**ਸ਼੍ਰੀਮਤੀ ਅਰੁਨਾ ਚੌਧਰੀ** : ਮੈਂ ਮੰਤਰੀ ਸਾਹਿਬ ਨੂੰ ਸਵਾਲ ਪੁੱਛਿਆ ਸੀ। ਮੈਂ ਕੋਈ ਪੁਲੀਟੀਕਲ ਭਾਸ਼ਣ ਦੇਣ ਵਾਸਤੇ ਨਹੀਂ ਕਿਹਾ ਸੀ। ਮੈਂ ਸਿਰਫ ਇਹ ਗੱਲ ਕਹਿਣਾ ਚਾਹੁੰਦੀ ਹਾਂ।

**ਮਾਣਯੋਗ ਸਪੀਕਰ** : ਤੁਸੀਂ ਚੇਅਰ ਨੂੰ ਐਡਰੈਸ ਕਰ ਲਵੋ ਜੀ।

**ਸ਼੍ਰੀਮਤੀ ਅਰੁਨਾ ਚੌਧਰੀ** : ਜਿਹੜੇ ਕੰਮ ਅਸੀਂ ਨਹੀਂ ਕੀਤੇ ਅਤੇ ਨਹੀਂ ਕਰ ਸਕੇ ਤਾਂ ਹੀ ਅਸੀਂ ਤੁਹਾਨੂੰ ਰਿਕੁਐਸਟ ਕਰ ਰਹੇ ਹਾਂ ਕਿ ਇਹ ਕੰਮ ਤੁਸੀਂ ਕਰ ਦਿਉ।

**ਮਾਣਯੋਗ ਸਪੀਕਰ**: ਠੀਕ ਹੈ ਜੀ।

**ਸ਼੍ਰੀਮਤੀ ਅਰੁਨਾ ਚੌਧਰੀ** : ਵੈਸੇ ਵੀ ਅੱਜ ਇੰਟਰਨੈਸ਼ਨਲ ਵੂਮੈੱਨ ਡੇਅ ਹੈ, ਅੱਜ ਦੇ ਦਿਨ ਤਾਂ ਗੱਲ ਮੰਨ ਲਵੋ। ਅੱਜ ਦੇ ਦਿਨ ਤਾਂ ਗੱਲ ਮੰਨ ਲੈਣੀ ਚਾਹੀਦੀ ਹੈ।

**ਮੰਤਰੀ**: ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ....

**ਮਾਣਯੋਗ ਸਪੀਕਰ**: ਠੀਕ ਹੈ ਜੀ। ਮੰਤਰੀ ਜੀ ਬੈਠੋ। ਉਨ੍ਹਾਂ ਨੇ ਮੰਨ ਲਈ ਜੀ। ਉਨ੍ਹਾਂ ਨੇ ਤੁਹਾਡੀ ਗੱਲ ਮੰਨ ਲਈ ਹੈ। ਮੈਡਮ ਤੁਹਾਡੀ ਗੱਲ ਤਾਂ ਸਾਰੇ ਹੀ ਮੰਨਦੇ ਹਨ।

---

**ਜਲਾਲਾਬਾਦ ਦੇ ਤਹਿਸੀਲ ਕੰਪਲੈਕਸ ਦੀ ਨਵੀਂ ਬਿਲਡਿੰਗ ਦੀ ਉਸਾਰੀ**

***1680. ਸ੍ਰੀ ਜਗਦੀਪ ਕੰਬੋਜ ਗੋਲਡੀ**: ਕੀ ਮਾਲ ਤੇ ਪੁਨਰਵਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਜਲਾਲਾਬਾਦ ਵਿਖੇ ਤਹਿਸੀਲ ਕੰਪਲੈਕਸ ਦੀ ਨਵੀਂ ਬਿਲਡਿੰਗ ਕਦੋਂ ਤੱਕ ਮੁਕੰਮਲ ਹੋ ਜਾਵੇਗੀ; ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਹਰਦੀਪ ਸਿੰਘ ਮੁੰਡੀਆਂ**: ਸ਼੍ਰੀਮਾਨ ਜੀ, ਡਿਪਟੀ ਕਮਿਸ਼ਨਰ, ਫਾਜ਼ਿਲਕਾ ਵੱਲੋਂ ਸਬ-ਡਵੀਜ਼ਨ ਜਲਾਲਾਬਾਦ ਵਿੱਚ ਬਣੇ ਹੋਏ ਤਹਿਸੀਲ ਇਮਾਰਤ ਵਿੱਚ ਨਵੇਂ ਬਲਾਕ ਦੀ ਉਸਾਰੀ ਲਈ ਮੁਬਲਿਗ 461.42 ਲੱਖ ਰੁਪਏ ਦੀ ਤਜਵੀਜ਼ ਪ੍ਰਾਪਤ ਹੋਈ ਹੈ। ਇਸ ਸਬੰਧੀ ਵਿੱਤੀ ਸਾਲ 2025-26 ਦੌਰਾਨ 461.42 ਲੱਖ ਰੁਪਏ ਦਾ ਬਜਟ ਉਪਬੰਧ ਕਰਵਾਉਣ ਲਈ ਤਜਵੀਜ਼ ਵਿੱਤ ਵਿਭਾਗ ਨੂੰ ਭੇਜੀ ਗਈ ਹੈ।

ਮਾਣਯੋਗ ਸਪੀਕਰ ਸਾਹਿਬ, ਮਾਣਯੋਗ ਮੈਂਬਰ ਸਾਹਿਬ ਸਾਡੇ ਛੋਟੇ ਭਰਾ ਹਨ। ਸਪੀਕਰ ਸਾਹਿਬ, ਜਿਵੇਂ ਇਨ੍ਹਾਂ ਦਾ ਪਟਵਾਰਖਾਨਾ ਬਹੁਤ ਵਧੀਆ ਬਣਾਇਆ ਗਿਆ ਹੈ, ਉਸੇ ਤਰ੍ਹਾਂ ਹੀ ਤਹਿਸੀਲ ਆਪਣੇ ਭਰਾ ਨੂੰ ਜਲਦੀ ਬਣਾ ਕੇ ਦੇਵਾਂਗੇ।

**ਮਾਣਯੋਗ ਸਪੀਕਰ** : ਹਾਂ ਜੀ, ਗੋਲਡੀ ਜੀ। ਮੰਤਰੀ ਸਾਹਿਬ ਦਾ ਧੰਨਵਾਦ ਕਰ ਦਿਉ ਜੀ।

**ਸ਼੍ਰੀ ਜਗਦੀਪ ਕੰਬੋਜ ਗੋਲਡੀ** : ਮਾਣਯੋਗ ਸਪੀਕਰ ਸਾਹਿਬ ਅਤੇ ਮੰਤਰੀ ਸਾਹਿਬ ਤੁਹਾਡਾ ਬਹੁਤ-ਬਹੁਤ ਧੰਨਵਾਦ ਜੀ। ਸਰ, ਤੀਹ ਸਾਲਾਂ ਬਾਅਦ ਨਵੀਂ ਤਹਿਸੀਲ ਬਣਨ ਜਾ ਰਹੀ ਹੈ। ਧੰਨਵਾਦ ਜੀ।

**ਮਾਣਯੋਗ ਸਪੀਕਰ** : ਤੁਸੀਂ ਬਹੁਤ ਤਕੜੇ ਹੋ ਅਤੇ ਤਕੜੇ ਹੋ ਕੇ ਕੰਮ ਕਰਵਾ ਰਹੇ ਹੋ।

———

## ਸ਼ਹੀਦ ਸੂਬੇਦਾਰ ਮੇਵਾ ਸਿੰਘ ਸੀਨੀਅਰ ਸੈਕੰਡਰੀ ਸਕੂਲ ਨੂੰ ਬੁਨਿਆਦੀ ਸਹੂਲਤਾਂ ਉਪਲਬਧ ਕਰਵਾਉਣਾ

***1687. ਡਾਕਟਰ ਚਰਨਜੀਤ ਸਿੰਘ:** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸ਼ਹੀਦ ਸੂਬੇਦਾਰ ਮੇਵਾ ਸਿੰਘ ਸੀਨੀਅਰ ਸੈਕੰਡਰੀ ਸਕੂਲ ਨੂੰ ਸਕੂਲ ਆਫ ਐਮੀਨੈਂਸ ਦਾ ਦਰਜਾ ਦਿੱਤਾ ਗਿਆ ਸੀ ਪ੍ਰੰਤੂ ਹਾਲ ਦੀ ਘੜੀ ਉੱਥੇ ਮੁੱਢਲੀਆਂ ਸਹੂਲਤਾਂ ਜਿਵੇਂ ਸਕੂਲ ਦੀ ਛੱਤ ਤੋਂ ਪਾਣੀ ਲੀਕ ਹੋਣਾ, ਬੁਨਿਆਦੀ ਢਾਂਚਾ ਬਹੁਤ ਮਾੜਾ ਹੈ, ਕੈਮਰੇ ਨਹੀਂ ਲਗਾਏ ਗਏ ਹਨ, ਇਮਾਰਤ ਪੁਰਾਣੀ ਹੋਣ ਕਰਕੇ ਬਿਜਲੀ ਦੀ ਸਪਲਾਈ ਅਤੇ ਫਿਟਿੰਗ ਦਾ ਕੰਮ ਵੀ ਠੀਕ ਨਹੀਂ ਹੈ ਅਤੇ ਸਕੂਲ ਵਿੱਚ ਖੇਡ ਲਈ ਜ਼ਮੀਨ ਤਾਂ ਹੈ ਪਰ ਗਰਾਊਂਡ ਨਹੀਂ ਬਣੇ ਹਨ; ਜੇਕਰ ਅਜਿਹਾ ਹੈ ਤਾਂ ਕੀ ਵਿਦਿਆਰਥੀਆਂ ਦੀਆਂ ਸਹੂਲਤਾਂ ਨੂੰ ਮੁੱਖ ਰੱਖਦੇ ਹੋਏ ਸਕੂਲ ਲਈ ਕੋਈ ਫੰਡ ਜਾਰੀ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਹਰਜੋਤ ਸਿੰਘ ਬੈਂਸ** : ਜੀ ਹਾਂ। ਇਸ ਸਕੂਲ ਨੂੰ ਸਕੂਲ ਆਫ ਐਮੀਨੈਂਸ ਦਾ ਦਰਜਾ ਦਿੱਤਾ ਗਿਆ ਹੈ। ਸਾਲ 2023-24 ਦੌਰਾਨ ਸਕੂਲ ਦੇ ਮੌਜੂਦਾ ਬੁਨਿਆਦੀ ਢਾਂਚੇ ਦੀ ਰਿਪੇਅਰ ਅਤੇ ਮੇਨਟੇਨੈਂਸ ਲਈ 11,67,000 ਰੁਪਏ ਦੀ ਰਾਸ਼ੀ ਅਤੇ ਸਾਲ 2022-23 ਦੌਰਾਨ ਸਕੂਲ ਵਿੱਚ ਖੇਡ ਦਾ ਮੈਦਾਨ ਤਿਆਰ ਕਰਨ ਲਈ 3,39,532 ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਸੀ। ਕਾਰਜਕਾਰੀ ਏਜੰਸੀ ਲੋਕ ਨਿਰਮਾਣ ਵਿਭਾਗ, ਪੰਜਾਬ ਵੱਲੋਂ ਸਕੂਲ ਵਿੱਚ ਲੋੜੀਂਦੇ ਬੁਨਿਆਦੀ ਢਾਂਚੇ ਲਈ ਐਸਟੀਮੇਟ ਤਿਆਰ ਕੀਤੇ ਜਾ ਰਹੇ ਹਨ। ਐਸਟੀਮੇਟ ਪ੍ਰਾਪਤ ਹੋਣ ਉਪਰੰਤ ਸਕੂਲ ਵਿੱਚ ਲੋੜੀਂਦੀ ਉਸਾਰੀ ਅਤੇ ਰਿਪੇਅਰ ਦਾ ਕੰਮ ਕਰਨ ਲਈ ਲੋੜੀਂਦੇ ਫੰਡ ਜਾਰੀ ਕਰ ਦਿੱਤੇ ਜਾਣਗੇ। ਸਪੀਕਰ ਸਾਹਿਬ, ਇਸ ਸਕੂਲ ਉੱਤੇ ਪਿਛਲੇ ਤਿੰਨ ਸਾਲਾਂ ਵਿੱਚ ਤਕਰੀਬਨ 20 ਲੱਖ ਰੁਪਿਆ ਲੱਗਿਆ ਹੈ ਪਰੰਤੂ ਅਸੀਂ ਇਸ ਸਕੂਲ ਨੂੰ ਸਕੂਲ ਆਫ ਐਮੀਨੈਂਸ ਦਾ ਦਰਜਾ ਦਿੱਤਾ ਹੈ। ਇਹ ਫੇਜ਼-ਥ੍ਰੀ ਦਾ ਸਕੂਲ ਹੈ। ਇਸ ਦੇ ਐਸਟੀਮੇਟ ਅਤੇ ਡਿਜ਼ਾਇਨ ਆ ਚੁੱਕੇ ਹਨ, ਜਿਹੜਾ 4 ਕਰੋੜ ਰੁਪਏ ਦਾ ਟੈਂਡਰ ਹੈ, ਅਸੀਂ ਉਮੀਦ ਕਰਦੇ ਹਾਂ ਕਿ ਉਹ ਮਾਰਚ ਮਹੀਨੇ ਵਿੱਚ ਹੀ ਲੱਗ ਜਾਵੇਗਾ। ਸਪੀਕਰ ਸਾਹਿਬ, ਮੈਂ ਆਉਣ ਵਾਲੇ ਦਿਨਾਂ ਵਿੱਚ ਇਸ ਸਕੂਲ ਨੂੰ ਖੁਦ ਵੀ ਵਿਜ਼ਿਟ ਕਰਾਂਗਾ ਅਤੇ ਮਾਣਯੋਗ ਵਿਧਾਇਕ ਨੂੰ ਇਸ ਸਕੂਲ ਉੱਤੇ ਨਾਜ਼ ਹੋਵੇਗਾ। ਸਪੀਕਰ ਸਾਹਿਬ, ਇਹ ਮੇਰੀ ਐਸ਼ੋਰੈਂਸ ਹੈ।

**ਡਾਕਟਰ ਚਰਨਜੀਤ ਸਿੰਘ:** ਮੰਤਰੀ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਜੀ। ਮੰਤਰੀ ਜੀ, ਕੰਮ ਥੋੜ੍ਹਾ ਜਿਹਾ ਸਪੀਡ-ਅੱਪ ਕਰਵਾ ਦਿਓ ਜੀ। ਧੰਨਵਾਦ ਜੀ।

———

**ਪਾਇਲ ਹਲਕੇ ਦੇ 31 ਖੇਡ ਗਰਾਊਂਡਾਂ ਦੀ ਮੌਜੂਦਾ ਸਥਿਤੀ**

***1690. ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ**: ਕੀ ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਪਾਇਲ ਹਲਕੇ ਅੰਦਰ ਮਨਜ਼ੂਰ ਕੀਤੇ 31 ਖੇਡ ਗਰਾਊਂਡਾਂ ਦੀ ਮੌਜੂਦਾ ਸਥਿਤੀ ਕੀ ਹੈ;

(ਅ) ਹਰ ਇੱਕ ਗਰਾਊਂਡ ਦਾ ਕੰਮ ਕਿਹੜੇ ਪਿੰਡ/ਸਥਾਨ ਵਿੱਚ ਕੀਤਾ ਜਾ ਰਿਹਾ ਹੈ ਅਤੇ ਹੁਣ ਤੱਕ ਕਿੰਨੇ ਪ੍ਰਤੀਸ਼ਤ ਕੰਮ ਪੂਰਾ ਹੋ ਚੁੱਕਾ ਹੈ;

(ੲ) ਇਨ੍ਹਾਂ ਗਰਾਊਂਡਾਂ ਦੇ ਨਿਰਮਾਣ ਲਈ ਠੇਕਾ ਕਿਹੜੇ ਕਿਹੜੇ ਠੇਕੇਦਾਰ ਨੂੰ ਦਿੱਤਾ ਗਿਆ ਹੈ;

(ਸ) ਹਰ ਗਰਾਊਂਡ ਦਾ ਕੰਮ ਪੂਰਾ ਕਰਨ ਲਈ ਨਿਰਧਾਰਤ ਸਮਾਂ ਸੀਮਾ ਕੀ ਹੈ ਅਤੇ ਕੰਮ ਕਦੋਂ ਤੱਕ ਮੁਕੰਮਲ ਕੀਤਾ ਜਾਣਾ ਹੈ;

(ਹ) ਜਿਹੜੇ ਠੇਕੇਦਾਰਾਂ ਨੇ ਅਜੇ ਤੱਕ ਕੰਮ ਸ਼ੁਰੂ ਨਹੀਂ ਕੀਤਾ, ਕੀ ਸਰਕਾਰ ਉਨ੍ਹਾਂ ਦੇ ਖਿਲਾਫ਼ ਕੋਈ ਕਾਰਵਾਈ ਕਰ ਰਹੀ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਤਰੁਨਪ੍ਰੀਤ ਸਿੰਘ ਸੌਂਦ**:

(ੳ) ਇਨ੍ਹਾਂ ਕੰਮਾਂ ਦੀ ਮੌਜੂਦਾ ਸਥਿਤੀ ਸਬੰਧੀ ਵੇਰਵਾ ਅਨੁਲੱਗ 'ੳ' ਤੇ ਦਰਜ ਹੈ।

(ਅ) ਇਨ੍ਹਾਂ ਖੇਡ ਮੈਦਾਨਾਂ ਦਾ ਪਿੰਡ/ਸਥਾਨ ਵਾਰ ਵੇਰਵਾ ਅਤੇ ਹੋ ਚੁੱਕੇ ਕੰਮ ਦੀ ਪ੍ਰਤੀਸ਼ਤ ਦਾ ਵੇਰਵਾ ਅਨੁਲੱਗ 'ੳ' ਅਨੁਸਾਰ ਹੈ।

(ੲ) ਇਨ੍ਹਾਂ ਖੇਡ ਮੈਦਾਨਾਂ ਦੇ ਨਿਰਮਾਣ ਲਈ ਠੇਕੇਦਾਰਾਂ/ਫਰਮਾਂ ਦਾ ਵੇਰਵਾ ਅਨੁਲੱਗ 'ੳ' ਅਨੁਸਾਰ ਹੈ।

(ਸ) ਖੇਡ ਮੈਦਾਨ ਦੇ ਕੰਮ ਨੂੰ ਪੂਰਾ ਕਰਨ ਲਈ ਸਮਾਂ ਸੀਮਾ ਅਲਾਟਮੈਂਟ ਮਿਤੀ ਤੋਂ 6 ਮਹੀਨੇ ਨਿਸ਼ਚਿਤ ਕੀਤੀ ਗਈ ਹੈ। ਹਰ ਖੇਡ ਮੈਦਾਨਾਂ ਦੇ ਮੁਕੰਮਲ ਹੋਣ ਦੀ ਮਿੱਥੀ ਮਿਤੀ ਅਨੁਲੱਗ 'ੳ' ਤੇ ਦਰਜ ਹੈ।

(ਹ) ਇਨ੍ਹਾਂ ਕੰਮਾਂ ਵਿਚੋਂ ਪਿੰਡ ਝੱਮਟ ਵਿਖੇ ਸਾਈਟ ਕਲੀਅਰ ਨਾ ਹੋਣ ਕਾਰਨ ਕੰਮ ਸ਼ੁਰੂ ਨਹੀਂ ਹੋ ਸਕਿਆ ਹੈ, ਜਿਸ ਕਾਰਨ ਸਬੰਧਤ ਠੇਕੇਦਾਰ ਵਿਰੁੱਧ ਅਜੇ ਕੋਈ ਕਾਰਵਾਈ ਵਿਚਾਰ ਅਧੀਨ ਨਹੀਂ ਹੈ ਅਤੇ ਬਲਾਕ ਮਲੌਦ ਦਾ ਪਿੰਡ ਚੋਮੋ, ਪਿੰਡ ਜੰਡਿਆਲੀ ਤੋਂ ਤਬਦੀਲ ਹੋਣ ਕਾਰਨ ਇਹ ਕੰਮ ਮੌਜੂਦਾ ਕੰਟਰੈਕਟ ਵਿੱਚ ਸ਼ਾਮਲ ਕਰਨ ਦੀ ਪ੍ਰਕਿਰਿਆ ਅਧੀਨ ਹੈ।

**ਅਨੁਲੱਗ-'ੳ'**

| ਲੜੀ ਨੰ. | ਪਿੰਡ/ਸਥਾਨ ਦਾ ਨਾਮ | ਬਲਾਕ ਦਾ ਨਾਮ | ਪ੍ਰਗਤੀ (ਪ੍ਰਤੀਸ਼ਤ) | ਠੇਕੇਦਾਰ ਦਾ ਨਾਮ | ਮੁਕੰਮਲ ਹੋਣ ਦੀ ਮਿਥੀ ਮਿਤੀ | ਵਿਸ਼ੇਸ਼ ਕਥਨ |
|---|---|---|---|---|---|---|
| 1. | ਮਕਸੂਦੜਾ, (ਖੇਡ ਮੈਦਾਨ) | ਦੋਰਾਹਾ | 5% | ਪੀ.ਪੀ. ਇੰਟਰਪ੍ਰਾਜ਼ਿਜ਼ 95 ਵਿਜੈ ਨਗਰ ਜਲੰਧਰ | 18 ਮਈ, 2026 | |
| 2. | ਬੁਆਣੀ (ਸਕੂਲ ਦਾ ਖੇਡ ਮੈਦਾਨ) | | 5% | | | |
| 3. | ਜੇਪੁਰਾ (ਸਕੂਲ ਨਾਲ ਖੇਡ ਮੈਦਾਨ) | | 10% | | | |
| 4. | ਰਾੜਾ (ਪਿੰਡ ਦੇ ਬਾਹਰ ਸ਼ਮਸ਼ਾਨਘਾਟ ਨੇੜੇ) | | 5% | | | |
| 5. | ਘੁਢਾਣੀ ਖੁਰਦ (ਧਰਮਸ਼ਾਲਾ ਕੋਲ ਮੌਜੂਦ ਖੇਡ ਮੈਦਾਨ) | | 5% | | | |
| 6. | ਘਣਗਸ (ਗੁਰਦੁਆਰਾ ਸਾਹਿਬ ਦੇ ਕੋਲ) | | 5% | | | |
| 7. | ਅਨਾਜ ਮੰਡੀ ਕੋਲ (ਧਮੋਟ ਕਲਾਂ) | ਦੋਰਾਹਾ | 5% | ਪੰਜਾਬ ਗਰੁੱਪ ਬੈਕਸਾਈਡ ਸ਼ੋਪ ਨੰ. 16 ਬੁਢਲਾਡਾ, ਜ਼ਿਲ੍ਹਾ ਮਾਨਸਾ | 06 ਮਈ | |
| 8. | ਭਾਡੇਵਾਲ (ਟੋਭੇ ਕੋਲ ਖੇਡ ਮੈਦਾਨ) | | 5% | | | |
| 9. | ਰੋਣੀ (ਅਨਾਜ ਮੰਡੀ ਨਜ਼ਦੀਕ) | | 20% | | | |
| 10. | ਮਲਕਪੁਰ (ਗਰੂ ਘਰ ਸਾਹਿਬ ਦੇ ਸਾਹਮਣੇ) | | 35% | | | |
| 11. | ਅਲੂਣਾ ਮਿਆਣਾ (ਟੈਂਕੀ ਕੋਲ) | ਦੋਰਾਹਾ | 20% | ਗੁਰੂ ਕ੍ਰਿਪਾ ਐਂਡ ਕੰਪਨੀ ਐਮ.ਐਸ ਰੀਅਲ ਹੋਮ ਐਪਲੀਐਂਸ ਰਾਮ ਨਗਰ ਪਿੰਡ ਸਿਬਾਨ ਸੰਗਰੂਰ | 18 ਮਈ | |
| 12. | ਅਲੂਣਾ ਪੱਲਾ (ਟੈਂਕ ਨਜ਼ਦੀਕ) | | 5% | | | |
| 13. | ਅਲੂਣਾ ਤੋਲਾ (ਪਿੰਡ ਦੇ ਬਾਹਰ) | | 80% | | | |
| 14 | ਕਰੋਦੀਆਂ (ਸਕੂਲ ਦੇ ਨਜ਼ਦੀਕ) | | 20% | | | |
| 15. | ਬਿਸ਼ਨਪੁਰਾ (ਪਿੰਡ ਦੇ ਬਾਹਰ) | | 5% | | | |
| 16. | ਮੱਲੀਪੁਰ (ਪਿੰਡ ਦੇ ਬਾਹਰ) | | 5% | | | |

| | | | | | | |
|---|---|---|---|---|---|---|
| 17 | ਬੇਰ ਖੁਰਦ (ਵੇਰਕਾ ਡੇਅਰੀ ਦੇ ਕੋਲ) | | 35% | | | |
| 18 | ਲਹਿਲ (ਬੇਰ ਕਲਾਂ ਰਾੜਾ ਸਾਹਿਬ ਰੋਡ) | | 25% | | | |
| 19. | ਰੱਬੋਂ ਨੀਚੀ (ਗੁੱਗਾ ਮਾੜੀ ਦੇ ਕੋਲ) | | 15% | | | |
| 20. | ਸੇਖਾ (ਸਕੂਲ ਦੇ ਕੋਲ) | | 20% | | | |
| 21. | ਸੋਹੀਆਂ (ਕੁੱਪ ਰੋਡ) | | 55% | | 18 ਮਈ | |
| 22 | ਕਿਸ਼ਨਪੁਰਾ (ਸ਼ਮਸ਼ਾਨਘਾਟ ਦੇ ਕੋਲ) | | 25% | ਪੰਜਾਬ ਗਰੁੱਪ ਬੈਕਸਾਈਡ ਸ਼ੋਪ ਨੰ. 16 ਬੁਢਲਾਡਾ, ਜ਼ਿਲ੍ਹਾ ਮਾਨਸਾ | | |
| 23. | ਕੂਹਲੀ ਖੁਰਦ (ਕਰਤਾਰਪੁਰ ਰੋਡ) | ਮਲੋਦ | 60% | | | |
| .24. | ਨਿਜ਼ਾਮਪੁਰ (ਗੁਰਦੁਆਰਾ ਸਾਹਿਬ ਦੇ ਕੋਲ) | | 15% | | | |
| 25. | ਰਾਮਗੜ੍ਹ ਸਰਦਾਰਾਂ (ਸ਼ਹੀਦ ਅਜੈ ਸਿੰਘ ਦੇ ਬੁੱਤ ਦੇ ਕੋਲ) | | 20% | | 18 ਮਈ | |
| 26. | ਜੰਡਿਆਲੀ (ਸਕੂਲ ਦੇ ਕੋਲ) | | - | | - | ਨਵੀਂ ਸਾਈਟ ਪਿੰਡ ਚੋਮੋ ਵਿਖੇ ਹੋਣ ਕਾਰਨ ਮੌਜੂਦਾ ਕੰਟਰੈਕਟ ਵਿੱਚ ਸ਼ਾਮਲ ਕਰਨ ਦੀ ਪ੍ਰਕਿਰਿਆ ਅਧੀਨ। |
| 27. | ਭਿੱਖੀ ਖਟੜਾ (ਸਕੂਲ ਦੇ ਕੋਲ) | | 10% | | 18 ਮਈ | |
| 28. | ਡੱਮਟ (ਰਾੜਾ ਸਾਹਿਬ ਨਹਿਰ ਡੇਰੇ ਦੇ ਕੋਲ) | ਮਲੋਦ | ਕੰਮ ਸ਼ੁਰੂ ਨਹੀਂ ਕੀਤਾ ਗਿਆ | ਪੀ.ਪੀ ਇੰਟਰਪ੍ਰਾਇਜ਼ਿਜ਼ 95 ਵਿਜੈ ਨਗਰ ਜਲੰਧਰ | - | ਮੌਕੇ ਤੇ ਬਹੁਤ ਜ਼ਿਆਦਾ ਪੌਦੇ ਲੱਗੇ ਹੋਏ ਹਨ ਅਤੇ ਮਾਲ ਵਿਭਾਗ ਤੋਂ ਹੱਦਬੰਦੀ ਕਰਵਾਉਣ ਦੀ |

| | | | | | | |
|---|---|---|---|---|---|---|
| | | | | | | ਜ਼ਰੂਰਤ ਹੈ। |
| 29. | ਕੁਲਾੜ<br>(ਸਕੂਲ ਦੇ ਅੰਦਰ) | | 40% | | 18 ਮਈ | |
| 30. | ਨਾਨਕਪੁਰ ਜਗੇੜ੍ਹਾ<br>(ਪੰਚਾਇਤੀ ਜ਼ਮੀਨ) | | 5% | | | |
| 31. | ਸਿਆੜ੍ਹ<br>(ਸਕੂਲ ਦੇ ਕੋਲ) | | 5% | | | |

ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਜ਼ਰੀਏ ਮਾਣਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਹਲਕਾ ਪਾਇਲ ਵਿੱਚ 31 ਪਲੇਅ ਗਰਾਊਂਡ ਹਨ, ਜਿਨ੍ਹਾਂ ਦਾ ਕੰਮ ਚੱਲ ਰਿਹਾ ਹੈ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ** : ਬਹੁਤ-ਬਹੁਤ ਧੰਨਵਾਦ ਸਪੀਕਰ ਸਾਹਿਬ। ਸਪੀਕਰ ਸਾਹਿਬ, ਸਾਡੇ ਮਾਣਯੋਗ ਮੁੱਖ ਮੰਤਰੀ ਜੀ ਨੇ ਬੜਾ ਦਿਲ ਕਰਕੇ ਸਾਡੇ ਪੰਜਾਬ ਦੇ ਨੌਜਵਾਨਾਂ ਲਈ ਪਲੇਅ ਗਰਾਊਂਡਾਂ ਦਾ ਕੰਮ ਆਰੰਭ ਕਰਕੇ ਬਹੁਤ ਸੋਹਣਾ ਕੰਮ ਕੀਤਾ ਹੈ। ਸਪੀਕਰ ਸਾਹਿਬ, 31 ਪਲੇਅ ਗਰਾਊਂਡ ਮੇਰੇ ਹਲਕੇ ਪਾਇਲ ਵਿੱਚ ਵੀ ਬਣ ਰਹੇ ਹਨ। ਮੈਂ ਲਿਸਟ ਦੇਖ ਰਿਹਾ ਸੀ ਅਤੇ ਇਨ੍ਹਾਂ ਪਲੇਅ ਗਰਾਊਂਡਾਂ ਦਾ ਕੰਮ ਦਸੰਬਰ ਮਹੀਨੇ ਵਿੱਚ ਅਲਾਟ ਹੋਇਆ ਸੀ। ਮੈਂ ਦੱਸਣਾ ਚਾਹਾਂਗਾ ਕਿ ਬਹੁਤ ਸਾਰੇ ਠੇਕੇਦਾਰਾਂ ਵੱਲੋਂ ਸਿਰਫ ਪੰਜ ਪ੍ਰਤੀਸ਼ਤ ਕੰਮ ਹੀ ਕੀਤਾ ਗਿਆ ਹੈ। ਠੇਕੇਦਾਰਾਂ ਵੱਲੋਂ ਨੀਂਹਾਂ ਪੁੱਟੀਆਂ ਗਈਆਂ ਪਰ ਤਿੰਨ ਮਹੀਨੇ ਵਿੱਚ ਹੀ ਲੋਕਾਂ ਵੱਲੋਂ ਉਹ ਨੀਂਹਾਂ ਭਰ ਦਿੱਤੀਆਂ ਗਈਆਂ। ਇਸ ਤੋਂ ਇਲਾਵਾ ਠੇਕੇਦਾਰਾਂ ਵੱਲੋਂ ਇੰਨੀ ਵੱਡੀ ਗਿਣਤੀ ਵਿੱਚ ਪਲੇਅ ਗਰਾਊਂਡ ਲੈ ਲਏ ਗਏ ਹਨ ਪਰੰਤੂ ਕਾਰਵਾਈ ਕੋਈ ਨਹੀਂ ਕੀਤੀ ਗਈ ਹੈ। ਇਨ੍ਹਾਂ ਪਲੇਅ ਗਰਾਊਂਡਾਂ ਬਾਰੇ ਮੇਰੇ ਵੱਲੋਂ ਜਨਵਰੀ ਵਿੱਚ ਲੈਟਰ ਲਿਖਿਆ ਗਿਆ ਸੀ, ਫਿਰ ਫਰਵਰੀ ਮਹੀਨੇ ਵਿੱਚ ਲਿਖਿਆ ਗਿਆ, ਉਸ ਤੋਂ ਬਾਅਦ ਮੈਂ ਫਿਰ 4 ਮਾਰਚ ਨੂੰ ਲੈਟਰ ਲਿਖਿਆ ਕਿ ਇਨ੍ਹਾਂ ਕੰਮਾਂ ਦੀ ਸਥਿਤੀ ਦੱਸੀ ਜਾਵੇ। ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਵਿੱਚ ਪੀ.ਪੀ. ਇੰਟਰਪ੍ਰਾਈਜ਼ਿਜ਼ ਕੋਲ ਕਿੰਨੇ ਟੋਟਲ ਪਲੇਅ ਗਰਾਊਂਡ ਬਣਾ ਕੇ ਦੇਣ ਵਾਲੇ ਹਨ? ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਪਲੇਅ ਗਰਾਊਂਡਾਂ ਦੇ ਕੰਮ ਪੂਰੇ ਕਦੋਂ ਹੋਣਗੇ ਅਤੇ ਇਸ ਦੀ ਸਹੀ ਸਥਿਤੀ ਬਾਰੇ ਦੱਸਿਆ ਜਾਵੇ?

**ਮਾਣਯੋਗ ਸਪੀਕਰ** : ਤੁਸੀਂ ਤਾਂ ਗੁਆਂਢੀ ਹੋ। ਤੁਸੀਂ ਤਾਂ ਆਪਸ ਵਿੱਚ ਮਿਲ ਕੇ ਵੀ ਕੰਮ ਕਰ ਸਕਦੇ ਹੋ।

**ਮੰਤਰੀ** : ਸਪੀਕਰ ਸਾਹਿਬ, ਵੈਸੇ ਤਾਂ ਮੇਰੇ ਕੋਲ ਸਾਰੀ ਡਿਟੇਲ ਹੈ ਕਿ ਕਿਹੜੇ ਪਿੰਡ ਦਾ ਕਿੰਨਾ ਕੰਮ ਹੋਇਆ ਹੈ। ਜੇਕਰ ਦੇਖਿਆ ਜਾਵੇ ਤਾਂ ਕਿਸੇ ਪਲੇਅ ਗਰਾਊਂਡ ਦਾ ਕੰਮ 80 ਪ੍ਰਤੀਸ਼ਤ, ਕਿਸੇ ਦਾ 35 ਪ੍ਰਤੀਸ਼ਤ ਅਤੇ ਕਿਸੇ ਦਾ 5 ਪ੍ਰਤੀਸ਼ਤ ਕੰਮ ਕੰਪਲੀਟ ਹੋ ਚੁੱਕਿਆ ਹੈ। ਸਪੀਕਰ ਸਾਹਿਬ, ਇਹ ਪਲੇਅ ਗਰਾਊਂਡ ਦੀ ਅਲੱਗ-ਅਲੱਗ ਸਥਿਤੀ ਹੈ। ਕੰਪਨੀਆਂ ਨੂੰ ਕੰਮ ਕਲੱਸਟਰ ਵਾਈਜ਼ ਦਿੱਤੇ ਗਏ ਹਨ। ਮਾਣਯੋਗ ਮੈਂਬਰ ਸਾਹਿਬ ਦਾ ਸਵਾਲ ਹੈ ਕਿ ਜਿਹੜੀ ਪੀ.ਪੀ. ਇੰਟਰਪ੍ਰਾਈਜ਼ਿਜ਼ ਕੰਪਨੀ ਹੈ, ਇਸ ਨੂੰ ਪੰਜਾਬ ਵਿੱਚ ਪਲੇਅ ਗਰਾਊਂਡਾਂ ਦਾ ਟੋਟਲ ਕਿੰਨਾ ਕੰਮ ਮਿਲਿਆ ਹੈ? ਮੈਂ ਮੈਂਬਰ ਸਾਹਿਬ ਨੂੰ ਇਸ ਦੀ ਡਿਟੇਲ ਅਲੱਗ ਤੋਂ ਪ੍ਰੋਵਾਈਡ ਕਰਵਾ ਦੇਵਾਂਗਾ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ**: ਸਪੀਕਰ ਸਾਹਿਬ, ਜਿਹੜੀ ਕੰਪਨੀ ਕੰਮ ਵਿੱਚ ਡਿਲੇਅ ਕਰ ਰਹੀ ਹੈ, ਕੀ ਉਸ ਤੇ ਕੋਈ ਜੁਰਮਾਨਾ ਲਗਾਇਆ ਗਿਆ ਹੈ? ਮੈਂ ਦੱਸਣਾ ਚਾਹੁੰਦਾ ਹਾਂ ਕਿ ਖੰਨੇ ਵਿਖੇ ਪੀ.ਪੀ. ਕੰਪਨੀ ਵੱਲੋਂ ਡਿਲੇਅ ਕਰਨ ਤੇ ਜੁਰਮਾਨਾ ਲਗਾਇਆ ਗਿਆ ਹੈ। ਕੀ ਮੰਤਰੀ ਸਾਹਿਬ ਇਕੱਲੇ ਖੰਨੇ ਦੇ ਮੰਤਰੀ ਹਨ ਜਾਂ ਪੂਰੇ ਪੰਜਾਬ ਦੇ ਮੰਤਰੀ ਹਨ? ਜੇਕਰ ਇਸ ਕੰਪਨੀ ਨੇ ਪਾਇਲ ਵਿਖੇ ਕੰਮ ਨਹੀਂ ਕੀਤਾ ਤਾਂ ਉਸ ਕੰਪਨੀ ਤੇ ਜੁਰਮਾਨਾ ਕਿਉਂ ਨਹੀਂ ਲਗਾਇਆ ਗਿਆ ਹੈ?

**ਮਾਣਯੋਗ ਸਪੀਕਰ** : ਮੰਤਰੀ ਜੀ, ਜੁਰਮਾਨਾ ਲਗਾਉ ਜੀ।

**ਮੰਤਰੀ** : ਮੈਂ ਮਾਣਯੋਗ ਮੈਂਬਰ ਸਾਹਿਬ ਨੂੰ ਇੱਕ ਗੱਲ ਦੱਸਣੀ ਚਾਹੁੰਦਾ ਹਾਂ ਕਿ ਜਿਹੜੇ-ਜਿਹੜੇ ਠੇਕੇਦਾਰ ਕੰਮ ਵਿੱਚ ਡਿਲੇਅ ਦਿਖਾ ਰਹੇ ਹਨ, ਅਸੀਂ ਉਨ੍ਹਾਂ ਸਾਰੇ ਠੇਕੇਦਾਰਾਂ ਨੂੰ ਨੋਟਿਸ ਵੀ ਕੱਢੇ ਹਨ। ਕਈ ਠੇਕੇਦਾਰਾਂ ਨੂੰ ਅਸੀਂ ਜੁਰਮਾਨਾ ਵੀ ਲਗਾਇਆ ਹੈ, ਕਈਆਂ ਉਤੇ ਪ੍ਰਸ਼ਾਸਕੀ ਕਾਰਵਾਈ ਵੀ ਕੀਤੀ ਹੈ। ਮਾਣਯੋਗ ਮੈਂਬਰ ਨੇ ਬਹੁਤ ਠਰ੍ਹੰਮੇ ਨਾਲ ਸਾਰਾ ਸਵਾਲ ਪੁੱਛਿਆ ਹੈ ਅਤੇ ਅਸੀਂ ਉੰਨੇ ਹੀ ਠਰ੍ਹੰਮੇ ਨਾਲ ਇਕੱਲੀ ਇਕੱਲੀ ਚੀਜ਼ ਦਾ ਜਵਾਬ ਵੀ ਦੇ ਦੇਵਾਂਗੇ। ਧੰਨਵਾਦ ਜੀ।

**ਮਾਣਯੋਗ ਸਪੀਕਰ**: ਧੰਨਵਾਦ ਜੀ। ਹਾਂ ਜੀ, ਇਆਲੀ ਸਾਹਿਬ।

**ਸਰਦਾਰ ਮਨਪ੍ਰੀਤ ਸਿੰਘ ਇਆਲੀ** : ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਤਸੀਂ ਮੈਨੂੰ ਇਸ ਮਸਲੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੇਰੇ ਹਲਕੇ ਵਿੱਚ ਅੱਜ ਤੋਂ 12 ਸਾਲ ਪਹਿਲਾਂ 70 ਪਿੰਡਾਂ ਵਿੱਚ ਖੇਡ ਪਾਰਕ ਬਣੇ ਹੋਏ ਹਨ, ਉਥੇ ਬਹੁਤ ਵਧੀਆ ਕੰਮ ਚੱਲ ਰਿਹਾ ਹੈ ਪਰ ਹੁਣ ਸਰਕਾਰ ਵੱਲੋਂ ਜਿਹੜੀ ਨਵੀਂ ਪਰਪੋਜ਼ਲ ਬਣਾਈ ਗਈ ਹੈ, ਉਸ ਸਬੰਧੀ ਨਾ ਤਾਂ ਐਮ.ਐਲ.ਏ. ਨੂੰ ਪੁੱਛਿਆ ਗਿਆ, ਨਾ ਹੀ ਕਿਸੇ ਸਰਪੰਚ ਨੂੰ ਪੁੱਛਿਆ ਗਿਆ, ਨਾ ਕਿਸੇ ਬਲਾਕ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਦੇ ਮੈਂਬਰ ਜਾਂ ਕਿਸੇ ਚੇਅਰਮੈਨ ਨੂੰ ਪੁੱਛਿਆ ਗਿਆ। ਉੱਥੇ ਰੋਜ਼ ਕੋਈ ਨਾ ਕੋਈ ਗਰਾਊਂਡ ਪੁੱਟਣ ਲਈ ਆ ਜਾਂਦੇ ਹਨ। ਸਪੀਕਰ ਸਾਹਿਬ, ਮੇਰੀ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਬੇਨਤੀ ਹੈ ਕਿ ਉਥੇ ਬਹੁਤ ਵਧੀਆ ਕੰਮ ਚੱਲ ਰਿਹਾ ਹੈ, ਉੱਥੇ ਅਸੀਂ ਪੈਸਾ ਲਗਾ ਕੇ ਨੁਕਸਾਨ ਨਾ ਕਰੀਏ। ਇਸ ਸਬੰਧੀ ਸਾਡੇ ਤੋਂ ਕੋਈ ਰਾਏ ਲੈ ਲਈ ਜਾਵੇ ਕਿ ਕਿੱਥੇ ਕੀ ਹੋਣ ਵਾਲਾ ਹੈ। ਅਸੀਂ ਤੁਹਾਨੂੰ ਸਹੀ ਦੱਸ ਦੇਵਾਂਗੇ ਕਿ ਇੱਥੇ ਇਹ ਕੰਮ ਕਰਵਾ ਦਿਓ। ਸਾਡੇ ਤੋਂ ਜ਼ਰੂਰ ਪੁੱਛਿਆ ਜਾਵੇ ਕਿਉਂਕਿ ਰੋਜ਼ ਕੋਈ ਨਾ ਕੋਈ ਆ ਜਾਂਦਾ ਹੈ ਕਿ ਇੱਥੇ ਇਹ ਬਣਾਉਣਾ ਹੈ ਜਾਂ ਉੱਥੇ ਇਹ ਕੰਮ ਹੋਣ ਵਾਲਾ ਹੈ। ਕੋਈ ਕਹਿ ਦਿੰਦਾ ਹੈ ਕਿ ਇੱਥੇ ਬਾਥਰੂਮ ਬਣਾਉਣਾ ਹੈ। ਉੱਥੇ ਇਹ ਸਭ ਬਣਿਆ ਹੋਇਆ ਹੈ ਅਤੇ ਵਧੀਆ ਚੱਲ ਰਹੇ ਹਨ। ਉਨ੍ਹਾਂ ਦੇ ਬਹੁਤ ਵਧੀਆ ਰਿਜ਼ਲਟ ਆ ਰਹੇ ਹਨ। ਉੱਥੇ ਅਕੈਡਮੀਆਂ ਚੱਲ ਰਹੀਆਂ ਹਨ। ਇਸ ਵਿੱਚ ਕਿਸੇ ਚੁਣੇ ਹੋਏ ਨੁਮਾਇੰਦੇ ਨੂੰ ਜਾਂ ਬਲਾਕ ਸੰਮਤੀ ਦੇ ਚੇਅਰਮੈਨ ਨੂੰ, ਜ਼ਿਲ੍ਹਾ ਪ੍ਰੀਸ਼ਦ ਦੇ ਮੈਂਬਰ ਨੂੰ ਜਾਂ ਕਿਸੇ ਸਰਪੰਚ ਨੂੰ ਜਿਨ੍ਹਾਂ ਤੇ ਵੀ ਇਨ੍ਹਾਂ ਨੂੰ ਭਰੋਸਾ ਹੈ, ਉਨ੍ਹਾਂ ਤੋਂ ਪੁੱਛ ਕੇ ਹੀ ਕੰਮ ਕੀਤਾ ਜਾਵੇ।

**ਮਾਣਯੋਗ ਸਪੀਕਰ**: ਧੰਨਵਾਦ ਜੀ।

______

## ਰਾਜ ਵਿੱਚ ਔਰਤਾਂ ਦੀਆਂ ਕੈਂਸਰ ਨਾਲ ਹੋਈਆਂ ਮੌਤਾਂ ਦੇ ਵੇਰਵੇ

***1703. ਡਾਕਟਰ ਸੁਖਵਿੰਦਰ ਕੁਮਾਰ ਸੁੱਖੀ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਕੇਂਦਰੀ ਸਿਹਤ ਮੰਤਰਾਲੇ ਦੇ ਤਾਜ਼ਾ ਅੰਕੜਿਆਂ ਅਨੁਸਾਰ ਪੰਜਾਬ ਵਿੱਚ ਹਰ ਰੋਜ਼ ਔਸਤਨ ਅੱਠ ਔਰਤਾਂ ਕੈਂਸਰ ਨਾਲ ਮਰ ਰਹੀਆਂ ਹਨ, ਸਾਲ 2021 ਅਤੇ 2025 ਦੇ ਦਰਮਿਆਨ ਲਗਭਗ 13,299 ਔਰਤਾਂ ਦੀ ਕੈਂਸਰ ਨਾਲ ਮੌਤ ਹੋਈ ਹੈ ਅਤੇ ਕੀ ਰਾਜ ਸਰਕਾਰ ਨੇ ਇਸ ਚਿੰਤਾਜਨਕ ਵਾਧੇ ਦੇ ਕਾਰਨਾਂ ਦਾ ਮੁਲਾਂਕਣ ਕੀਤਾ ਹੈ;

(ਅ) ਛਾਤੀ ਦੇ ਕੈਂਸਰ ਨਾਲ ਜੁੜੀ 56 ਪ੍ਰਤੀਸ਼ਤ ਮੌਤ ਦਰ ਨੂੰ ਰੋਕਣ ਵਿੱਚ ਰਾਜ ਸਰਕਾਰ ਦੀ ਅਸਫਲਤਾ ਦੇ ਵਿਸ਼ੇਸ਼ ਕਾਰਨ ਕੀ ਹਨ; ‘‘ਆਮ ਆਦਮੀ ਕਲੀਨਿਕ’’ ਅਤੇ ਪ੍ਰਾਇਮਰੀ ਸਿਹਤ ਸੰਭਾਲ ਬੁਨਿਆਦੀ ਢਾਂਚੇ ਨੂੰ ਜ਼ਮੀਨੀ ਪੱਧਰ ਤੇ ਮੁਢੱਲੀ ਪ੍ਰੀ-ਸਕ੍ਰੀਨਿੰਗ, ਡਾਇਗਨੋਸਟਿਕ ਮੈਮੋਗ੍ਰਾਫੀ ਅਤੇ ਐਚ.ਪੀ.ਵੀ. ਟੀਕਾਕਰਣ ਸਹੂਲਤਾਂ ਪ੍ਰਦਾਨ ਕਰਨ ਲਈ ਤਿਆਰ ਕਿਉਂ ਨਹੀਂ ਕੀਤਾ ਗਿਆ ਹੈ;

(ੲ) ‘‘ਫੋਟੋ ਓਪੀ’’ ਸਿਹਤ ਸੰਭਾਲ ਤੋਂ ਅੱਗੇ ਵਧਣ ਅਤੇ 30 ਸਾਲਾਂ ਤੋਂ ਵੱਧ ਉਮਰ ਦੀਆਂ ਔਰਤਾਂ ਲਈ ਇੱਕ ਲਾਜ਼ਮੀ, ਰਾਜ ਪੱਧਰੀ ਸਕ੍ਰੀਨਿੰਗ ਪ੍ਰੋਗਰਾਮ ਨੂੰ ਲਾਗੂ ਕਰਨ ਦੇ ਨਾਲ-ਨਾਲ, ਸੰਤੁਲਿਤ ਖੁਰਾਕ, ਸੁਸਤ ਜੀਵਨ ਸ਼ੈਲੀ ਅਤੇ ਛਾਤੀ ਦਾ ਦੁੱਧ ਚੁੰਘਾਉਣ (breastfeeding) ਦੇ ਫਾਇਦੇ ਅਤੇ ਕੈਂਸਰ ਦਾ ਜਲਦੀ ਪਤਾ ਲਗਾਉਣ ਸਬੰਧੀ ਜਨਤਕ ਜਾਗਰੂਕਤਾ ਮੁਹਿੰਮ ਚਲਾਉਣ ਲਈ ਕਿਹੜੇ ਠੋਸ ਅਤੇ ਸਮਾਂਬੱਧ ਕਦਮ ਚੁੱਕੇ ਜਾ ਰਹੇ ਹਨ;

(ਸ) ਮੌਜੂਦਾ ਰਾਜ ਸਰਕਾਰ ਦੁਆਰਾ ਸਾਲ 2022 ਤੋਂ ਪੰਜਾਬ ਵਿੱਚ ਕਿਫਾਇਤੀ ਕੀਮੋਥੈਰੇਪੀ ਅਤੇ ਰੇਡੀਏਸ਼ਨ ਥੈਰੇਪੀ ਪ੍ਰਦਾਨ ਕਰਨ ਲਈ ਸਥਾਪਤ ਕੀਤੇ ਗਏ / ਚੱਲ ਰਹੇ ਤੀਜੇ ਦਰਜੇ ਤੇ ਕੈਂਸਰ ਦੇਖਭਾਲ ਕੇਂਦਰ ਦੀ ਕੁੱਲ ਗਿਣਤੀ ਕਿੰਨੀ ਹੈ ਅਤੇ ਇਨ੍ਹਾਂ ਵਿੱਚੋਂ ਕਿੰਨੇ ਕੇਂਦਰ ਪੂਰੀ ਤਰ੍ਹਾਂ ਚੱਲ ਰਹੇ ਹਨ ਅਤੇ ਕਿੰਨੇ ਉਸਾਰੀ ਅਧੀਨ ਅਤੇ ਕੇਂਦਰ ਸਰਕਾਰ ਦੇ ਫੰਡਾਂ ’ਤੇ ਨਿਰਭਰ ਹਨ?

**ਡਾਕਟਰ ਬਲਬੀਰ ਸਿੰਘ:** ਸ਼੍ਰੀਮਾਨ ਜੀ,

(ੳ) ਸਤਿਕਾਰ ਸਹਿਤ ਇਹ ਦੱਸਿਆ ਜਾਂਦਾ ਹੈ ਕਿ ਸਿਹਤ ਵਿਭਾਗ ਪੰਜਾਬ ਵੱਲੋਂ ਅਜਿਹਾ ਕੋਈ ਵੀ ਡਾਟਾ ਜਾਂ ਅੰਕੜੇ ਭਾਰਤ ਸਰਕਾਰ ਨੂੰ ਨਹੀਂ ਦਿੱਤੇ ਗਏ ਹਨ ਅਤੇ ਕੇਂਦਰੀ ਸਿਹਤ ਮੰਤਰਾਲੇ ਦੁਆਰਾ ਪੇਸ਼ ਕੀਤੇ ਗਏ ਅੰਕੜਿਆਂ ਦਾ Data Source ਵੀ ਨਹੀਂ ਪਤਾ ਹੈ।

- ਆਈ.ਸੀ.ਐਮ.ਆਰ. ਦੁਆਰਾ ਸਾਲ 2020 ਵਿੱਚ ਪੀ.ਬੀ.ਸੀ.ਆਰ. (ਜਨਸੰਖਿਆ ਅਧਾਰਤ ਕੈਂਸਰ ਰਜਿਸਟਰੀ) ਲਈ ਪ੍ਰਕਾਸ਼ਿਤ ਰਿਪੋਰਟ ਦੇ ਅਨੁਸਾਰ, ਪੰਜਾਬ ਵਿੱਚ ਕੈਂਸਰ ਕਾਰਨ ਔਰਤਾਂ ਵਿੱਚ ਮੌਤ ਦਰ 1451 ਹੈ। ਇਸ ਰਿਪੋਰਟ ਦੇ ਅਨੁਸਾਰ ਕੈਂਸਰ ਮੌਤ ਦਰ ਵਿੱਚ ਪੰਜਾਬ 28 ਰਾਜਾਂ ਵਿੱਚੋਂ 16ਵੇਂ ਸਥਾਨ 'ਤੇ ਹੈ।

- ਹੋਮੀ ਭਾਬਾ ਕੈਂਸਰ ਹਸਪਤਾਲ ਦੀ ਪੀ.ਬੀ.ਸੀ.ਆਰ. (ਜਨਸੰਖਿਆ ਅਧਾਰਤ ਕੈਂਸਰ ਰਜਿਸਟਰੀ) ਸੰਗਰੂਰ ਦੀ ਰਿਪੋਰਟ (2021-24) ਦੇ ਅਨੁਸਾਰ, 2218 ਔਰਤਾਂ ਦੀਆਂ ਕੈਂਸਰ ਨਾਲ ਮੌਤਾਂ ਦਰਜ ਕੀਤੀਆਂ ਗਈਆਂ ਅਤੇ ਛਾਤੀ ਦੇ ਕੈਂਸਰ ਕਾਰਨ 485 ਮੌਤਾਂ ਦਰਜ ਕੀਤੀਆਂ ਗਈਆਂ, ਜੋ ਕਿ ਛਾਤੀ ਦੇ ਕੈਂਸਰ ਕਾਰਨ ਪ੍ਰਤੀ ਦਿਨ 0.3 ਮੌਤਾਂ ਬਣਦੀਆਂ ਹਨ।
- ਹੋਮੀ ਭਾਬਾ ਕੈਂਸਰ ਹਸਪਤਾਲ ਦੀ ਪੀ.ਬੀ.ਸੀ.ਆਰ. (ਜਨਸੰਖਿਆ ਅਧਾਰਤ ਕੈਂਸਰ ਰਜਿਸਟਰੀ) ਮਾਨਸਾ ਦੀ ਰਿਪੋਰਟ (2021-24) ਦੇ ਅਨੁਸਾਰ, 1670 ਔਰਤਾਂ ਦੀਆਂ ਕੈਂਸਰ ਨਾਲ ਮੌਤਾਂ ਦਰਜ ਕੀਤੀਆਂ ਗਈਆਂ ਸਨ ਅਤੇ ਇਨ੍ਹਾਂ ਵਿੱਚੋਂ 171 ਮੌਤਾਂ ਛਾਤੀ ਦੇ ਕੈਂਸਰ ਕਾਰਨ ਹੋਈਆਂ ਸਨ ਜੋ ਕਿ ਛਾਤੀ ਦੇ ਕੈਂਸਰ ਕਾਰਨ ਪ੍ਰਤੀ ਦਿਨ 0.1 ਮੌਤਾਂ ਬਣਦੀਆਂ ਹਨ।

ਸਤਿਕਾਰ ਸਹਿਤ ਇਹ ਦੱਸਿਆ ਜਾਂਦਾ ਹੈ ਕਿ ਰਾਜ ਨੇ ਛਾਤੀ ਦੇ ਕੈਂਸਰ ਕਾਰਨ 56% ਮੌਤ ਦਰ ਦਾ ਕੋਈ ਡਾਟਾ ਭਾਰਤ ਸਰਕਾਰ ਨਾਲ ਸਾਂਝਾ ਨਹੀਂ ਕੀਤਾ ਹੈ।

- **ਆਈ.ਸੀ.ਐਮ.ਆਰ. ਦੀ 2020 ਵਿੱਚ ਪ੍ਰਕਾਸ਼ਿਤ ਪੀ.ਬੀ.ਸੀ.ਆਰ. (ਜਨਸੰਖਿਆ ਅਧਾਰਤ ਕੈਂਸਰ ਰਜਿਸਟਰੀ) ਦੀ ਰਿਪੋਰਟ**

ਇਸ ਰਿਪੋਰਟ ਦੇ ਅਨੁਸਾਰ, ਪੰਜਾਬ ਵਿੱਚ ਔਰਤਾਂ ਦੀ ਮੌਤ ਦਰ ਪ੍ਰਤੀ ਲੱਖ 55.5 ਹੈ। ਇਸ ਰਿਪੋਰਟ ਦੇ ਅਨੁਸਾਰ, ਕੈਂਸਰ ਕਾਰਨ ਔਰਤਾਂ ਵਿੱਚ ਮੌਤ ਦਰ ਦੇ ਮਾਮਲੇ ਵਿੱਚ ਪੰਜਾਬ 28 ਰਾਜਾਂ ਵਿੱਚੋਂ 17ਵੇਂ ਸਥਾਨ 'ਤੇ ਹੈ।

- **ਹੋਮੀ ਭਾਬਾ ਕੈਂਸਰ ਰਜਿਸਟਰੀ**
  **(ਆਬਾਦੀ-ਆਧਾਰਿਤ ਕੈਂਸਰ ਰਜਿਸਟਰੀ)**

ਕੁੱਲ ਦਰਜ ਕੀਤੇ ਗਏ ਪੁਸ਼ਟੀਸ਼ੁਦਾ ਕੈਂਸਰ ਮਾਮਲੇ:

ਪੀ.ਬੀ.ਸੀ.ਆਰ ਸੰਗਰੂਰ: 16,092 ਮਾਮਲੇ

ਪੀ.ਬੀ.ਸੀ.ਆਰ ਮਾਨਸਾ: 6,262 ਮਾਮਲੇ

- **ਹਸਪਤਾਲ-ਆਧਾਰਿਤ ਕੈਂਸਰ ਰਜਿਸਟਰੀ (HBCR)**

ਕੁੱਲ ਦਰਜ ਕੀਤੇ ਗਏ ਪੁਸ਼ਟੀਸ਼ੁਦਾ ਕੈਂਸਰ ਮਾਮਲੇ:

ਐਚ.ਬੀ.ਸੀ.ਆਰ. ਸੰਗਰੂਰ: 35,763 (ਲਗਭਗ ਪੁਸ਼ਟੀਸ਼ੁਦਾ ਮਾਮਲੇ)

ਐਚ.ਬੀ.ਸੀ.ਆਰ. ਨਿਊ ਚੰਡੀਗੜ੍ਹ: 16,265 (ਲਗਭਗ ਪੁਸ਼ਟੀਸ਼ੁਦਾ ਮਾਮਲੇ)

- ਗਲੋਬੋਕੈਨ 2022 ਦੇ ਅੰਕੜਿਆਂ ਤੇ ਅਧਾਰਿਤ, ਭਾਰਤ ਵਿੱਚ ਮਹਿਲਾਵਾਂ ਵਿੱਚ ਕੈਂਸਰ ਕਾਰਨ ਕੁੱਲ ਮੌਤ ਦਰ ਲਗਭਗ 62.6 ਪ੍ਰਤੀ 1,00,000 ਅਬਾਦੀ ਹੈ। (ਏਜ਼-ਐਡਜਸਟਿਡ ਇੰਸੀਡੈਂਸ ਰੇਟ)

ਰਾਜ ਵਿੱਚ ਕੈਂਸਰ ਦੀ ਰੋਕਥਾਮ ਲਈ ਕਈ ਕਦਮ ਚੁੱਕੇ ਜਾ ਰਹੇ ਹਨ ਅਤੇ ਗੈਰ-ਸੰਚਾਰੀ ਬਿਮਾਰੀਆਂ ਦੀ ਰੋਕਥਾਮ ਅਤੇ ਨਿਯੰਤਰਣ ਲਈ ਰਾਸ਼ਟਰੀ ਐਨ.ਪੀ.-ਐਨ.ਸੀ.ਡੀ. ਪ੍ਰੋਗਰਾਮ ਚਲਾਇਆ ਜਾ ਰਿਹਾ ਹੈ।

- ਰਾਜ ਵਿੱਚ ਕੈਂਸਰ ਦੀ 30+ ਆਬਾਦੀ ਦੀ ਸਕ੍ਰੀਨਿੰਗ ਲਈ ਗੈਰ-ਸੰਚਾਰੀ ਬਿਮਾਰੀਆਂ ਦੀ ਰੋਕਥਾਮ ਅਤੇ ਨਿਯੰਤਰਣ ਲਈ ਰਾਸ਼ਟਰੀ ਪ੍ਰੋਗਰਾਮ ਲਾਗੂ ਕਰ ਰਿਹਾ ਹੈ, ਜਿਸ ਵਿੱਚ 3 ਆਮ ਕੈਂਸਰ (ਮੂੰਹ, ਸਰਵਾਈਕਲ ਅਤੇ ਛਾਤੀ) ਸ਼ਾਮਲ ਹਨ ਅਤੇ ਇਹ ਸਕ੍ਰੀਨਿੰਗ ਸਾਰੀਆਂ ਸਿਹਤ ਸਹੂਲਤਾਂ-ਜ਼ਿਲ੍ਹਾ ਹਸਪਤਾਲ/ਸਬ-ਡਵੀਜ਼ਨਲ ਹਸਪਤਾਲ/ਕਮਿਊਨਿਟੀ ਹੈਲਥ ਸੈਂਟਰ/ਪ੍ਰਾਇਮਰੀ ਹੈਲਥ ਸੈਂਟਰ/ਹੈਲਥ ਐਂਡ ਵੈਲਨੈੱਸ ਸੈਂਟਰ/ਐਸ.ਸੀ. ਅਤੇ ਆਮ ਆਦਮੀ ਕਲੀਨਿਕਾਂ ਵਿੱਚ ਕੀਤੀ ਜਾ ਰਹੀ ਹੈ।
- ਭਾਰਤ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਰਾਜ ਵਿੱਚ HPV ਟੀਕਾਕਰਣ ਵੀ ਉਪਲਬਧ ਕਰਵਾਇਆ ਜਾਵੇਗਾ ਅਤੇ ਇਹ ਟੀਕਾ 14 ਸਾਲ ਅਤੇ ਇਸ ਤੋਂ ਵੱਧ ਉਮਰ ਦੀਆਂ ਲੜਕੀਆਂ ਨੂੰ ਮੁਫਤ ਦਿੱਤਾ ਜਾਵੇਗਾ।

(ੲ) ਸਤਿਕਾਰ ਸਹਿਤ ਇਹ ਦੱਸਿਆ ਜਾਂਦਾ ਹੈ ਕਿ ਰਾਜ ਸਰਕਾਰ ਵੱਲੋਂ NP-NCD ਪ੍ਰੋਗਰਾਮ ਅਧੀਨ 30 ਸਾਲ ਤੋਂ ਵੱਧ ਉਮਰ ਦੀ ਆਬਾਦੀ ਲਈ ਛਾਤੀ, ਬੱਚੇਦਾਨੀ ਅਤੇ ਮੂੰਹ ਦੇ ਕੈਂਸਰ ਲਈ ਸਕ੍ਰੀਨਿੰਗ ਸਾਰੀਆਂ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਕੀਤੀ ਜਾ ਰਹੀ ਹੈ। ਲੋਕਾਂ ਵਿੱਚ ਕੈਂਸਰ ਲਈ ਜਾਗਰੂਕਤਾ ਵਧਾਉਣ ਸਬੰਧੀ ਬਹੁਤ ਸਾਰੇ ਉਪਰਾਲੇ ਕੀਤੇ ਜਾ ਰਹੇ ਹਨ।

- ਕੇਅਰ ਕੰਪੇਨੀਅਨ ਪ੍ਰੋਗਰਾਮ (ਸੀ.ਸੀ.ਪੀ.) ਦੇ ਸਹਿਯੋਗ ਨਾਲ ਜਾਗਰੂਕਤਾ ਗਤੀਵਿਧੀਆਂ, ਜੀਵਨ ਸ਼ੈਲੀ ਕੌਂਸਲਿੰਗ ਅਤੇ ਜਲਦੀ ਜਾਂਚ ਦੇ ਸੁਨੇਹੇ ਪ੍ਰਚਾਰਿਤ ਕੀਤੇ ਜਾ ਰਹੇ ਹਨ।

- ਹੋਮੀ ਭਾਬਾ ਕੈਂਸਰ ਹਸਪਤਾਲ ਦੁਆਰਾ ਕੈਂਸਰ ਜਾਗਰੂਕਤਾ ਅਤੇ ਸਕ੍ਰੀਨਿੰਗ ਕਾਰਜਕ੍ਰਮ।

  ISHA ਪ੍ਰੋਜੈਕਟ
  ਸਕੂਲ ਸਿਹਤ ਕਾਰਜਕ੍ਰਮ
  ਟ੍ਰੇਨਿੰਗ ਪ੍ਰੋਗਰਾਮ
  ਹਸਪਤਾਲ ਆਧਾਰਿਤ ਪ੍ਰੀਵੈਂਟਿਵ ਓਂਕੋਲੋਜੀ ਓ.ਪੀ.ਡੀ.

- ਡੇਅ ਕੇਅਰ ਕੈਂਸਰ ਸੈਂਟਰਜ਼ (ਡੀ.ਸੀ.ਸੀ.ਸੀ.)
- ਪੰਜ ਜ਼ਿਲ੍ਹਿਆਂ ਵਿੱਚ ਏ.ਆਈ. (ਆਰਟੀਫਿਸ਼ੀਅਲ ਇੰਟੈਲੀਜੈਂਸ) ਅਧਾਰਤ ਛਾਤੀ ਦੇ ਕੈਂਸਰ ਅਤੇ ਬੱਚੇਦਾਨੀ ਦੇ ਕੈਂਸਰ ਦੀ ਸਕ੍ਰੀਨਿੰਗ ਵੀ ਸ਼ੁਰੂ ਕੀਤੀ ਗਈ ਹੈ।

(ਸ) ਸਤਿਕਾਰ ਸਹਿਤ ਇਹ ਦੱਸਿਆ ਜਾਂਦਾ ਹੈ ਕਿ ਪੰਜਾਬ ਸਰਕਾਰ ਦੁਆਰਾ ਰਾਜ ਵਿੱਚ ਲੋਕਾਂ ਨੂੰ ਕੈਂਸਰ ਦੇ ਇਲਾਜ ਸਬੰਧੀ ਸੁਵਿਧਾਵਾਂ ਅਤੇ ਕਿਫਾਇਤੀ ਕੀਮੋ ਥੈਰੇਪੀ ਅਤੇ ਰੇਡੀਏਸ਼ਨ ਥੈਰੇਪੀ ਦੀ ਸੁਵਿਧਾ ਦੇਣ ਲਈ ਤੀਜੇ ਦਰਜੇ ਦੇ ਕਈ ਕੈਂਸਰ ਹਸਪਤਾਲ ਚਲਾਏ ਜਾ ਰਹੇ ਹਨ-

- ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ ਅਧੀਨ 5 ਸੰਸਥਾਵਾਂ ਕਿਫਾਇਤੀ ਕੀਮੋ ਥਰੈਪੀ ਅਤੇ ਰੈਡੀਏਸ਼ਨ ਥਰੈਪੀ ਪ੍ਰਦਾਨ ਕਰਨ ਲਈ ਸਥਾਪਤ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿੱਚ 4 ਪੂਰੀ ਤਰ੍ਹਾਂ ਨਾਲ ਚੱਲ ਰਹੀਆਂ ਹਨ ਅਤੇ 1 ਸੰਸਥਾ ਲਈ ਮਸ਼ੀਨਰੀ ਇਕੁਇਪਮੈਂਟ ਦੀ ਖਰੀਦ ਕੀਤੀ ਜੀ ਰਹੀ ਹੈ:-

    1. ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ
    2. ਸਰਕਾਰੀ ਮੈਡੀਕਲ ਕਾਲਜ, ਪਟਿਆਲਾ
    3. ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ, ਫਰੀਦਕੋਟ
    4. ਅਡਵਾਂਸ ਕੈਂਸਰ ਇੰਸਟੀਚਿਊਟ, ਬਠਿੰਡਾ
    5. ਟਰਸ਼ਰੀ ਕੈਂਸਰ ਕੇਅਰ ਇੰਸਟੀਚਿਊਟ ਫਾਜ਼ਿਲਕਾ (ਸੰਸਥਾ ਲਈ ਮਸ਼ੀਨਰੀ ਇਕੁਇਪਮੈਂਟ ਦੀ ਖਰੀਦ ਕੀਤੀ ਜਾ ਰਹੀ ਹੈ।)

- ਕੈਂਸਰ ਦੇ ਇਲਾਜ ਲਈ ਰਾਜ ਵਿੱਚ 2 ਵੱਡੇ ਕੈਂਸਰ ਹਸਪਤਾਲ ਟਾਟਾ ਮੈਮੋਰੀਅਲ ਹਸਪਤਾਲ- ਟੀ.ਐਮ.ਸੀ. ਮੁੰਬਈ ਦੇ ਸਹਿਯੋਗ ਨਾਲ ਸਥਾਪਿਤ ਕੀਤੇ ਗਏ ਹਨ।

    1. ਹੋਮੀ ਭਾਬਾ ਕੈਂਸਰ ਹਸਪਤਾਲ, ਸੰਗਰੂਰ
    2. ਹੋਮੀ ਭਾਬਾ ਕੈਂਸਰ ਹਸਪਤਾਲ, ਮੁੱਲਾਂਪੁਰ

- ਪੰਜਾਬ ਰਾਜ ਦੀ ਮੁੱਖ ਮੰਤਰੀ, ਪੰਜਾਬ ਕੈਂਸਰ ਰਾਹਤ ਕੋਸ਼ ਸਕੀਮ (MMPCRKS) ਅਧੀਨ ਰਾਜ ਵਿੱਚ ਕਈ ਸਰਕਾਰੀ ਅਤੇ ਪ੍ਰਾਈਵੇਟ ਹਸਪਤਾਲਾਂ ਨੂੰ ਇੰਪੈਨਲਡ ਕੀਤਾ ਗਿਆ ਹੈ ਜਿੱਥੇ ਕਿ ਕੈਂਸਰ ਦੇ ਡਾਇਗਨੋਜਿਸ ਅਤੇ (Mammography ਆਦਿ) ਅਤੇ ਇਲਾਜ ਸਬੰਧੀ ਸੁਵਿਧਾਵਾਂ ਉਪਲਬਧ ਹਨ।

- MMSY (ਮੁੱਖ ਮੰਤਰੀ ਸਿਹਤ ਯੋਜਨਾ) ਦੇ ਤਹਿਤ, ਮੈਡੀਕਲ ਓਨਕੋਲੋਜੀ, ਰੇਡੀਏਸ਼ਨ ਓਨਕੋਲੋਜੀ, ਸਰਜੀਕਲ ਓਨਕੋਲੋਜੀ ਲਈ 488 ਪੈਕੇਜ ਹਨ, ਜਿਸ ਦੇ ਤਹਿਤ ਕੋਈ ਵੀ ਮਰੀਜ਼ ਨਿੱਜੀ ਖੇਤਰ ਦੇ ਕਿਸੇ ਵੀ ਤੀਜੇ ਦਰਜੇ ਦੇ ਹਸਪਤਾਲ ਵਿੱਚ ਕੈਂਸਰ ਦੇ ਪ੍ਰਬੰਧਨ ਲਈ ਕੀਮੋਥੈਰੇਪੀ, ਰੇਡੀਏਸ਼ਨ ਅਤੇ ਸਰਜਰੀ ਦਾ ਮੁਫਤ ਲਾਭ ਲੈ ਸਕਦਾ ਹੈ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ** : ਸਰ, ਮੈਂ ਪੰਜਾਬ ਦੇ ਮੁੱਖ ਮੰਤਰੀ ਸਾਹਿਬ ਅਤੇ ਮੰਤਰੀ ਸਾਹਿਬ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ। ਮੇਰਾ ਕੁਐਸਚਨ ਲੇਡੀਜ਼ ਕੈਂਸਰ ਦੇ ਨਾਲ ਰਿਲੇਟਿਡ ਸੀ, ਜਿੱਥੇ 13,299 ਦੇ ਕਰੀਬ ਡੈੱਥਸ ਹੋਈਆਂ। ਸਰਕਾਰ ਨੇ 10 ਲੱਖ ਰੁਪਏ ਵਾਲਾ ਫਰੀ ਇਲਾਜ ਸ਼ੁਰੂ ਕੀਤਾ ਹੈ, ਇਸ ਨਾਲ ਪੰਜਾਬ ਦੇ ਲੋਕਾਂ ਨੂੰ ਬਹੁਤ ਫਾਇਦਾ ਹੋਇਆ ਹੈ।

**ਮੰਤਰੀ** : ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਮਾਣਯੋਗ ਮੈਂਬਰ, ਡਾ. ਸੁਖਵਿੰਦਰ ਕੁਮਾਰ ਸੁੱਖੀ ਜੀ ਨੇ ਮਹਿਲਾਵਾਂ ਨਾਲ ਸਬੰਧਤ ਸਵਾਲ ਪੁੱਛਿਆ ਹੈ। ਅੱਜ ਅੰਤਰਰਾਸ਼ਟਰੀ ਮਹਿਲਾ ਦਿਵਸ ਹੈ, ਇਸ ਹਾਲ ਵਿੱਚ ਅੱਜ ਜਿੰਨੀਆਂ ਵੀ ਮਹਿਲਾਵਾਂ ਆਈਆਂ ਹਨ, ਉਨ੍ਹਾਂ ਨੂੰ ਲੱਖ ਲੱਖ ਵਧਾਈ ਦਿੰਦਾ ਹਾਂ। ਮਾਣਯੋਗ ਮੈਂਬਰ ਸਾਹਿਬ ਦਾ ਕੁਐਸਚਨ ਬਹੁਤ ਇੰਪਾਰਟੈਂਟ ਹੈ। ਇਨ੍ਹਾਂ ਦਾ ਕਿਸੇ ਅਖਬਾਰ ਤੇ ਬੇਸ ਸੀ। ਮੈਂ ਸਾਰਾ ਡਾਟਾ ਅਨੈਲੇਸਿਜ਼ ਕੀਤਾ ਹੈ। ਪੂਰੇ ਦੇਸ਼ ਵਿੱਚੋਂ ਪੰਜਾਬ 16ਵੇਂ ਸਥਾਨ ਉੱਤੇ ਹੈ। ਜੇਕਰ ਮੈਂ ਇਸ ਸਬੰਧੀ ਗੱਲ ਕਰਾਂ ਤਾਂ ਇਸ ਸਬੰਧੀ ਡਾਟਾ ਇੰਡੀਅਨ ਕੌਂਸਲ ਮੈਡੀਕਲ ਰਿਸਰਚ (ICMR) 43 ਕੈਂਸਰ ਰਜਿਸਟਰੀਆਂ ਰਨ ਕਰਦੀ ਹੈ, ਜਿਸ ਵਿੱਚੋਂ ਸੰਗਰੂਰ, ਪਟਿਆਲਾ ਅਤੇ ਮਾਨਸਾ ਵਿੱਚ ਹੈ। ਉਸ ਦਾ ਸਾਰਾ ਡਾਟਾ ਅਨੈਲੇਸਿਜ਼ ਕਰਕੇ ਸਪੈਸ਼ੇਲਿਸਟਾਂ ਨਾਲ ਡਿਸਕਸ਼ਨ ਵੀ ਕੀਤੀ ਹੈ। ਜਿਹੜਾ ਆਲ ਇੰਡੀਆ ਦਾ ਡਾਟਾ ਹੈ, ਉਹ 95 ਅਤੇ 110 ਹੈ, ਜਿਸ ਨੂੰ age adjusted ਵੀ ਕਹਿੰਦੇ ਹਾਂ। ਜੋ ਸੰਗਰੂਰ ਵਿੱਚ ਜ਼ਿਲ੍ਹਾ ਪੱਧਰ ਤੇ ਡਾਟਾ ਆਇਆ ਹੈ, ਉਹ 75 ਤੇ 90 ਆਇਆ ਹੈ। ਜੇਕਰ Aizawl ਦੀ ਗੱਲ ਕੀਤੀ ਜਾਵੇ ਤਾਂ Mizoram ਵਿੱਚ ਤਾਂ ਉਨ੍ਹਾਂ ਦਾ 250 ਡਾਟਾ ਹੈ। ਸਾਡਾ ਕੋਈ ਬਹੁਤ ਜ਼ਿਆਦਾ ਨਹੀਂ ਹੈ। ਮੈਂ ਸਾਰਾ ਡਾਟਾ ਲੈ ਕੇ ਆਇਆ ਹਾਂ। ਮੈਂ ਮੈਂਬਰ ਸਾਹਿਬ ਨਾਲ ਸ਼ੇਅਰ ਕਰ ਦੇਵਾਂਗਾ। ਮੈਂ ਸਾਰੇ ਦੇਸ਼ ਦਾ ਡਾਟਾ ਲੈ ਕੇ ਆਇਆ ਹਾਂ। ਇਸ ਦੇ ਨਾਲ ਨਾਲ ਮੈਂ ਇੱਕ ਹੋਰ ਗੱਲ ਸਾਂਝੀ ਕਰਨੀ ਚਾਹੁੰਦਾ ਹਾਂ ਜੋ ਮੇਰੀਆਂ ਭੈਣਾਂ ਵਾਸਤੇ ਬਹੁਤ ਇੰਪਾਰਟੈਂਟ ਹੈ। ਕੈਂਸਰ ਦੀਆਂ ਦੋ ਚੀਜ਼ਾਂ ਹਨ, ਇੱਕ ਤਾਂ ਪ੍ਰੀਵੈਨਸ਼ਨ ਆਫ ਕੈਂਸਰ ਹੈ। ਉਸ ਵਾਸਤੇ ਐਚ.ਪੀ.ਵੀ. ਵੈਕਸੀਨ ਆਲਰੇਡੀ ਸ਼ੁਰੂ ਕਰ ਚੁੱਕੇ ਹਾਂ। ਦੂਜੀ ਗੱਲ, ਪੰਜਾਬ ਇੱਕ ਪਹਿਲਾ ਅਜਿਹਾ ਸੂਬਾ ਹੈ, ਜਿੱਥੇ ਏ.ਆਈ. ਯੂਜ਼ ਕਰ ਰਹੇ ਹਾਂ।

**ਮਾਣਯੋਗ ਸਪੀਕਰ**: ਮੇਰੀ ਇੱਕ ਬੇਨਤੀ ਹੈ ਕਿ ਆਪਾਂ ਕੁਐਸਚਨ ਤੇ ਰਹੀਏ। ਫਿਰ ਦੂਜੇ ਕੁਐਸਚਨ ਰਹਿ ਜਾਣੇ ਹਨ।

**ਮੰਤਰੀ** : ਅਸੀਂ ਆਰਟੀਫਿਸ਼ੀਅਲ ਇੰਟੈਲੀਜੈਂਸ ਯੂਜ਼ ਕਰ ਰਹੇ ਹਾਂ, ਜਿਸ ਨਾਲ 15,000 ਔਰਤਾਂ ਦਾ ਚੈੱਕ-ਅੱਪ ਕੀਤਾ ਹੈ, ਉਨ੍ਹਾਂ ਵਿੱਚੋਂ 27 ਔਰਤਾਂ ਹੀ ਪਾਜ਼ੀਟਿਵ ਆਈਆਂ ਹਨ। ਅਸੀਂ ਸਾਰੀ ਟੈਕਨਾਲੋਜੀ ਵੀ ਯੂਜ਼ ਕਰ ਰਹੇ ਹਾਂ। Early detection and treatment and prevention ਵਾਸਤੇ ਕੰਮ ਕਰ ਰਹੇ ਹਾਂ। ਧੰਨਵਾਦ ਜੀ।

**ਮਾਣਯੋਗ ਸਪੀਕਰ** : ਧੰਨਵਾਦ ਜੀ। ਹਾਂ ਜੀ, ਸੁੱਖੀ ਜੀ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ** : ਸਰ, ਮੈਂ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ, ਮੇਰਾ ਤਾਂ ਇੰਨਾ ਕੁ ਹੀ ਕੰਸਰਨ ਹੈ ਜਿਵੇਂ ਮੰਤਰੀ ਸਾਹਿਬ ਕਹਿੰਦੇ ਹਨ ਕਿ ਅਸੀਂ ਦੇਸ਼ ਵਿੱਚ 28 ਵਿੱਚੋਂ 16ਵੇਂ ਨੰਬਰ ਤੇ ਹਾਂ। ਮੈਨੂੰ ਲੱਗਦਾ ਹੈ ਕਿ ਜਿਸ ਰਸਤੇ ਤੁਸੀਂ ਚੱਲ ਰਹੇ ਹੋ, ਜਿਵੇਂ ਤੁਸੀਂ ਹੈਲਥ ਸਰਵਿਸਿਜ਼ ਦੇ ਰਹੇ ਹੋ, ਸਾਡਾ ਪੰਜਾਬ ਦਾ ਪਹਿਲਾ ਨੰਬਰ ਹੋਣਾ ਚਾਹੀਦਾ ਹੈ, ਸਾਡੇ ਸਭ ਤੋਂ ਘੱਟ ਮਰੀਜ਼ ਹੋਣੇ ਚਾਹੀਦੇ ਹਨ। ਸਰ, ਮੇਰਾ ਮੰਤਰੀ ਸਾਹਿਬ ਨੂੰ ਇਹੀ ਸਵਾਲ ਹੈ ਕਿ ਸਾਡੇ ਮਾਲਵੇ ਵਿੱਚ ਵੀ ਸੈਂਟਰ ਹਨ, ਕੈਂਸਰ ਇੰਸਟੀਚਿਊਟ ਬਣੇ ਹੋਏ ਹਨ ਅਤੇ ਮਾਝੇ ਵਿੱਚ ਵੀ ਬਣੇ ਹੋਏ ਹਨ। ਦੁਆਬੇ ਵਿੱਚ ਕੋਈ ਕੈਂਸਰ ਇੰਸਟੀਚਿਊਟ ਨਹੀਂ ਹੈ। ਤੁਸੀਂ ਦੁਆਬੇ ਦੀ ਧਰਤੀ ਦੇ ਜੰਮਪਲ ਹੋ। ਕੀ ਦੁਆਬੇ ਨੂੰ ਨਵਾਂ ਕੈਂਸਰ ਇੰਸਟੀਚਿਊਟ ਦੇ ਰਹੇ ਹੋ, ਖਾਸ ਕਰਕੇ ਸ਼ਹੀਦ ਭਗਤ ਸਿੰਘ ਨਗਰ ਵਿੱਚ ਕੋਈ ਕੈਂਸਰ ਇੰਸਟੀਚਿਊਟ ਦਿੱਤਾ ਜਾ ਰਿਹਾ ਹੈ?

**ਮੰਤਰੀ** : ਸਰ, ਜਿਹੜੇ ਡੇਅ ਕੇਅਰ ਸੈਂਟਰ ਹਨ, ਉਹ ਸਾਰੇ ਜ਼ਿਲ੍ਹਿਆਂ ਵਿੱਚ ਬਣਾਏ ਜਾਣੇ ਹਨ। ਦੁਆਬੇ ਵਿੱਚ ਬਹੁਤ ਜਲਦੀ ਮੈਡੀਕਲ ਕਾਲਜ ਦਿੱਤਾ ਜਾ ਰਿਹਾ ਹੈ। ਉੱਥੇ ਡੇਅ ਕੇਅਰ ਸੈਂਟਰ ਵੀ ਸ਼ੁਰੂ ਹੋਵੇਗਾ। ਉਸ ਵਿੱਚ ਕੈਂਸਰ

ਰਜਿਸਟਰੀ ਵੀ ਬਣੇਗੀ। ਜਿੱਥੇ ਜਿੱਥੇ ਮੈਡੀਕਲ ਕਾਲਜ ਹੋਣਗੇ ਸਾਰਿਆਂ ਵਿੱਚ ਕੈਂਸਰ ਰਜਿਸਟਰੀਆਂ ਬਣਾਈਆਂ ਜਾਣਗੀਆਂ ਅਤੇ ਸਰਵੇ ਵੀ ਕੀਤਾ ਜਾਵੇਗਾ। ਅਸੀਂ ਆਲਰੇਡੀ ਸਾਰੇ ਪੰਜਾਬ ਵਿੱਚ ਸਰਵੇ ਕਰ ਰਹੇ ਹਾਂ। ਧੰਨਵਾਦ ਜੀ।

**ਮਾਣਯੋਗ ਸਪੀਕਰ:** ਠੀਕ ਹੈ।

---

## ਫਰੀਦਕੋਟ ਦਾ ਮਾਸਟਰ ਪਲਾਨ ਮਨਜ਼ੂਰ ਕਰਨਾ

***1707. ਸਰਦਾਰ ਗੁਰਦਿੱਤ ਸਿੰਘ ਸੇਖੋਂ** : ਕੀ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਇਸ ਸਮੇਂ ਪੰਜਾਬ ਦੇ ਕਿੰਨੇ ਸ਼ਹਿਰਾਂ ਦੇ ਮਾਸਟਰ ਪਲਾਨ ਮਨਜ਼ੂਰ ਹੋ ਚੁੱਕੇ ਹਨ ਅਤੇ ਫਰੀਦਕੋਟ ਦਾ ਮਾਸਟਰ ਪਲਾਨ ਕਦੋਂ ਤੱਕ ਮਨਜ਼ੂਰ ਹੋਵੇਗਾ; ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਹਰਦੀਪ ਸਿੰਘ ਮੁੰਡੀਆਂ**: ਸ੍ਰੀਮਾਨ ਜੀ, 'ਦਿ ਪੰਜਾਬ ਰਿਜ਼ਨਲ ਐਂਡ ਟਾਊਨ ਪਲਾਨਿੰਗ ਐਂਡ ਡਿਵੈਲਪਮੈਂਟ ਐਕਟ, 1995' ਵਿੱਚ ਦਰਜ ਸੈਕਸ਼ਨ 56 (1) ਤੋਂ ਲੈ ਕੇ ਸੈਕਸ਼ਨ 70 (5) ਵਿੱਚ ਦਰਜ ਪ੍ਰਕਿਰਿਆ ਅਪਣਾਉਂਦੇ ਹੋਏ ਪੰਜਾਬ ਰਾਜ ਅੰਦਰ ਮਾਸਟਰ ਪਲਾਨ ਤਿਆਰ ਕੀਤੇ ਜਾਂਦੇ ਹਨ। ਉਕਤ ਐਕਟ ਅਧੀਨ ਕੁੱਲ 141 ਲੋਕਲ ਪਲਾਨਿੰਗ ਏਰੀਆ (ਐਲ.ਪੀ.ਏ.) ਹਨ, ਜਿਨ੍ਹਾਂ ਵਿੱਚੋਂ 48 ਨੋਟੀਫਾਈਡ ਮਾਸਟਰ ਪਲਾਨ ਹਨ ਅਤੇ ਬਾਕੀ 93 ਤਿਆਰੀ ਅਧੀਨ ਹਨ। ਵਿਭਾਗ ਵੱਲੋਂ ਮਾਸਟਰ ਪਲਾਨ ਫਰੀਦਕੋਟ ਨੂੰ ਤਿਆਰ ਕਰਨ ਲਈ ਇੱਕ ਸਾਲ ਦਾ ਟੀਚਾ ਮਿੱਥਿਆ ਗਿਆ ਹੈ।

**ਸਰਦਾਰ ਗੁਰਦਿੱਤ ਸਿੰਘ ਸੇਖੋਂ** : ਮਾਣਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਫਰੀਦਕੋਟ ਸ਼ਹਿਰ ਪੰਜਾਬ ਦਾ ਬਹੁਤ ਪੁਰਾਣਾ ਅਤੇ ਇਤਿਹਾਸਕ ਸ਼ਹਿਰ ਹੈ। ਜੇਕਰ ਪੰਜਾਬ ਦੇ ਕਿਸੇ ਸ਼ਹਿਰ ਦੀ ਸਭ ਤੋਂ ਪੁਰਾਣੀ ਹੋਂਦ ਹੈ ਤਾਂ 810 ਸਾਲ ਪਹਿਲਾਂ ਫਰੀਦਕੋਟ ਸ਼ਹਿਰ ਵਿੱਚ ਸ਼ੇਖ ਫਰੀਦ ਜੀ ਨੇ ਆਪਣੇ ਚਰਨ ਪਾਏ, ਉਹ ਜਗ੍ਹਾ ਅੱਜ ਵੀ ਸਹੀ ਸਲਾਮਤ ਹੈ। ਫਰੀਦਕੋਟ ਸ਼ਹਿਰ ਵਿਰਾਸਤੀ ਸ਼ਹਿਰ ਹੈ। ਉੱਥੇ ਅੱਜ ਵੀ ਬਹੁਤ ਖੂਬਸੂਰਤ ਬਿਲਡਿੰਗਾਂ ਹਨ। ਸਾਡੀਆਂ ਕਚਹਿਰੀਆਂ ਏਸ਼ੀਆ ਦੀਆਂ ਸਭ ਤੋਂ ਸੁੰਦਰ ਕਚਹਿਰੀਆਂ ਹਨ। ਜੇਕਰ ਅਸੀਂ ਫਰੀਦਕੋਟ ਦਾ ਕਿਲ੍ਹਾ ਦੇਖੀਏ ਤਾਂ ਪੂਰੇ ਪੰਜਾਬ ਵਿੱਚ ਉਸ ਤਰ੍ਹਾਂ ਦਾ ਕਿਲ੍ਹਾ ਨਹੀਂ ਹੈ। ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਰਾਜਸਥਾਨ ਅਤੇ ਦਿੱਲੀ ਤੱਕ ਦੇ ਏਰੀਏ ਨੂੰ ਟੂਰਿਜ਼ਮ ਦੇ ਵਿੱਚ ਪ੍ਰਮੋਟ ਕਰ ਸਕਦੇ ਹਾਂ। ਫਰੀਦਕੋਟ ਸ਼ਹਿਰ ਦੇ ਵਿੱਚ ਹੋਰ ਵੀ ਵਿਰਾਸਤੀ ਬਿਲਡਿੰਗਾਂ ਹਨ ਪਰੰਤੂ ਫਰੀਦਕੋਟ ਸ਼ਹਿਰ ਦਾ ਹਾਲੇ ਤੱਕ ਮਾਸਟਰ ਪਲਾਨ ਨਹੀਂ ਬਣਿਆ ਹੈ। ਫਰੀਦਕੋਟ ਸ਼ਹਿਰ ਦੀ ਜਿਹੜੀ ਭੂਗੋਲਿਕ ਸਥਿਤੀ ਹੈ, ਉਸ ਦੇ ਦੋ ਪਾਸਿਆਂ ਤੋਂ ਨਹਿਰ ਲੰਘਦੀ ਹੈ ਔਰ ਇਸ ਦੇ ਤੀਜੇ ਪਾਸੇ ਛਾਉਣੀ ਹੈ। ਸਾਰੀ ਆਰਮੀ ਸ਼ਹਿਰ ਦੇ ਵਿੱਚੋਂ ਹੀ ਲੰਘਦੀ ਹੈ। ਪਿੱਛੇ ਜਿਹੇ ਭਾਰਤ ਸਰਕਾਰ ਦੇ ਨੈਸ਼ਨਲ ਹਾਈਵੇਅ ਨੇ ਇੱਕ ਬਾਈਪਾਸ ਦੀ ਪਲਾਨਿੰਗ ਕੀਤੀ ਸੀ ਜਿਹੜੀ ਕਿ ਪੂਰੇ ਫਰੀਦਕੋਟ ਸ਼ਹਿਰ ਦੇ ਉੱਪਰ ਦੀ ਘੁੰਮਣੀ ਸੀ।

**ਮਾਣਯੋਗ ਸਪੀਕਰ** : ਸਵਾਲ ਪੁੱਛੋ, ਸਵਾਲ।

**ਸਰਦਾਰ ਗੁਰਦਿੱਤ ਸਿੰਘ ਸੇਖੋਂ** : ਸਰ, ਸਵਾਲ ਇਹ ਹੈ ਕਿ ਫਰੀਦਕੋਟ ਸ਼ਹਿਰ ਦੀ ਭੂਗੋਲਿਕ ਸਥਿਤੀ ਦੇ ਹਿਸਾਬ ਨਾਲ ਆਵਾਜਾਈ ਬਹੁਤ ਹੈ ਪਰੰਤੂ ਇਸ ਦਾ ਹਾਲੇ ਤੱਕ ਮਾਸਟਰ ਪਲਾਨ ਤਿਆਰ ਨਹੀਂ ਹੋਇਆ ਹੈ। ਸੋ, ਸਾਡਾ ਮਾਸਟਰ ਪਲਾਨ ਤਿਆਰ ਕੀਤਾ ਜਾਵੇ ਤਾਂ ਕਿ ਸ਼ਹਿਰ ਦੇ ਲੋਕਾਂ ਨੂੰ ਜਾਂ ਬਾਹਰੋਂ ਆਉਂਦੇ ਲੋਕਾਂ ਨੂੰ ਜਿਹੜੀਆਂ ਸਮੱਸਿਆਵਾਂ ਆਉਂਦੀਆਂ ਹਨ, ਉਨ੍ਹਾਂ ਦਾ ਹੱਲ ਹੋ ਸਕੇ।

**ਮਾਣਯੋਗ ਸਪੀਕਰ** : ਮੰਤਰੀ ਜੀ, ਕੀ ਤੁਸੀਂ ਫਰੀਦਕੋਟ ਸ਼ਹਿਰ ਦਾ ਮਾਸਟਰ ਪਲਾਨ ਤਿਆਰ ਕਰੋਗੇ? ਮੈਂ ਇੱਥੇ ਇੱਕ ਗੱਲ ਨਾਲ ਐਡ ਕਰਨੀ ਚਾਹੁੰਦਾ ਹਾਂ ਕਿ ਫਰੀਦਕੋਟ ਸ਼ਹਿਰ ਨੂੰ ਜੇਕਰ ਟੂਰਿਜ਼ਮ ਦੇ ਪੱਖ ਤੋਂ push ਦਿਓ ਤਾਂ ਇਹ ਨੈਸ਼ਨਲ ਕੈਨਵਸ ਤੇ ਆ ਸਕਦਾ ਹੈ। ਉੱਥੋਂ ਦਾ ਇੰਨਾ ਇਤਿਹਾਸ ਹੈ, ਕਿਲ੍ਹੇ ਹਨ, ਪੁਰਾਣੀਆਂ ਇਮਾਰਤਾਂ ਹਨ। ਇਸ ਬਾਰੇ ਸੋਚਿਆ ਜਾਵੇ। ਹਾਂ ਜੀ, ਮੰਤਰੀ ਜੀ, ਕੀ ਤੁਸੀਂ ਫਰੀਦਕੋਟ ਸ਼ਹਿਰ ਦਾ ਮਾਸਟਰ ਪਲਾਨ ਤਿਆਰ ਕਰੋਗੇ?

**ਮੰਤਰੀ** : ਮਾਣਯੋਗ ਸਪੀਕਰ ਸਾਹਿਬ, ਫਰੀਦਕੋਟ ਸ਼ਹਿਰ ਦਾ ਮਾਸਟਰ ਪਲਾਨ ਦਾ ਕੰਮ ਪੰਜਾਬ ਰਿਮੋਟ ਸੈਂਸਿੰਗ ਸੈਂਟਰ ਲੁਧਿਆਣਾ ਪਾਸੋਂ ਤਿਆਰ ਕਰਵਾਇਆ ਜਾ ਰਿਹਾ ਹੈ। ਸੋ, ਬੇਸ ਮੈਪ ਮੌਜੂਦਾ ਵਰਤੋਂ ਪਲਾਨ ਤੇ ਲਗਭਗ 35% ਕੰਮ ਹੋ ਚੁੱਕਾ ਹੈ। ਇੱਕ ਸਾਲ ਦੇ ਅੰਦਰ ਅੰਦਰ ਮਾਸਟਰ ਪਲਾਨ ਤਿਆਰ ਕਰਨ ਦਾ ਟੀਚਾ ਮਿੱਥਿਆ ਗਿਆ ਹੈ। ਜਿਵੇਂ ਮਾਣਯੋਗ ਵਿਧਾਇਕ ਸਾਹਿਬ ਨੇ ਦੱਸਿਆ ਹੈ ਕਿ ਸ਼ਹਿਰ ਦੇ ਵਿੱਚ ਸੜਕਾਂ ਦੀ ਪ੍ਰਾਬਲਮ ਹੈ, ਉਸ ਸਭ ਨੂੰ ਮੁੱਖ ਰੱਖਦੇ ਹੋਏ ਮਾਸਟਰ ਪਲਾਨ ਬਣ ਜਾਣਾ ਹੈ।

**ਸਰਦਾਰ ਗੁਰਦਿੱਤ ਸਿੰਘ ਸੇਖੋਂ** : ਸਰ, ਇੱਕ ਬੇਨਤੀ ਹੈ ਕਿ ਜਿਹੜਾ ਤੁਸੀਂ ਮਾਸਟਰ ਪਲਾਨ ਤਿਆਰ ਕਰ ਰਹੇ ਹੋ, ਕਿਰਪਾ ਕਰਕੇ ਸਾਨੂੰ ਵੀ ਦਿਖਾ ਦਿੱਤਾ ਜਾਵੇ।

**ਮਾਣਯੋਗ ਸਪੀਕਰ**: ਸ਼ੇਅਰ ਕਰ ਦਿਓ ਜੀ।

**ਸਰਦਾਰ ਗੁਰਦਿੱਤ ਸਿੰਘ ਸੇਖੋਂ** : ਕਿਉਂਕਿ ਪਿਛਲੀ ਵਾਰ ਤੁਹਾਨੂੰ ਵੀ ਪਤਾ ਹੋਣਾ ਕਿ ਫਰੀਦਕੋਟ ਸ਼ਹਿਰ ਦੇ ਵਿੱਚ ਇੱਕ ਰੇਲਵੇ ਓਵਰ ਬਰਿੱਜ ਬਣਿਆ ਹੈ, ਇਹ ਇੱਕ ਪਾਸੇ ਤੋਂ 33 ਫੁੱਟ ਚੌੜਾ ਹੈ ਤੇ ਦੂਜੇ ਪਾਸੇ ਤੋਂ 22 ਫੁੱਟ ਚੌੜਾ ਹੈ।

**ਮਾਣਯੋਗ ਸਪੀਕਰ**: ਇਹ ਵੀ ਇੱਕ ਅਜੂਬਾ ਹੈ ਜੀ। (ਹਾਸਾ)

**ਸਰਦਾਰ ਗੁਰਦਿੱਤ ਸਿੰਘ ਸੇਖੋਂ** : ਹਾਂ ਜੀ। ਜਦੋਂ ਦਫਤਰਾਂ ਵਿੱਚ ਬੈਠ ਕੇ ਕੋਈ ਨਕਸ਼ਾ ਬਣਾਉਂਦੇ ਹਾਂ ਤਾਂ ਜਦੋਂ ਜ਼ਮੀਨ ਤੇ ਜਾ ਕੇ ਦੇਖਦੇ ਹਾਂ ਤਾਂ ਕੁਝ ਹੋਰ ਵੇਖਣ ਨੂੰ ਮਿਲਦਾ ਹੈ।

**ਮਾਣਯੋਗ ਸਪੀਕਰ**: ਥੈਂਕ ਯੂ ਜੀ। ਉਹ ਵੀ ਇੱਕ ਅਜੂਬਾ ਹੈ।

---

**ਪਸ਼ੂਆਂ ਲਈ ਮੋਬਾਇਲ ਵੈਟਰਨਰੀ ਯੂਨਿਟ ਲਗਾਉਣਾ**

***1721. ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ** : ਕੀ ਪਸ਼ੂ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਸ਼ੂ ਡਿਸਪੈਂਸਰੀਆਂ ਦੀ ਥਾਂ ਤੇ ਮੋਬਾਇਲ ਵੈਟਰਨਰੀ ਯੂਨਿਟ ਸਥਾਪਿਤ ਕਰਨ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਗੁਰਮੀਤ ਸਿੰਘ ਖੁੱਡੀਆਂ**: ਜੀ ਨਹੀਂ ਜੀ, ਪਸ਼ੂ ਡਿਸਪੈਂਸਰੀਆਂ ਦੀ ਥਾਂ ਤੇ ਮੋਬਾਇਲ ਵੈਟਰਨਰੀ ਯੂਨਿਟ ਸਥਾਪਿਤ ਕਰਨ ਦੀ ਕੋਈ ਤਜਵੀਜ਼ ਨਹੀਂ ਹੈ।

**ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ** : ਸਪੀਕਰ ਸਾਹਿਬ, ਮੈਂ ਸਾਰੇ ਸਦਨ ਨੂੰ ਅਤੇ ਮੰਤਰੀ ਸਾਹਿਬ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਪਹਿਲਾਂ ਪਸ਼ੂ ਚਰਦੇ ਹੁੰਦੇ ਸੀ ਲੇਕਿਨ ਹੁਣ ਉਨ੍ਹਾਂ ਨੂੰ ਕਿੱਲੇ ਤੋਂ ਖੋਲ੍ਹਣਾ ਤੇ ਘਰ ਤੋਂ ਲਿਜਾਉਣਾ ਖਤਰੇ ਤੋਂ ਖਾਲੀ ਨਹੀਂ ਹੈ। ਇਸ ਲਈ ਅੱਜ ਸਾਨੂੰ ਵੈਟਰਨਰੀ ਹਸਪਤਾਲਾਂ ਦੀ ਲੋੜ ਨਹੀਂ ਹੈ ਬਲਕਿ ਸਾਨੂੰ ਮੋਬਾਇਲ ਵੈਟਰਨਰੀ ਗੱਡੀਆਂ ਦੀ ਲੋੜ ਹੈ ਤਾਂ ਜੋ ਬੰਦਾ ਪਸ਼ੂਆਂ ਨੂੰ ਕਿਤੇ ਵੀ ਲਿਜਾ ਕੇ ਆਪਣੇ ਪਸ਼ੂਆਂ ਦਾ ਇਲਾਜ ਕਰਵਾ ਸਕੇ। ਇਸ ਕਰਕੇ ਮੈਂ ਮਾਣਯੋਗ ਮੰਤਰੀ ਜੀ ਨੂੰ ਇਹ ਕਹਾਂਗਾ ਕਿ ਇਹ ਜ਼ਰੂਰੀ ਹੈ ਕਿ ਇਸ ਵੱਲ ਖਿਆਲ ਕੀਤਾ ਜਾਵੇ।

**ਮਾਣਯੋਗ ਸਪੀਕਰ** : ਠੀਕ ਹੈ ਜੀ। ਮੰਤਰੀ ਸਾਹਿਬ ਨਾਂ ਤਾਂ ਕਹਿ ਹੀ ਚੁੱਕੇ ਹਨ। ਹਾਂ ਜੀ, ਮੰਤਰੀ ਜੀ।

**ਮੰਤਰੀ** : ਮਾਣਯੋਗ ਸਪੀਕਰ ਸਾਹਿਬ, ਜਿਹੜਾ ਪਸ਼ੂ ਪਾਲਣ ਵਿਭਾਗ ਹੈ, ਮੈਂ ਦੱਸਣਾ ਚਾਹੁੰਦਾ ਹਾਂ ਕਿ ਪਸ਼ੂਆਂ ਦੀ ਸਿਹਤ ਸਹੂਲਤ ਲਈ 1367 ਸਿਵਲ ਹਸਪਤਾਲ ਹਨ, 1489 ਸਿਵਲ ਪਸ਼ੂ ਡਿਸਪੈਂਸਰੀਆਂ ਹਨ। 22 ਜ਼ਿਲ੍ਹਿਆਂ ਵਿੱਚ ਜ਼ਿਲ੍ਹਾ ਪੱਧਰ ਦੇ ਵੈਟਰਨਰੀ ਪੌਲੀਕਲੀਨਿਕ ਚੱਲ ਰਹੇ ਹਨ। ਹਰੇਕ ਵੈਟਰਨਰੀ ਸੰਸਥਾ ਔਸਤਨ 2500 ਪਸ਼ੂਆਂ ਨੂੰ ਸਿਹਤ ਸਹੂਲਤਾਂ ਪ੍ਰਦਾਨ ਕਰਦੀ ਹੈ ਅਤੇ ਸਾਢੇ 4 ਕਿਲੋਮੀਟਰ ਦੇ ਏਰੀਏ ਦੇ ਵਿੱਚ ਵਿੱਚ ਹਸਪਤਾਲ ਹੈ। ਇਸ ਸਮੇਂ ਵਿਭਾਗ ਵੱਲੋਂ ਪਸ਼ੂ ਪਾਲਕ ਪੱਧਰ ਵੈਟਰਨਰੀ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਡਿਸਪੈਂਸਰੀਆਂ ਦੀ ਥਾਂ ਮੋਬਾਈਲ ਵੈਟਰਨਰੀ ਯੂਨਿਟਾਂ ਦੀ ਸਥਾਪਨਾ ਕਰਨ ਸਬੰਧੀ ਸਰਕਾਰ ਦੀ ਤਜਵੀਜ਼ ਨਹੀਂ ਹੈ ਕਿਉਂਕਿ ਉਸ ਦਾ ਰੱਖ-ਰਖਾਵ ਅਤੇ ਹੋਰ ਕਾਫੀ ਕੁਝ ਵੱਧ ਜਾਂਦਾ ਹੈ, ਇਸ ਲਈ ਅਸੀਂ ਇੱਕ ਮੋਬਾਈਲ ਵੈਟਰਨਰੀ ਯੂਨਿਟ ਲਿਫਟ ਸਿਸਟਮ ਦੀ ਤਜਵੀਜ਼ ਭਾਰਤ ਸਰਕਾਰ ਅੱਗੇ ਰੱਖੀ ਹੈ ਕਿ ਉਹ ਇਸ ਨੂੰ ਮਨਜ਼ੂਰੀ ਦੇਣ ਅਤੇ ਸਾਡੀ ਮਦਦ ਕਰਨ। ਇਸ ਲਈ ਅਸੀਂ ਉਹ ਜ਼ਰੂਰ ਬਣਾਵਾਂਗੇ ਅਤੇ ਲੋੜ ਪੈਣ ਤੇ ਜੋ ਵੀ ਸੰਭਵ ਹੋਵੇਗਾ, ਉਹ ਕਰਾਂਗੇ ਕਿਉਂਕਿ ਪੰਜਾਬ ਸਰਕਾਰ ਦਾ ਅਤੇ ਸਾਡੇ ਵਿਭਾਗ ਦਾ ਫਰਜ਼ ਬਣਦਾ ਹੈ ਕਿ ਅਸੀਂ ਇਨ੍ਹਾਂ ਬੇਜ਼ੁਬਾਨਾਂ ਦੀ ਸਿਹਤ ਦੇ ਮਾਮਲੇ ਵਿੱਚ ਵੱਧ ਤੋਂ ਵੱਧ ਸੇਵਾ ਕਰੀਏ, ਅਸੀਂ ਹਾਜ਼ਰ ਹਾਂ। ਮਿਹਰਬਾਨੀ ਜੀ।

**ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ**: ਧੰਨਵਾਦ ਜੀ।

**ਮਾਣਯੋਗ ਸਪੀਕਰ** : ਠੀਕ ਹੈ ਜੀ। Thank you, ਇਸ ਵਿੱਚ ਮੈਂ ਇੱਕ ਗੱਲ ਐਡ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਮਿਲਕ ਪ੍ਰੋਡਕਟਸ spurious ਆਉਂਦੇ ਹਨ, ਪਿਛਲੇ ਦਿਨੀਂ ਅਸੀਂ ਉਨ੍ਹਾਂ ਸਬੰਧੀ ਫਰੀਦਕੋਟ, ਕੋਟਕਪੂਰੇ ਵਿੱਚ ਇੱਕ ਮੁਹਿੰਮ ਚਲਾਈ ਸੀ ਅਤੇ ਪਨੀਰ ਦੀ ਟੈਸਟਿੰਗ ਕਰਵਾਈ ਸੀ ਤਾਂ ਇਹ ਪਤਾ ਲੱਗਾ ਕਿ ਸਾਨੂੰ ਇਸ ਖੇਤਰ ਵਿੱਚ ਬਹੁਤ ਕੰਮ ਕਰਨ ਦੀ ਲੋੜ ਹੈ। ਇਸ ਦੇ ਨਾਲ ਪਸ਼ੂ ਪਾਲਣ ਦਾ ਧੰਦਾ ਵੀ ਵਧੇਗਾ ਕਿਉਂਕਿ ਪਸ਼ੂ ਪਾਲਕਾਂ ਨੂੰ ਉਨ੍ਹਾਂ ਦੇ ਦੁੱਧ ਦਾ

ਸਹੀ ਮੁੱਲ ਮਿਲ ਸਕੇਗਾ। ਮੈਂ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਸਾਹਿਬ ਨੂੰ ਕਹਿੰਦਾ ਹਾਂ ਕਿ ਇਸ ਦੀ ਟੈਸਟਿੰਗ ਲਈ ਲੈਬਜ਼ ਨੂੰ revamp ਕਰਵਾਈਏ, ਇਹ ਬਹੁਤ ਵੱਡਾ ਪੁੰਨ ਹੋਵੇਗਾ ਜੀ।

———

**STATEMENT BY THE HON'BLE MINISTER OF HEALTH AND FAMILY WELFARE FOR SPREADING HEALTH EDUCATION CAMPAIGN BY LAUNCHING TEST DRIVE FOR INSPECTION OF MILK PRODUCTS**

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ (ਡਾਕਟਰ ਬਲਬੀਰ ਸਿੰਘ) :** ਸਪੀਕਰ ਸਾਹਿਬ, ਤੁਹਾਡੇ ਮੂੰਹ ਵਿੱਚ ਘਿਓ ਸ਼ੱਕਰ ਜੀ। ਅਸੀਂ ਪਹਿਲੀ ਅਪ੍ਰੈਲ ਤੋਂ ਮਿਲਕ ਪ੍ਰੋਡਕਟਸ ਦੀ ਇੰਸਪੈਕਸ਼ਨ ਸਬੰਧੀ ਕੰਪੇਨ ਸ਼ੁਰੂ ਕਰ ਰਹੇ ਹਾਂ। ਸਾਡੇ ਕੋਲ ਹਰ ਜ਼ਿਲ੍ਹੇ ਵਿੱਚ ਮੋਬਾਈਲ ਟੈਸਟਿੰਗ ਲੈਬ ਹੈ। ਸਪੀਕਰ ਸਾਹਿਬ, ਮੈਂ ਸਾਰੇ ਮੈਂਬਰ ਸਾਹਿਬਾਨ ਨੂੰ ਔਰ ਜਿੱਥੋਂ ਤੱਕ ਵੀ ਮੇਰੀ ਆਵਾਜ਼ ਪਹੁੰਚਦੀ ਹੈ, ਜਿਹੜੇ ਫੂਡ ਬਿਜ਼ਨਸ ਆਪਰੇਟਰਜ਼ ਹਨ, ਜਿਹੜੇ ਪਨੀਰ ਬਣਾਉਣ ਅਤੇ ਵੇਚਣ ਵਾਲੇ ਹਨ, ਉਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਵੀ ਮਿਲਕ ਪ੍ਰੋਡਕਟਸ ਪਨੀਰ, ਖੋਆ, ਦੇਸੀ ਘਿਓ, ਮਸਾਲੇ ਆਦਿ ਹਨ, ਉਹ ਤੁਸੀਂ ਸਾਰੇ ਚੈੱਕ ਕਰਵਾ ਸਕਦੇ ਹੋ, ਇਸ ਵਿੱਚ ਕਿਸੇ ਨੂੰ ਕੋਈ ਸਜ਼ਾ ਨਹੀਂ ਹੋਵੇਗੀ ਲੇਕਿਨ ਜਿਹੜੇ ਬੰਦੇ ਚੈੱਕ ਨਹੀਂ ਕਰਵਾਉਣਗੇ, ਫਿਰ ਅਸੀਂ ਮਜਬੂਰ ਹੋ ਕੇ ਉਨ੍ਹਾਂ ਦੇ ਸੈਂਪਲ ਭਰਾਂਗੇ ਲੇਕਿਨ ਜਿਹੜਾ ਖਾਣਾ ਹੈ, ਉਹ ਸ਼ੁੱਧ ਹੋਣਾ ਚਾਹੀਦਾ ਹੈ। ਉਸ ਵਾਸਤੇ ਅਸੀਂ ਖਾਸ 15 ਦਿਨ ਦੀ ਐਜੂਕੇਸ਼ਨਲ ਕੰਪੇਨ ਅਤੇ ਟੈਸਟਿੰਗ ਕੰਪੇਨ run ਕਰ ਰਹੇ ਹਾਂ।

**ਮਾਣਯੋਗ ਸਪੀਕਰ :** ਬਹੁਤ ਧੰਨਵਾਦ, ਬਹੁਤ ਧੰਨਵਾਦ। ਮੰਤਰੀ ਜੀ ਤੁਹਾਡਾ, ਬਹੁਤ ਧੰਨਵਾਦ।

———

## STARRED QUESTIONS AND ANSWERS *(Resumption)*

### ਹਲਕਾ ਦਸੂਹਾ ਦੇ ਕੰਢੀ ਇਲਾਕੇ ਵਿੱਚ ਟਿਊਬਵੈੱਲ ਲਗਾਉਣਾ

***1663. ਸਰਦਾਰ ਕਰਮਬੀਰ ਸਿੰਘ :** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਦਸੂਹਾ ਦੇ ਕੰਢੀ ਏਰੀਏ ਵਿੱਚ ਸਿੰਚਾਈ ਲਈ ਪਾਣੀ ਦੀ ਬਹੁਤ ਘਾਟ ਹੈ ਅਤੇ ਪਿਛਲੇ ਸਮੇਂ ਵਿੱਚ ਸਿੰਚਾਈ ਲਈ ਕੁਝ ਨਵੇਂ ਟਿਊਬਵੈੱਲ ਪਾਸ ਹੋਏ ਸੀ ਪਰ ਉਨ੍ਹਾਂ ਦਾ ਕੰਮ ਸ਼ੁਰੂ ਨਹੀਂ ਕੀਤਾ ਗਿਆ; ਜੇਕਰ ਅਜਿਹਾ ਹੈ ਤਾਂ ਪਾਸ ਕੀਤੇ ਗਏ ਟਿਊਬਵੈੱਲ ਜਾਂ ਹੋਰ ਨਵੇਂ ਬੋਰ ਲਗਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸ਼੍ਰੀ ਬਰਿੰਦਰ ਕੁਮਾਰ ਗੋਇਲ:**

1. ਇਹ ਕਹਿਣਾ ਗਲਤ ਹੈ ਕਿ ਦਸੂਹਾ ਹਲਕੇ ਵਿੱਚ ਸਿੰਚਾਈ ਲਈ ਪਾਣੀ ਦੀ ਭਾਰੀ ਘਾਟ ਹੈ। ਇਸ ਵੇਲੇ ਕੁੱਲ 57% ਤੋਂ ਵੱਧ ਖੇਤਰ ਨਹਿਰੀ ਪਾਣੀ ਜਾਂ ਸਰਕਾਰੀ ਟਿਊਬਵੈੱਲਾਂ ਨਾਲ ਸਿੰਜਿਆ ਜਾ ਰਿਹਾ ਹੈ।
2. 502 ਡੂੰਘੇ ਟਿਊਬਵੈੱਲ ਪ੍ਰੋਜੈਕਟ ਦੇ ਤਹਿਤ ਦਸੂਹਾ ਹਲਕੇ ਵਿੱਚ 37 ਟਿਊਬਵੈੱਲ ਲਗਾਉਣ ਦਾ ਪ੍ਰਸਤਾਵ ਸੀ, ਜਿਨ੍ਹਾਂ ਵਿੱਚੋਂ ਸਾਲ 2023-24 ਵਿੱਚ 6 ਨਵੇਂ ਟਿਊਬਵੈੱਲ ਲਗਾਏ ਗਏ ਸਨ, ਜੋ 403.87 ਲੱਖ ਰੁਪਏ ਦੀ ਲਾਗਤ ਨਾਲ 680 ਏਕੜ ਦੇ ਖੇਤਰ ਨੂੰ ਕਵਰ ਕਰਦੇ ਹਨ।
3. ਪੰਜਾਬ ਦਾ ਦਸੂਹਾ ਬਲਾਕ ਭੂਮੀਗਤ ਪਾਣੀ ਕੱਢਣ ਵਿੱਚ over exploited ਸ਼੍ਰੇਣੀ (143%) ਵਿੱਚ ਆਉਂਦਾ ਹੈ। ਇਸ ਲਈ ਸਰਕਾਰ ਹੁਣ ਨਵੇਂ ਡੂੰਘੇ ਟਿਊਬਵੈੱਲ ਲਗਾਉਣ ਦੀ ਬਜਾਏ ਨਹਿਰੀ ਸਿੰਚਾਈ ਅਧੀਨ ਵਾਧੂ ਖੇਤਰ ਲਿਆਉਣ 'ਤੇ ਧਿਆਨ ਕੇਂਦਰਿਤ ਕਰ ਰਹੀ ਹੈ। ਇਸ ਅਨੁਸਾਰ, ਇਸ ਪੜਾਅ 'ਤੇ ਦਸੂਹਾ ਹਲਕੇ ਵਿੱਚ ਕੋਈ ਨਵਾਂ ਟਿਊਬਵੈੱਲ ਪ੍ਰਸਤਾਵਿਤ ਨਹੀਂ ਹੈ। ਹਾਲਾਂਕਿ, ਇਸ ਲੋੜ ਨੂੰ ਨਹਿਰੀ ਨੈੱਟਵਰਕ/ਪਾਈਪਲਾਈਨ ਰਾਹੀਂ ਪੂਰਾ ਕੀਤਾ ਜਾਵੇਗਾ।
4. ਵਿੱਤੀ ਸਾਲ 2026-27 ਵਿੱਚ ਦਸੂਹਾ ਬਲਾਕ ਵਿੱਚ ਹੇਠ ਲਿਖੇ ਕੰਮ ਕੀਤੇ ਜਾਣ ਦੀ ਯੋਜਨਾ ਹੈ:-
   1. ਸਾਲ 2026-27 ਵਿੱਚ 10 ਪਿੰਡਾਂ ਵਿੱਚ ਮਾਈਕਰੋ ਸਿੰਚਾਈ ਪ੍ਰੋਜੈਕਟ ਚਲਾਉਣ ਦੀ ਯੋਜਨਾ ਹੈ ਜੋ ਦਸੂਹਾ ਹਲਕੇ ਵਿੱਚ 489 ਏਕੜ ਵਾਧੂ ਸਿੰਚਾਈ ਸਹੂਲਤਾਂ ਪ੍ਰਦਾਨ ਕਰਨਗੇ।
   2. ਦਸੂਹਾ ਹਲਕੇ ਵਿੱਚ ਕੰਢੀ ਨਹਿਰ ਤੋਂ ਪਾਈਪਲਾਈਨ ਵਿਸਥਾਰ ਲਈ ਇੱਕ ਨਵਾਂ ਪ੍ਰੋਜੈਕਟ ਚਲਾਉਣ ਦੀ ਯੋਜਨਾ ਹੈ, ਜਿਸ ਨਾਲ ਨਹਿਰੀ ਸਿੰਚਾਈ ਹੇਠ 3307 ਏਕੜ ਵਾਧੂ ਰਕਬਾ ਆਵੇਗਾ।
   3. ਉਪਰੋਕਤ ਕੰਮ ਪੂਰਾ ਹੋਣ ਤੋਂ ਬਾਅਦ ਕੁੱਲ 34,873 ਏਕੜ (64%) ਨਹਿਰੀ ਸਿੰਚਾਈ ਅਧੀਨ ਲਿਆਂਦਾ ਜਾਵੇਗਾ।

ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਣਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ, ਇਨ੍ਹਾਂ ਨੇ ਕਿਹਾ ਹੈ ਕਿ ਦਸੂਹਾ ਕੰਢੀ ਏਰੀਏ ਵਿੱਚ ਸਿੰਚਾਈ ਦੀ ਬਹੁਤ ਵੱਡੀ ਘਾਟ ਹੈ। ਸੋ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਸਹੀ ਨਹੀਂ ਹੈ ਕਿ ਉੱਥੇ ਪਾਣੀ ਦੀ ਬਹੁਤ ਵੱਡੀ ਘਾਟ ਹੈ ਕਿਉਂਕਿ ਦਸੂਹਾ ਖੇਤਰ ਦਾ 57% ਤੋਂ ਵੱਧ ਏਰੀਆ, ਨਹਿਰੀ ਪਾਣੀ ਜਾਂ ਜੋ ਸਰਕਾਰੀ ਟਿਊਬਵੈੱਲ ਜੋ ਕਿ ਸਰਕਾਰ ਦੁਆਰਾ ਲਗਵਾਏ ਗਏ ਹਨ, ਉਨ੍ਹਾਂ ਰਾਹੀਂ ਸਿੰਜਿਆ ਜਾ ਰਿਹਾ ਹੈ। ਜਿਹੜੇ ਨਵੇਂ ਟਿਊਬਵੈੱਲ ਲਗਾਉਣ ਦੀ ਗੱਲ ਸੀ, 37 ਟਿਊਬਵੈੱਲ ਦਸੂਹਾ ਖੇਤਰ ਨੂੰ ਅਲਾਟ ਹੋਏ ਸਨ ਅਤੇ ਜਿਨ੍ਹਾਂ ਵਿੱਚੋਂ 6 ਟਿਊਬਵੈੱਲ 4,03,87,000/- ਰੁਪਏ ਦੀ ਲਾਗਤ ਨਾਲ ਲਗਾ ਦਿੱਤੇ ਗਏ ਹਨ। ਉਸ ਤੋਂ ਬਾਅਦ ਇੱਕ ਕਮੇਟੀ ਬਣੀ ਸੀ, ਇਸ ਕਮੇਟੀ ਨੇ ਮਿਤੀ 4.03.2025 ਨੂੰ ਆਪਣੀ ਰਿਪੋਰਟ ਦਿੱਤੀ ਸੀ ਕਿ ਦਸੂਹਾ ਖੇਤਰ over exploited zone ਹੈ, ਇੱਥੋਂ 143% ਪਾਣੀ exploit ਹੋ ਰਿਹਾ ਹੈ। ਸੋ, ਇਸ ਕਰਕੇ ਇੱਥੇ ਨਵੇਂ ਟਿਊਬਵੈੱਲ ਲਗਾਉਣ ਦੀ ਤਜਵੀਜ਼ ਉਸ ਵਿੱਚ ਨਹੀਂ ਰੱਖੀ ਗਈ ਸੀ ਪਰ ਦਸੂਹਾ ਖੇਤਰ ਨੂੰ ਪਾਣੀ ਦੇਣਾ ਹੈ, ਉਹ ਨਹਿਰੀ ਪਾਣੀ ਰਾਹੀਂ ਜਾਂ ਹੋਰ ਸਾਧਨਾਂ ਰਾਹੀਂ ਪਾਣੀ ਦੇਣ ਦੀ ਪੂਰੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਲਈ ਸਾਲ 2026-2027 ਵਿੱਚ ਸਾਡੀ ਮਾਈਕਰੋ ਸਿੰਚਾਈ ਪ੍ਰਾਜੈਕਟ ਚਲਾਉਣ ਦੀ ਤਜਵੀਜ਼ ਹੈ, ਜਿਸ ਰਾਹੀਂ 10 ਪਿੰਡਾਂ ਵਿੱਚ 479 ਏਕੜ ਨੂੰ ਸਿੰਚਾਈ ਸਹੂਲਤ ਪ੍ਰਦਾਨ ਕੀਤੀ ਜਾਵੇਗੀ ਅਤੇ ਅਸੀਂ 10 shallow tubewell projects ਵੀ ਇੱਥੇ ਲਗਾਏ ਹਨ, ਜਿਨ੍ਹਾਂ ਦੇ ਰਾਹੀਂ 925 ਏਕੜ ਰਕਬੇ ਨੂੰ ਪਾਣੀ ਦਿੱਤਾ ਜਾਵੇਗਾ। ਇਸ ਤੋਂ ਬਿਨਾਂ ਜਿਹੜੀ ਕੰਢੀ ਨਹਿਰ ਹੈ, ਇਸ ਨਹਿਰ ਦਾ ਕੰਮ

ਸਾਲ 1977 ਵਿੱਚ ਸ਼ੁਰੂ ਹੋਇਆ ਸੀ ਅਤੇ ਸਾਲ 1997 ਤੱਕ ਫੇਜ਼-1 ਪੂਰਾ ਹੋਇਆ ਸੀ ਅਤੇ ਸਾਲ 1997 ਤੋਂ ਬਾਅਦ ਇਸ ਦੇ ਐਸਟੀਮੇਟ ਬਣਦੇ ਰਹੇ, ਕੋਈ ਕੰਮ ਨਹੀਂ ਹੋਇਆ, ਐਸਟੀਮੇਟ ਬਣੇ, ਫਿਰ ਐਸਟੀਮੇਟ ਬਣੇ, ਉਹ ਅਲਟੀਮੇਟਲੀ ਸਾਲ 2023 ਵਿੱਚ ਸਾਡੀ ਸਰਕਾਰ ਬਣਨ ਤੋਂ ਬਾਅਦ ਉਸ ਕੰਢੀ ਨਹਿਰ ਦਾ ਕੰਮ ਪੂਰਾ ਹੋਇਆ ਹੈ ਅਤੇ ਹੁਣ ਅਸੀਂ ਉਸ ਕੰਢੀ ਨਹਿਰ ਦੇ ਪ੍ਰਾਜੈਕਟ ਰਾਹੀਂ ਦਸੂਹਾ ਹਲਕੇ ਦੇ 3307 ਏਕੜ ਰਕਬੇ ਨੂੰ ਵਾਧੂ ਪਾਣੀ ਦੇਣ ਦਾ ਪ੍ਰਬੰਧ ਕਰ ਰਹੇ ਹਾਂ ਤੇ ਇਸ ਦੇ ਨਾਲ ਦਸੂਹਾ ਖੇਤਰ ਦਾ 64% ਰਕਬਾ ਸਿੰਚਾਈ ਅਧੀਨ ਆ ਜਾਵੇਗਾ।

**ਮਾਣਯੋਗ ਸਪੀਕਰ** : ਧੰਨਵਾਦ। ਹਾਂ ਜੀ, ਸਰਦਾਰ ਕਰਮਬੀਰ ਸਿੰਘ ਜੀ।

**ਸਰਦਾਰ ਕਰਮਬੀਰ ਸਿੰਘ** : ਸਰ, ਇਹ ਬਿਲਕੁਲ ਠੀਕ ਹੈ ਕਿ ਜਿਹੜੀ ਕੰਢੀ ਕੈਨਾਲ ਨਹਿਰ ਆ ਰਹੀ ਹੈ, ਉਸ ਦੇ ਨਾਲ ਆਪਣੀ ਸਰਕਾਰ ਦੇ ਸਮੇਂ ਕਾਫੀ ਖੇਤਰਾਂ ਵਿੱਚ ਨਵੀਆਂ ਡਿਸਟ੍ਰੀਬਿਊਟਰੀਆਂ ਬਣੀਆਂ ਹਨ। ਕਾਫੀ ਖੇਤਾਂ ਨੂੰ ਪਾਣੀ ਲੱਗ ਗਿਆ ਹੈ ਪਰ ਮੇਰੀ ਮੰਤਰੀ ਸਾਹਿਬ ਨੂੰ ਬੇਨਤੀ ਹੈ ਕਿ ਜਿਹੜਾ ਤਲਵਾੜੇ ਤੋਂ ਉੱਪਰ ਵਾਲਾ ਏਰੀਆ ਹੈ, ਉੱਥੇ 37 ਟਿਊਬਵੈੱਲ ਪਾਸ ਹੋਏ ਸਨ, ਜਿਸ ਵਿੱਚੋਂ ਸਿਰਫ 06 ਲੱਗੇ ਹਨ। ਜਿਹੜੇ ਤੁਸੀਂ 10 ਪਿੰਡਾਂ ਦੀ ਗੱਲ ਕੀਤੀ ਹੈ, ਉੱਪਰਲੇ ਖੇਤਰ ਵਿੱਚ ਕਈ ਪਿੰਡ ਅਜਿਹੇ ਹਨ, ਉਸ ਵਿੱਚ ਕਵਰ ਨਹੀਂ ਹੋਣੇ। ਮੇਰੇ ਹਿਸਾਬ ਨਾਲ ਉਨ੍ਹਾਂ ਨੂੰ ਨਹਿਰ ਦਾ ਪਾਣੀ ਨਹੀਂ ਲੱਗਣਾ ਹੈ, ਤਕਰਬੀਨ ਤਿੰਨ ਸਾਲ ਤੋਂ ਦਿੱਕਤਾਂ ਨਾਲ ਉਥੇ ਖੇਤੀ ਕੀਤੀ ਜਾ ਰਹੀ ਹੈ।

**ਮਾਣਯੋਗ ਸਪੀਕਰ**: ਤੁਸੀਂ ਸਵਾਲ ਪੁੱਛੋ, ਜਾਣਕਾਰੀ ਨਾ ਦਿਉ।

**ਸਰਦਾਰ ਕਰਮਬੀਰ ਸਿੰਘ** : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ 31 ਟਿਊਬਵੈੱਲ ਹਨ, ਤਲਵਾੜੇ ਤੋਂ ਉਪਰ ਵਾਲੇ ਪਾਸੇ ਜਿਹੜੇ ਅੰਦਵਾੜ ਪੱਤੀ, ਹੀਰ ਬਹਿ, ਬਹਿ ਰੰਗਾਂ, ਬਰਿੰਗਲੀ, ਬਹਿ ਚੂਹੜ, ਲਭਰ, ਚਮੂਹੀ, ਸਧਾਣੀ, ਬਹਿ ਲੱਖਨ, ਕੋਠੀ, ਬੇੜਿੰਗ, ਭੰਬੋਤਾੜ, ਬਹਿ ਲੱਖਨ, ਤੁੰਗ, ਭਵਨੌਰ, ਡੁਗਰਾਲ ਪਿੰਡ ਹਨ, ਇਹ ਨਹਿਰ ਤੋਂ ਬਹੁਤ ਉੱਚੇ ਹਨ। ਸੋ, ਤੁਸੀਂ ਇਨ੍ਹਾਂ ਪਿੰਡਾਂ ਨੂੰ ਪਾਣੀ ਕਦੋਂ ਤੱਕ ਦੇਵੋਗੇ? ਦੂਜਾ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ 10 ਪਿੰਡ ਤੁਸੀਂ ਮਾਈਕਰੋ ਸਿੰਚਾਈ ਪ੍ਰਾਜੈਕਟ ਵਿੱਚ ਲਿਆਂਦੇ ਹਨ, ਇਹ ਕਿਹੜੇ ਪਿੰਡ ਹਨ ਅਤੇ ਇਹ ਪ੍ਰਾਜੈਕਟ ਕਦੋਂ ਤੱਕ ਸ਼ੁਰੂ ਕੀਤਾ ਜਾਵੇਗਾ?

**ਮੰਤਰੀ** : ਸਰ, ਇਹ ਜਿਹੜੇ 10 ਪਿੰਡਾਂ ਦੀ ਗੱਲ ਕਰਦੇ ਹਨ, ਮੈਂ ਸਾਰੀ ਰਿਪੋਰਟ ਇਨ੍ਹਾਂ ਨੂੰ ਦੇ ਦਿੰਦਾ ਹਾਂ, ਸਾਰਾ ਕੁਝ ਮੇਰੇ ਕੋਲ ਲਿਖਤੀ ਵਿੱਚ ਹੈ। ਸਰ, ਬਾਕੀ 103 ਪਿੰਡ ਟੋਟਲ ਹਨ, 78 ਪਿੰਡ ਪੀ.ਡਬਲਿਊ.ਆਰ.ਐਮ.ਡੀ.ਸੀ. ਸਕੀਮ ਅਧੀਨ ਆਏ ਹੋਏ ਹਨ। ਅਸੀਂ ਉੱਥੇ Over exploited zone ਹੋਣ ਕਰਕੇ ਨਵੇਂ ਟਿਊਬਵੈੱਲ ਨਹੀਂ ਲਗਾ ਸਕਦੇ। ਕਮੇਟੀ ਦੀ ਰਿਪੋਰਟ ਆਈ ਹੋਈ ਹੈ। ਸਰਦਾਰ ਭਗਵੰਤ ਸਿੰਘ ਮਾਨ, ਮੁੱਖ ਮੰਤਰੀ ਸਾਹਿਬ ਜੀ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਦਾ ਇਹ ਟੀਚਾ ਹੈ ਕਿ ਹਰ ਖੇਤ ਨੂੰ ਪਾਣੀ ਲਗਾਇਆ ਜਾਵੇ। ਇਸ ਗੱਲ ਲਈ ਸਾਡੀ ਪੂਰੀ ਕੋਸ਼ਿਸ਼ ਹੈ। ਜੋ ਕਿਹਾ ਜਾਂਦਾ ਹੈ ਕਿ ਨਹਿਰੀ ਪਾਣੀ ਨਹੀਂ ਲੱਗ ਰਿਹਾ, ਉੱਥੇ ਨਹਿਰੀ ਪਾਣੀ ਬਹੁਤ ਜਗ੍ਹਾ ਲੱਗ ਰਿਹਾ ਹੈ। ਇਸ ਦੇ ਲਈ ਵੀ ਪੂਰੀ ਕੋਸ਼ਿਸ਼ ਹੋਵੇਗੀ ਕਿ ਨਹਿਰੀ ਪਾਣੀ ਲਿਫਟ ਸਕੀਮ ਰਾਹੀਂ ਜਾਂ ਜਿਸ ਤਰੀਕੇ ਨਾਲ ਵੀ ਹੋਵੇ, ਅਸੀਂ ਉੱਥੇ ਪੂਰੀ ਕੋਸ਼ਿਸ਼ ਨਾਲ ਪਾਣੀ ਲਾਵਾਂਗੇ।

**ਮਾਣਯੋਗ ਸਪੀਕਰ**: ਧੰਨਵਾਦ, ਧੰਨਵਾਦ। ਹਾਂ ਜੀ, ਸ੍ਰੀ ਗੁਰਲਾਲ ਘਨੌਰ ਜੀ।

**ਸ੍ਰੀ ਗੁਰਲਾਲ ਘਨੌਰ**: ਬਹੁਤ ਬਹੁਤ ਧੰਨਵਾਦ ਸਪੀਕਰ ਸਾਹਿਬ। ਇਸ ਸਵਾਲ ਦੇ ਨਾਲ ਹੀ ਜੁੜਦਾ ਸਵਾਲ ਹੈ ਅਤੇ ਨਾਲ ਹੀ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਦਾ ਧੰਨਵਾਦ ਵੀ ਹੈ ਕਿ ਉਨ੍ਹਾਂ ਨੇ ਖੇਤੀ ਲਈ ਨਹਿਰੀ ਪਾਣੀ ਨਾਲ ਸਿੰਚਾਈ ਕਰਨ ਦਾ ਹੱਲ ਵੀ ਕਰ ਦਿੱਤਾ ਹੈ। ਮੰਤਰੀ ਸਾਹਿਬ, ਇਸ ਵਿੱਚ ਮੇਰਾ ਸੁਝਾਅ ਇਹ ਹੈ ਕਿ ਇਹ ਮਸਲਾ ਖੇਤੀਬਾੜੀ ਨਾਲ ਵੀ ਜੁੜਿਆ ਹੋਇਆ ਹੈ, ਬਿਜਲੀ ਨਾਲ ਵੀ ਜੁੜਿਆ ਹੋਇਆ ਹੈ।

**ਮਾਣਯੋਗ ਸਪੀਕਰ**: ਸੁਝਾਅ ਨਹੀਂ ਦੇਣਾ ਜੀ, ਸਵਾਲ ਪੁੱਛੋ।

**ਸ੍ਰੀ ਗੁਰਲਾਲ ਘਨੌਰ**: ਸਰ, ਜੇਕਰ ਅਸੀਂ ਤਿੰਨ ਤੋਂ ਪੰਜ ਹਾਰਸ ਪਾਵਰ ਦਾ ਬਿਜਲੀ ਦਾ ਕੁਨੈਕਸ਼ਨ ਪੰਜਾਬ ਵਿੱਚ ਮਨਜ਼ੂਰ ਕਰ ਦੇਈਏ ਤਾਂ ਸਾਡਾ ਬਹੁਤ ਵੱਡਾ ਫਾਇਦਾ ਹੋ ਸਕਦਾ ਹੈ। ਸਾਨੂੰ ਵੱਡੇ ਕੁਨੈਕਸ਼ਨਾਂ ਦੀ ਲੋੜ ਹੈ।

**ਮਾਣਯੋਗ ਸਪੀਕਰ**: ਠੀਕ ਹੈ ਜੀ। ਧੰਨਵਾਦ ਜੀ। ਬੈਠੋ, ਤੁਹਾਡੀ ਗੱਲ ਠੀਕ ਹੈ, ਉਨ੍ਹਾਂ ਨੂੰ ਮਿਲ ਕੇ ਸੁਝਾਅ ਦੇ ਦਿਉ। ਅਸੀਂ ਅੱਗੇ ਵੀ ਸਵਾਲ ਲੈਣੇ ਹਨ।

---

## ਨਗਰ ਪੰਚਾਇਤ, ਅਰਨੀਵਾਲਾ ਸ਼ੇਖ ਸੁਭਾਨ ਵਿਖੇ ਮੇਨ ਸੀਵਰੇਜ ਦਾ ਪ੍ਰਬੰਧ ਕਰਨਾ

***1679. ਸ੍ਰੀ ਜਗਦੀਪ ਕੰਬੋਜ ਗੋਲਡੀ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਜਲਾਲਾਬਾਦ ਦੀ ਨਗਰ ਪੰਚਾਇਤ, ਅਰਨੀਵਾਲਾ ਸ਼ੇਖ ਸੁਭਾਨ ਵਿਖੇ ਮੇਨ ਸੀਵਰੇਜ ਕੰਪਲੀਟ ਹੋ ਚੁੱਕਿਆ ਹੈ; ਜੇਕਰ ਨਹੀਂ ਤਾਂ ਇਹ ਕਦੋਂ ਤੱਕ ਪੂਰਾ ਹੋ ਜਾਵੇਗਾ?

**ਸ੍ਰੀ ਸੰਜੀਵ ਅਰੋੜਾ**: ਨਹੀਂ ਜੀ, ਨਗਰ ਪੰਚਾਇਤ ਅਰਨੀਵਾਲਾ ਸ਼ੇਖ ਸੁਭਾਨ ਲਈ ਮੇਨ ਸੀਵਰ, ਪੰਪਿੰਗ ਸਟੇਸ਼ਨ, 2 ਮਿਲੀਅਨ ਲੀਟਰ ਪ੍ਰਤੀ ਦਿਨ ਸੀਵੇਜ ਟ੍ਰੀਟਮੈਂਟ ਪਲਾਂਟ ਲਈ ਸਵੱਛ ਭਾਰਤ ਮਿਸ਼ਨ-2.0 ਸਕੀਮ ਅਧੀਨ 21.42 ਕਰੋੜ ਰੁਪਏ ਦੇ ਤਖਮੀਨੇ ਵਿਰੁੱਧ ਟੈਂਡਰ ਲਗਾਏ ਜਾ ਚੁੱਕੇ ਹਨ। ਟੈਂਡਰ ਪ੍ਰਕਿਰਿਆ ਪੂਰੀ ਹੋਣ ਉਪਰੰਤ ਕੰਮ ਅਲਾਟ ਕਰਕੇ ਮੌਕੇ ਤੇ ਸ਼ੁਰੂ ਕਰਵਾ ਦਿੱਤਾ ਜਾਵੇਗਾ। ਇਹ ਕੰਮ ਲਗਭਗ 21 ਮਹੀਨਿਆਂ ਵਿੱਚ ਮੁਕੰਮਲ ਹੋ ਜਾਵੇਗਾ।

**ਮਾਣਯੋਗ ਸਪੀਕਰ**: ਜੀ ਗੋਲਡੀ ਜੀ, ਕੋਈ ਸਪਲੀਮੈਂਟਰੀ ਹੈ?

**ਸ੍ਰੀ ਜਗਦੀਪ ਕੰਬੋਜ ਗੋਲਡੀ**: ਸਪੀਕਰ ਸਾਹਿਬ, ਬੱਸ ਮੈਂ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਮੇਰੀ ਅਰਨੀਵਾਲਾ ਨਗਰ ਪੰਚਾਇਤ ਹੈ, ਉੱਥੇ ਅੱਜ ਸਾਡੀ ਸਰਕਾਰ ਨੇ ਪਾਣੀ ਤੇ ਸੀਵਰੇਜ ਲਈ 61 ਕਰੋੜ ਰੁਪਏ ਦਾ ਨਵਾਂ ਕੰਮ ਅਲਾਟ ਕੀਤਾ ਹੈ, ਇਸ ਦੇ ਲਈ ਮੰਤਰੀ ਸਾਹਿਬ ਦਾ ਬਹੁਤ ਬਹੁਤ ਧੰਨਵਾਦ। ਸਰ, ਤੁਹਾਡਾ ਵੀ ਧੰਨਵਾਦ ਜੀ। ਸਰ, ਮੈਂ ਲਾਸਟ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਲਾਲਾਬਾਦ ਵਿਖੇ ਇੱਕ ਸੀਵਰੇਜ ਦਾ ਕੰਮ ਪੈਂਡਿੰਗ ਹੈ, ਉਹ ਕਰਵਾ ਦਿੱਤਾ ਜਾਵੇ। ਧੰਨਵਾਦ ਜੀ।

**ਮਾਣਯੋਗ ਸਪੀਕਰ**: ਧੰਨਵਾਦ ਜੀ। ਮੰਤਰੀ ਸਾਹਿਬ ਅਰੋੜਾ ਜੀ, ਤੁਸੀਂ ਬੜੇ ਮਿਹਰਬਾਨ ਹੋ।

**ਮੰਤਰੀ**: ਸਰ, ਸਾਰੀ ਤੁਹਾਡੀ ਕਿਰਪਾ ਹੈ। ਮਾਣਯੋਗ ਸਪੀਕਰ ਸਾਹਿਬ, ਮੈਂ ਮਾਣਯੋਗ ਐਮ.ਐਲ.ਏ. ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਇਨ੍ਹਾਂ ਨੇ ਸਵਾਲ ਪੁੱਛਿਆ ਸੀ, ਮੈਂ ਸਵੇਰੇ ਇਸ ਸਬੰਧੀ ਇੱਕ ਹੋਰ ਜਾਣਕਾਰੀ ਲੈ ਕੇ ਆਇਆ ਹਾਂ ਕਿ ਇਸ ਕੰਮ ਦਾ ਟੈਂਡਰ ਪਰਸੋਂ 10 ਤਾਰੀਖ ਨੂੰ ਖੁੱਲ੍ਹ ਰਿਹਾ ਹੈ ਤੇ ਬੜੀ ਜਲਦੀ ਕੰਮ ਚਾਲੂ ਹੋ ਜਾਵੇਗਾ।

**ਮਾਣਯੋਗ ਸਪੀਕਰ**: ਵਾਹ ਜੀ, ਕਿਆ ਬਾਤ ਹੈ। ਥੈਂਕ ਯੂ ਜੀ।

---

**ਪੰਜਾਬ ਦੇ ਹਰੇਕ ਪਿੰਡ ਵਿੱਚ 550 ਪੌਦੇ ਲਗਾਉਣ ਦੀ ਮੌਜੂਦਾ ਸਥਿਤੀ**

***1700. ਸ੍ਰੀ ਅਵਤਾਰ ਸਿੰਘ ਜੂਨੀਅਰ :** ਕੀ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਰਾਜ ਵਿੱਚ ਇਸ ਵੇਲੇ ਜੰਗਲਾਤ ਹੇਠ ਕਿੰਨਾ ਰਕਬਾ ਹੈ ਅਤੇ ਸਰਕਾਰ ਵੱਲੋਂ ਉਕਤ ਰਕਬੇ ਨੂੰ ਵਧਾਉਣ ਲਈ ਕੀ ਕਦਮ ਚੁੱਕੇ ਗਏ ਹਨ;

(ਅ) ਕੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਯਾਦਗਾਰੀ ਸਮਾਰੋਹ ਦੌਰਾਨ ਪੰਜਾਬ ਦੇ ਹਰੇਕ ਪਿੰਡ ਵਿੱਚ 550 ਬੂਟੇ ਲਗਾਉਣ ਦੀ ਮੁਹਿੰਮ ਚਲਾਈ ਗਈ ਸੀ; ਜੇਕਰ ਅਜਿਹਾ ਹੈ ਤਾਂ ਇਸ ਮੁਹਿੰਮ ਤਹਿਤ ਲਗਾਏ ਗਏ ਰੁੱਖਾਂ ਅਤੇ ਸੁੱਕ ਗਏ ਰੁੱਖਾਂ ਦੀ ਮੌਜੂਦਾ ਸਥਿਤੀ ਕੀ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**ਸ੍ਰੀ ਲਾਲ ਚੰਦ :** ਮਾਣਯੋਗ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਤੁਹਾਡੇ ਮਾਧਿਅਮ ਰਾਹੀਂ ਦੁਨੀਆ ਭਰ ਦੀਆਂ ਮਾਂਵਾਂ, ਭੈਣਾਂ ਅਤੇ ਧੀਆਂ ਨੂੰ ਅੱਜ ਕੌਮਾਂਤਰੀ ਮਹਿਲਾ ਦਿਵਸ ਦੀਆਂ ਬਹੁਤ ਬਹੁਤ ਮੁਬਾਰਕਾਂ ਦੇਣਾ ਚਾਹੁੰਦਾ ਹਾਂ।

ਸ੍ਰੀਮਾਨ ਜੀ, (ੳ) ਇੰਡੀਆ ਸਟੇਟ ਆਫ਼ ਫਾਰੈਸਟ ਰਿਪੋਰਟ ਸਾਲ 2023 ਦੇ ਅਨੁਸਾਰ, ਪੰਜਾਬ ਰਾਜ ਵਿੱਚ ਜੰਗਲਾਤ ਅਧੀਨ ਖੇਤਰ 1846.09 ਵਰਗ ਕਿਲੋਮੀਟਰ ਹੈ ਜੋ ਕਿ ਪੰਜਾਬ ਰਾਜ ਦੇ ਭੂਗੋਲਿਕ ਖੇਤਰ ਦਾ 3.67% ਹੈ। ਉਕਤ ਰਕਬੇ ਨੂੰ ਵਧਾਉਣ ਲਈ, ਜੰਗਲਾਤ ਵਿਭਾਗ ਵੱਲੋਂ ਪਿਛਲੇ ਚਾਰ ਸਾਲਾਂ ਵਿੱਚ ਵੱਖ-ਵੱਖ ਸਕੀਮਾਂ ਅਧੀਨ 17,089 ਹੈਕਟੇਅਰ ਰਕਬੇ ਤੇ ਪਲਾਂਟੇਸ਼ਨ ਕਰਵਾਈ ਗਈ ਹੈ।

(ਅ) ਹਾਂ ਜੀ, ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਮੌਕੇ ਤੇ ਪੰਜਾਬ ਦੇ ਹਰ ਪਿੰਡ ਵਿੱਚ 550 ਬੂਟੇ ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ, ਪੰਚਾਇਤ ਅਤੇ ਪੇਂਡੂ ਵਿਕਾਸ ਵਿਭਾਗ ਅਤੇ ਹੋਰ ਲਾਈਨ ਵਿਭਾਗਾਂ ਵੱਲੋਂ ਮਨਰੇਗਾ ਸਕੀਮ ਤਹਿਤ ਲਗਾਉਣ ਦੀ ਮੁਹਿੰਮ ਚਲਾਈ ਗਈ ਸੀ। ਇਸ ਮੁਹਿੰਮ ਦੌਰਾਨ ਸਾਲ 2019-20 ਵਿੱਚ 12,986 ਪਿੰਡਾਂ ਵਿੱਚ ਲਗਭਗ 76.25 ਲੱਖ ਬੂਟੇ ਲਗਾਏ ਗਏ ਸਨ।

ਪੰਜਾਬ ਸਰਕਾਰ ਵੱਲੋਂ ਲਏ ਗਏ ਫੈਸਲੇ ਅਨੁਸਾਰ, ਇਨ੍ਹਾਂ ਬੂਟਿਆਂ ਦੀ ਸਾਂਭ-ਸੰਭਾਲ ਸਬੰਧਤ ਗ੍ਰਾਮ ਪੰਚਾਇਤਾਂ ਵੱਲੋਂ ਕੀਤੀ ਜਾਣੀ ਸੀ। ਇਸ ਲਈ ਜੀਵਤ/ਸੁੱਕੇ ਬੂਟਿਆਂ ਸਬੰਧੀ ਜਾਣਕਾਰੀ ਵਣ ਵਿਭਾਗ ਵਿੱਚ ਉਪਲਬਧ ਨਹੀਂ ਹੈ।

**ਸ੍ਰੀ ਅਵਤਾਰ ਸਿੰਘ ਜੂਨੀਅਰ** : ਸਪੀਕਰ ਸਾਹਿਬ, ਮੈਂ ਆਪ ਜੀ ਦੀ ਮਾਰਫਤ ਵਜ਼ੀਰ ਸਾਹਿਬ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਮੇਰਾ ਸਵਾਲ ਦੋ ਹਿੱਸਿਆਂ ਵਿੱਚ ਸੀ। ਸਾਲ 2021 ਤੋਂ ਲੈ ਕੇ 2023 ਤੱਕ ਸਿਰਫ 17,089 ਹੈਕਟੇਅਰ ਫਾਰੈਸਟ ਡਿਪਾਰਟਮੈਂਟ ਨੇ ਪਲਾਂਟੇਸ਼ਨ ਕੀਤੀ ਹੈ। ਪੰਜਾਬ ਦਾ ਟੋਟਲ ਰਕਬਾ 5.036 ਮਿਲੀਅਨ ਹੈਕਟੇਅਰ ਹੈ। ਵਜ਼ੀਰ ਸਾਹਿਬ ਨੇ ਜਵਾਬ ਦਿੱਤਾ ਹੈ ਕਿ ਸਿਰਫ 3.67% ਭੂਗੋਲਿਕ ਏਰੀਆ under forest ਹੈ। ਇਨ੍ਹਾਂ 4 ਸਾਲਾਂ ਵਿੱਚ ਸਿਰਫ .003% ਫਾਰੈਸਟ ਵਧਿਆ ਹੈ। ਤੁਸੀਂ ਬਾਣੀ ਦੇ ਗਿਆਤਾ ਹੋ। ਗੁਰੂ ਮਹਾਰਾਜ ਜੀ ਨੇ ਸਾਨੂੰ ਸਾਰਿਆਂ ਨੂੰ ਬਹੁਤ ਵੱਡਾ ਆਸਰਾ ਦਿੱਤਾ ਹੋਇਆ ਹੈ। ਆਪਾਂ ਹਰ ਵਾਰ ਅਸੈਂਬਲੀ ਵਿੱਚ ਕਹਿੰਦੇ ਹਾਂ -

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥

ਲੇਕਿਨ ਜਦੋਂ ਇਸ ਤੇ ਅਮਲ ਕਰਨ ਦੀ ਵਾਰੀ ਆਉਂਦੀ ਹੈ ਤਾਂ ਸਰਕਾਰ ਬਿਲਕੁਲ ਫੇਲ੍ਹ ਹੋ ਜਾਂਦੀ ਹੈ। ਇਸ ਡਿਪਾਰਟਮੈਂਟ ਨੇ ਸਿਰਫ .003% ਪਲਾਂਟੇਸ਼ਨ ਕੀਤੀ ਹੈ। ਸਰ, ਇਹ ਬਹੁਤ ਸੰਵੇਦਨਸ਼ੀਲ ਸਵਾਲ ਡਾਕਟਰ ਸੁੱਖੀ ਜੀ ਨੇ ਪੁੱਛਿਆ ਹੈ ਕਿ ਕੈਂਸਰ ਕਿਉਂ ਵਧਿਆ ਹੈ? ਜਿਸ ਦਾ ਮੰਤਰੀ ਜੀ ਨੇ ਬਹੁਤ ਵਧੀਆ ਜਵਾਬ ਦਿੱਤਾ ਹੈ। ਸਰ, ਬਹੁਤ ਵੱਡਾ ਕਾਰਨ ਹੈ ਕਿ ਪਲਿਊਸ਼ਨ ਵੱਧ ਰਿਹਾ ਹੈ। ਉਸ ਚੀਜ਼ ਤੇ ਫਾਰੈਸਟ ਡਿਪਾਰਟਮੈਂਟ ਨੇ ਬਿਲਕੁਲ ਵੀ ਕੰਮ ਨਹੀਂ ਕੀਤਾ ਹੈ।

**ਮਾਣਯੋਗ ਸਪੀਕਰ:** ਸਵਾਲ ਪੁੱਛੋ।

**ਸ੍ਰੀ ਅਵਤਾਰ ਸਿੰਘ ਜੂਨੀਅਰ** : ਸਰ, ਮੈਂ ਦੂਜਾ ਸਵਾਲ ਪੁੱਛਿਆ ਹੈ ਕਿ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦੇ 550ਵੇਂ ਪ੍ਰਕਾਸ਼ ਪੁਰਬ ਉੱਤੇ ਹਰ ਪਿੰਡ ਵਿੱਚ 550 ਦਰੱਖਤ ਲਗਾਉਣੇ ਸਨ। ਮੇਰੇ ਸਵਾਲ ਦਾ ਜਵਾਬ ਇਹ ਆਇਆ ਹੈ ਕਿ 12,986 ਪਿੰਡਾਂ ਵਿੱਚ ਲਗਭਗ 76.25 ਲੱਖ ਸੈਂਪਲਿੰਗ ਲਗਾਈ ਗਈ ਪਰ ਉਸ ਦਾ ਵੇਰਵਾ ਨਹੀਂ ਦਿੱਤਾ ਗਿਆ ਕਿ ਇਨ੍ਹਾਂ ਵਿੱਚੋਂ ਕਿੰਨੇ ਬਚੇ ਸਨ। ਇਹ ਕਹਿੰਦੇ ਹਨ ਕਿ ਇਹ ਸਾਡੇ ਡਿਪਾਰਟਮੈਂਟ ਨੇ ਨਹੀਂ ਲਗਾਏ ਸੀ, ਰੂਰਲ ਡਿਪਾਰਟਮੈਂਟ ਨੇ ਲਗਾਏ ਸੀ। ਸਰ, ਡਿਪਾਰਟਮੈਂਟ ਤਾਂ ਪੰਜਾਬ ਸਰਕਾਰ ਦਾ ਹੀ ਹੈ, ਮੰਤਰੀ ਸਾਹਿਬ ਨੂੰ ਇਸ ਦਾ ਜਵਾਬ ਦੇਣਾ ਚਾਹੀਦਾ ਸੀ ਕਿ ਉਸ ਸੈਂਪਲਿੰਗ ਦਾ ਕਿੰਨਾ ਮੋਰਟੈਲਿਟੀ ਰੇਟ ਹੈ, ਕਿੰਨੇ ਬੂਟੇ ਬਚ ਗਏ, ਜਿਹੜੇ ਬੂਟੇ ਨਹੀਂ ਬਚੇ, ਉਨ੍ਹਾਂ ਦੇ ਇਵਜ਼ ਵਿੱਚ ਅਸੀਂ ਕਿੰਨੇ ਬੂਟੇ ਹੋਰ ਲਗਾਏ ਹਨ। ਇਹ ਮੇਰਾ ਸਵਾਲ ਸੀ।

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦੇ 550ਵੇਂ ਪ੍ਰਕਾਸ਼ ਉਤਸਵ ਦੇ ਸਬੰਧ ਵਿੱਚ ਸਾਲ 2019-20 ਦੌਰਾਨ ਉਸ ਵੇਲੇ ਦੀ ਸਰਕਾਰ ਵੱਲੋਂ ਪਲਾਂਟੇਸ਼ਨ ਦਾ ਨਿਸ਼ਾਨਾ ਮਿੱਥਿਆ ਗਿਆ ਸੀ। ਮੈਂ ਮੈਂਬਰ ਸਾਹਿਬ ਨੂੰ ਅਤੇ ਸਾਰੇ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਉਸ ਵੇਲੇ ਸਾਰੀ ਪਲਾਂਟੇਸ਼ਨ ਕਰਵਾਉਣ ਦਾ ਜ਼ਿੰਮਾ ਨਰੇਗਾ ਤਹਿਤ ਦਿੱਤਾ ਗਿਆ ਸੀ ਅਤੇ ਇਨ੍ਹਾਂ ਦਾ ਰੱਖ-ਰਖਾਅ ਟੋਟਲੀ ਪੰਚਾਇਤਾਂ ਦੇ ਹਵਾਲੇ ਸੀ। ਜੰਗਲਾਤ ਮਹਿਕਮੇ ਨੇ ਪਿੰਡਾਂ ਅੰਦਰ ਕੇਵਲ ਬੂਟੇ ਪੁੱਜਦੇ ਕੀਤੇ ਸਨ। ਸੋ, ਇਸ ਦਾ ਰੱਖ-ਰਖਾਅ ਪੰਚਾਇਤੀ ਮਹਿਕਮੇ ਕੋਲ ਹੈ ਅਤੇ ਨਰੇਗਾ ਵਿਚੋਂ ਉਸ ਦੀ ਸਾਰੀ ਪੇਮੈਂਟ ਹੋਈ ਹੈ। ਜੰਗਲਾਤ ਵਿਭਾਗ ਅਧੀਨ ਜਿਹੜਾ ਸਾਡਾ ਖੇਤਰ ਹੈ, ਜਿੱਥੇ ਅਸੀਂ ਪਲਾਂਟੇਸ਼ਨ ਕਰਦੇ ਹਾਂ, ਉਸ ਦੀ ਲਾਇਬਿਲਟੀ ਵੀ ਸਾਡੀ ਹੁੰਦੀ ਹੈ, ਬੂਟੇ ਦੀ ਪਰਵਰਿਸ਼ ਵਗੈਰਾ ਸਾਰਾ ਕੁਝ ਅਸੀਂ ਹੀ ਕਰਦੇ ਹਾਂ। ਸੋ, ਜਵਾਬ ਇਹ ਹੈ ਕਿ ਇਹ ਨਰੇਗਾ ਅਧੀਨ ਲੱਗੇ ਸਨ ਅਤੇ ਇਸ ਦਾ ਟੋਟਲੀ ਰੱਖ-ਰਖਾਅ ਅੱਜ ਵੀ ਪੰਚਾਇਤਾਂ ਦੇ ਹਵਾਲੇ ਹੈ।

**ਸ੍ਰੀ ਅਵਤਾਰ ਸਿੰਘ ਜੂਨੀਅਰ**: ਸਪੀਕਰ ਸਾਹਿਬ, ਮੈਂ ਫੇਰ ਤੋਂ ਆਪਣਾ ਸਵਾਲ ਦੁਹਰਾਉਂਦਾ ਹਾਂ। ਮੇਰਾ ਪਹਿਲਾ ਸਵਾਲ ਇਹ ਸੀ ਕਿ ਸਿਰਫ .003% ਪਰਸੈਂਟ ਅਸੀਂ ਆਪਣੇ ਭੂਗੋਲਿਕ ਏਰੀਏ ਵਿੱਚ ਪਿਛਲੇ ਚਾਰ ਸਾਲਾਂ ਵਿੱਚ ਪਲਾਂਟੇਸ਼ਨ ਵਧਾਈ ਹੈ। ਕੀ ਮੰਤਰੀ ਸਾਹਿਬ ਨੇ ਅਗਲੇ ਸਮੇਂ ਵਾਸਤੇ ਕੋਈ ਪ੍ਰੋਗਰਾਮ ਮਿੱਥਿਆ ਹੈ? ਹੁਣ ਪਲਾਂਟੇਸ਼ਨ ਸਿਰਫ 3.67% ਹੈ, ਕੀ ਇਨ੍ਹਾਂ ਨੇ ਇਸ ਨੂੰ ਵਧਾਉਣ ਦਾ ਕੋਈ ਉਪਰਾਲਾ ਕੀਤਾ ਹੈ? ਸਰ, 20% ਪਲਾਂਟੇਸ਼ਨ ਮੈਨਡੇਟਰੀ ਹੈ। ਦੂਜਾ, ਅਸੀਂ ਇਸ ਚੀਜ਼ ਤੋਂ ਨਹੀਂ ਭੱਜ ਸਕਦੇ ਕਿ ਇਹ ਸਾਡੇ ਅਧਿਕਾਰ ਖੇਤਰ ਵਿੱਚ ਨਹੀਂ ਹੈ। ਮੰਤਰੀ ਸਾਹਿਬ ਇਸ ਬਾਰੇ ਰੂਰਲ ਡਿਵੈਲਪਮੈਂਟ ਮੰਤਰੀ ਸਾਹਿਬ ਨਾਲ ਰਾਬਤਾ ਕਰਕੇ ਕਿਉਂ ਨਹੀਂ ਇਸ ਦਾ ਜਵਾਬ ਦਿੰਦੇ? ਸਰ, ਇਸ ਸਵਾਲ ਨੂੰ ਮੁਲਤਵੀ ਕਰਕੇ ਪਰਸੋਂ ਜਾਂ ਚੌਥੇ ਨੂੰ ਇਸ ਦਾ ਜਵਾਬ ਦਿਵਾਉ ਕਿਉਂਕਿ ਇਹ ਬਹੁਤ ਜ਼ਿਆਦਾ ਜ਼ਰੂਰੀ ਸਵਾਲ ਹੈ। ਮੇਰੀ ਬੇਨਤੀ ਹੈ ਕਿ ਇਹ ਆਉਣ ਵਾਲੀਆਂ ਪੀੜ੍ਹੀਆਂ ਵੱਲੋਂ ਸਵਾਲ ਹੈ।

**ਮਾਣਯੋਗ ਸਪੀਕਰ:** ਬਿਲਕੁਲ ਜੀ।

**ਸ੍ਰੀ ਅਵਤਾਰ ਸਿੰਘ ਜੂਨੀਅਰ**: ਸਰ, ਮੇਰੀ ਬੇਨਤੀ ਹੈ ਕਿ ਅਸੀਂ ਇਹ ਕਹਿ ਦੇਈਏ ਕਿ ਅਸੀਂ ਸਿਰਫ ਸੈਂਪਲਿੰਗ ਪ੍ਰੋਵਾਈਡ ਕਰਵਾਏ ਹਨ ਅਤੇ ਰੱਖ-ਰਖਾਅ ਕਰਨ ਵਾਲਾ ਕੋਈ ਹੋਰ ਹੈ। ਉਨ੍ਹਾਂ ਵਿਚੋਂ ਕਿੰਨੇ ਬਚੇ? ਅਗਰ ਬੂਟੇ ਮਰੇ ਹਨ ਤਾਂ ਰੂਰਲ ਡਿਪਾਰਟਮੈਂਟ ਵਾਲਿਆਂ ਨੇ ਫਾਰੈਸਟ ਡਿਪਾਰਟਮੈਂਟ ਤੋਂ ਹੋਰ ਬੂਟੇ ਕਿਉਂ ਨਹੀਂ ਲਏ? ਜੇਕਰ ਇਸ ਦਾ ਪੂਰਾ ਜਵਾਬ ਮਿਲ ਜਾਵੇ ਤਾਂ ਤੁਹਾਡੀ ਮਿਹਰਬਾਨੀ ਹੋਵੇਗੀ।

**ਮਾਣਯੋਗ ਸਪੀਕਰ:** ਮੰਤਰੀ ਜੀ, do you have a plan?

**ਮੰਤਰੀ**: ਬਿਲਕੁਲ। ਸਰ, ਪਹਿਲੀ ਗੱਲ ਇਹ ਇਸ ਦਾ ਵੱਖਰਾ ਸਵਾਲ ਕਰ ਲੈਣ। ਦੂਜਾ, ਜੰਗਲਾਤ ਮਹਿਕਮੇ ਵੱਲੋਂ ਹਰ ਸਾਲ ਵੱਖ ਵੱਖ ਯੋਜਨਾਵਾਂ ਤਹਿਤ ਪਲਾਂਟੇਸ਼ਨ ਕੀਤੀ ਜਾਂਦੀ ਹੈ, ਜਿਵੇਂ ਕੈਂਪਾ ਯੋਜਨਾ, ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਹਰਿਆਵਲ ਯੋਜਨਾ ਅਤੇ ਹੁਣੇ ਹੁਣੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350ਵਾਂ ਸ਼ਹੀਦੀ ਦਿਹਾੜਾ ਮਨਾਇਆ ਹੈ, ਉਸ ਵੇਲੇ ਵੀ ਅਸੀਂ ਵੱਡੀ ਪੱਧਰ ਤੇ ਪਲਾਂਟੇਸ਼ਨ ਕੀਤੀ ਹੈ। ਸੋ, ਵੱਖ ਵੱਖ ਸਮੇਂ ਤੇ ਜਿਹੜੀਆਂ ਵੀ ਸਾਡੀਆਂ ਯੋਜਨਾਵਾਂ ਤਹਿਤ ਪਲਾਂਟੇਸ਼ਨ ਹੁੰਦੀ ਹੈ, ਇਹ ਉਸ ਦਾ ਹੀ ਸਿੱਟਾ ਹੈ ਕਿ 17,089 ਹੈਕਟੇਅਰ ਰਕਬੇ ਤੇ ਪਲਾਂਟੇਸ਼ਨ ਵਿੱਚ ਵਾਧਾ ਹੋਇਆ ਹੈ। ਸੋ, ਮੈਂ ਸਮਝਦਾ ਹਾਂ ਕਿ ਇਹ ਸਾਰੀਆਂ ਯੋਜਨਾਵਾਂ ਸਾਂਝੀਆਂ ਹੋਣੀਆਂ ਚਾਹੀਦੀਆਂ ਹਨ ਕਿਉਂਕਿ ਪੰਜਾਬ ਖੇਤੀਬਾੜੀ ਪ੍ਰਧਾਨ ਸਟੇਟ ਹੈ। ਇੱਥੇ ਪਲਾਂਟੇਸ਼ਨ ਦਾ ਉਸ ਲੈਵਲ ਤੱਕ ਜਾਣਾ, ਮੈਂ ਸਮਝਦਾ ਹਾਂ ਕਿ ਮਨੁੱਖੀ ਜ਼ਿੰਦਗੀ ਲਈ ਜ਼ਰੂਰੀ ਹੈ। ਸਾਡਾ ਸਭ ਦਾ ਹੀ ਯਤਨ ਹੋਣਾ ਚਾਹੀਦਾ ਹੈ। ਬਾਕੀ ਮਹਿਕਮੇ ਵੱਲੋਂ ਵੀ ਹਰ ਸਾਲ ਲੱਖਾਂ ਦੀ ਪਲਾਂਟੇਸ਼ਨ ਕਰਦੇ ਹਾਂ। ਸੋ, ਅਸੀਂ ਕਰਾਂਗੇ, ਡੈਫੀਨੇਟਲੀ ਇਹ ਕਰਾਂਗੇ, ਇਹ ਸਾਡੀ ਡਿਊਟੀ ਵੀ ਹੈ।

**ਸ੍ਰੀ ਅਵਤਾਰ ਸਿੰਘ ਜੂਨੀਅਰ**: ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਨਹੀਂ ਆਇਆ।

**ਮਾਣਯੋਗ ਸਪੀਕਰ**: ਬੈਠੋ ਜੀ। ਮੈਂ ਦੱਸਦਾ ਹਾਂ। ਮੰਤਰੀ ਜੀ, ਇਹ ਬੜਾ ਸਾਰਥਿਕ ਸਵਾਲ ਹੈ, ਮੈਂ ਗੁਜ਼ਾਰਿਸ਼ ਕਰਾਂਗਾ ਕਿ ਤੁਸੀਂ ਐਮ.ਐਲ.ਏ. ਸਾਹਿਬ ਨਾਲ ਬੈਠ ਕੇ ਇੱਕ ਡਿਟੇਲ ਪਲਾਨ ਬਾਅਦ ਵਿੱਚ ਡਿਸਕਸ ਕਰ ਲੈਣਾ। ਇਹ ਬਹੁਤ ਜ਼ਰੂਰੀ ਹੈ। ਥੈਂਕ ਯੂ।

**ਸ਼੍ਰੀ ਅਵਤਾਰ ਸਿੰਘ ਜੂਨੀਅਰ**: ਸਪੀਕਰ ਸਾਹਿਬ, ਪ੍ਰੰਤੂ ਮੇਰੇ ਸਵਾਲ ਦਾ ਜਵਾਬ ਹੀ ਨਹੀਂ ਆਇਆ। ਪਲੀਜ਼, ਇਸ ਦਾ ਜਵਾਬ ਤਾਂ ਦਿਵਾ ਦਿਉ। ਤੁਸੀਂ ਇਸ ਨੂੰ ਮੁਲਤਵੀ ਕਰ ਦਿਉ। ਰੂਰਲ ਡਿਵੈਲਪਮੈਂਟ ਮਨਿਸਟਰ ਸਾਹਿਬ ਵੀ ਇਸ ਦਾ ਜਵਾਬ ਦੇ ਦੇਣ। ਮੇਰੀ ਇਹ ਹੰਬਲ ਰਿਕੁਐਸਟ ਹੈ।

**ਮਾਣਯੋਗ ਸਪੀਕਰ**: ਹੋ ਗਿਆ ਜੀ। ਪਲੀਜ, ਬੈਠੋ ਜੀ।

---

## ਹਲਕਾ ਸੰਗਰੂਰ ਦੇ ਭਵਾਨੀਗੜ੍ਹ ਸਬ-ਡਵੀਜ਼ਨ ਹਸਪਤਾਲ ਵਿੱਚ ਬੈੱਡਾਂ ਦੀ ਗਿਣਤੀ ਵਧਾਉਣਾ

***1675. ਸ਼੍ਰੀਮਤੀ ਨਰਿੰਦਰ ਕੌਰ ਭਰਾਜ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਹਲਕਾ ਸੰਗਰੂਰ ਦਾ ਭਵਾਨੀਗੜ੍ਹ ਸਬ-ਡਵੀਜ਼ਨ ਹਸਪਤਾਲ (SDH) ਜੋ ਕਿ ਨੈਸ਼ਨਲ ਹਾਈਵੇਅ ਆਫ ਇੰਡੀਆ (NHAI) ਉੱਤੇ ਪੈਂਦਾ ਹੈ, ਵਿੱਚ ਮੌਜੂਦਾ ਸਮੇਂ ਕਿੰਨੇ ਬੈੱਡ ਹਨ;

(ਅ) ਕੀ ਵੱਧ ਰਹੀਆਂ ਸੜਕ ਦੁਰਘਟਨਾਵਾਂ ਕਾਰਨ ਇਸ ਹਸਪਤਾਲ ਦੇ ਵਿੱਚ ਬੈੱਡਾਂ ਦੀ ਗਿਣਤੀ ਵਧਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਡਾਕਟਰ ਬਲਬੀਰ ਸਿੰਘ:** ਸ਼੍ਰੀਮਤੀ ਜੀ,

(ੳ) ਭਵਾਨੀਗੜ੍ਹ ਇੱਕ ਸਬ-ਡਵੀਜ਼ਨਲ ਹਸਪਤਾਲ (SDH) ਨਹੀਂ ਹੈ, ਇਹ ਇੱਕ ਕਮਿਊਨਿਟੀ ਹੈਲਥ ਸੈਂਟਰ (CHC) ਹੈ ਅਤੇ ਇਸ ਹਸਪਤਾਲ ਵਿੱਚ 30 ਬੈੱਡ ਦੀ ਸਹੂਲਤ ਹੈ।

(ਅ) ਹਾਲ ਦੀ ਘੜੀ ਸੀ.ਐਚ.ਸੀ., ਭਵਾਨੀਗੜ੍ਹ ਵਿੱਚ ਬੈੱਡਾਂ ਦੀ ਗਿਣਤੀ ਵਧਾਉਣ ਦਾ ਕੋਈ ਪ੍ਰਸਤਾਵ ਵਿਚਾਰ ਅਧੀਨ ਨਹੀਂ ਹੈ।

**ਸ਼੍ਰੀਮਤੀ ਨਰਿੰਦਰ ਕੌਰ ਭਰਾਜ :** ਸਰ, ਭਵਾਨੀਗੜ੍ਹ ਕਸਬਾ ਨੈਸ਼ਨਲ ਹਾਈਵੇਅ-7 ਬਠਿੰਡਾ ਦੇ ਉੱਤੇ ਪੈਂਦਾ ਹੈ। ਉਥੇ ਮਰੀਜ਼ਾਂ ਦੀ ਗਿਣਤੀ ਅਤੇ ਐਕਸੀਡੈਂਟ ਕਾਰਨ ਆਉਣ ਵਾਲੇ ਲੋਕਾਂ ਲਈ 30 ਬੈਡਿੱਡ ਸੀ.ਐਚ.ਸੀ. ਸੈਂਟਰ ਹੈ, ਮੰਤਰੀ ਸਾਹਿਬ ਦਾ ਜਵਾਬ ਆਇਆ ਹੈ ਕਿ ਉਸ ਨੂੰ ਅੱਪਗ੍ਰੇਡ ਕਰਨ ਜਾਂ ਬੈੱਡਾਂ ਦੀ ਗਿਣਤੀ ਵਧਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ। ਸਰ, ਮੈਂ ਤੁਹਾਡੇ ਮਾਧਿਅਮ ਰਾਹੀਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਕੀ ਮੰਤਰੀ ਸਾਹਿਬ ਆਪਣੇ ਵਿਭਾਗ ਦੇ ਅਧਿਕਾਰੀਆਂ ਨੂੰ ਇਹ ਹਦਾਇਤ ਦੇ ਸਕਦੇ ਹਨ ਕਿ ਹਸਪਤਾਲ ਦੀਆਂ ਲੋੜਾਂ ਦਾ ਮੁਲਾਂਕਣ ਕਰਕੇ ਅਗਲੇ ਸਮੇਂ ਦੇ ਵਿੱਚ ਕੋਈ ਤਜਵੀਜ਼ ਬਣਾਈ ਜਾ ਸਕੇ?

**ਮਾਣਯੋਗ ਸਪੀਕਰ**: ਮੇਰੇ ਖਿਆਲ ਵਿੱਚ ਬੀਬਾ ਜੀ ਟਰੋਮਾ ਸੈਂਟਰ ਨੂੰ ਅੱਪਗ੍ਰੇਡ ਕਰਨ ਦੀ ਗੱਲ ਕਰਦੇ ਹੋਣਗੇ।

**ਮੰਤਰੀ**: ਸਪੀਕਰ ਸਾਹਿਬ, ਇਹ ਟਰੋਮਾ ਸੈਂਟਰ ਦੀ ਗੱਲ ਵੀ ਕਰਦੇ ਹਨ ਅਤੇ ਉਸ ਸੀ.ਐਚ.ਸੀ. ਸੈਂਟਰ ਨੂੰ ਅੱਪਗ੍ਰੇਡ ਕਰਨ ਦੀ ਗੱਲ ਵੀ ਕਰਦੇ ਹਨ। ਸਰ, ਇਸ ਸਬੰਧੀ ਪਾਪੂਲੇਸ਼ਨ ਮੁਤਾਬਕ ਨਾਰਮਜ਼ ਹੁੰਦੇ ਹਨ। ਉਥੇ

1,28,000 ਦੀ ਪਾਪੂਲੇਸ਼ਨ ਦੇ ਹਿਸਾਬ ਨਾਲ 30 ਬੈੱਡਿਡ ਹਸਪਤਾਲ ਸਥਿਤ ਹੈ। ਇਹ ਬਿਲਕੁਲ ਠੀਕ ਹੈ ਜੀ ਕਿ ਇਹ ਹਸਪਤਾਲ ਮੇਨ ਰੋਡ ਦੇ ਉੱਤੇ ਸਥਿਤ ਹੈ ਅਤੇ ਇਹ ਵੀ ਸਹੀ ਹੈ ਕਿ ਇਹ ਵੈੱਲ ਕੁਨੈਕਟਿਡ ਹੈ। ਉਥੋਂ ਸੰਗਰੂਰ 15-20 ਕਿਲੋਮੀਟਰ ਦੂਰ ਹੈ, ਰਾਜਿੰਦਰਾ ਹਸਪਤਾਲ 25 ਕਿਲੋਮੀਟਰ ਦੂਰ ਹੈ ਅਤੇ ਸੁਨਾਮ ਦਾ ਟਰੋਮਾ ਸੈਂਟਰ ਵੀ ਉਥੋਂ 15 ਕਿਲੋਮੀਟਰ ਦੂਰ ਹੈ ਪ੍ਰੰਤੂ ਇਸ ਦੇ ਬਾਵਜੂਦ ਵੀ ਮੇਰੀ ਕੋਸ਼ਿਸ਼ ਹੈ ਕਿ ਜਿਹੜੇ ਸਾਡੇ ਹਸਪਤਾਲ ਹਾਈਵੇਅਜ਼ ਉੱਤੇ ਸਥਿਤ ਹਨ, ਉਥੇ ਅਸੀਂ ਐਮ.ਬੀ.ਬੀ.ਐੱਸ. ਡਾਕਟਰ ਭਰਤੀ ਕੀਤੇ ਹਨ ਅਤੇ ਸਟਾਫ ਨਰਸਾਂ ਦੀ ਭਰਤੀ ਵੀ ਹੋ ਰਹੀ ਹੈ। ਉਥੇ 24 ਘੰਟੇ ਦੀ ਐਮਰਜੰਸੀ ਸੇਵਾ ਹੈ ਤਾਂ ਕਿ ਪੈਸ਼ੈਂਟ ਨੂੰ ਐਮਰਜੰਸੀ ਕੇਅਰ ਦੇ ਕੇ ਫਿਰ ਸ਼ਿਫਟ ਕਰ ਦਿੱਤਾ ਜਾਵੇ। ਮੈਂ ਇਨ੍ਹਾਂ ਦਾ ਇਹ ਵਾਲਾ ਪ੍ਰੋਵੀਜ਼ਨ ਆਉਣ ਵਾਲੇ ਸਮੇਂ ਵਿੱਚ ਕਰਵਾ ਦਿਆਂਗਾ।

**ਮਾਣਯੋਗ ਸਪੀਕਰ:** ਠੀਕ ਹੈ ਜੀ। ਠੀਕ ਹੈ ਬੀਬਾ ਜੀ?

**ਸ਼੍ਰੀਮਤੀ ਨਰਿੰਦਰ ਕੌਰ ਭਰਾਜ:** ਧੰਨਵਾਦ ਜੀ।

---

## ਐਸ.ਏ.ਐਸ.ਨਗਰ ਵਿਖੇ ਵੱਡੇ ਅਤੇ ਮਲਟੀ ਸਪੈਸ਼ੇਲਿਟੀ ਹਸਪਤਾਲਾਂ ਦੇ ਬਾਹਰ ਟ੍ਰੈਫ਼ਿਕ ਦੀ ਸਮੱਸਿਆ ਦਾ ਹੱਲ ਕੱਢਣਾ

***1667. ਸਰਦਾਰ ਕੁਲਵੰਤ ਸਿੰਘ:** ਕੀ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਮਿਤੀ 06 ਮਾਰਚ, 2024 ਨੂੰ ਇਸ ਸਦਨ ਵਿੱਚ ਸਬੰਧਤ ਮੰਤਰੀ ਜੀ ਵੱਲੋਂ ਦੱਸਿਆ ਗਿਆ ਸੀ ਕਿ ਮੋਹਾਲੀ ਵਿਖੇ ਹਸਪਤਾਲਾਂ ਵੱਲੋਂ ਰੂਲਾਂ ਦੀ ਉਲੰਘਣਾ ਕਰਨ ਕਾਰਨ ਉਨ੍ਹਾਂ ਨੂੰ ਪੰਜਾਬ ਰੀਜਨਲ ਟਾਊਨ ਪਲਾਨਿੰਗ ਅਤੇ ਡਿਵੈਲਪਮੈਂਟ ਐਕਟ, 1995 ਦੀ ਧਾਰਾ 45(3) ਅਧੀਨ ਅਸਟੇਟ ਅਫ਼ਸਰ ਵੱਲੋਂ ਨੋਟਿਸ ਜਾਰੀ ਕਰ ਦਿੱਤੇ ਗਏ ਸਨ ਪ੍ਰੰਤੂ ਉਸ ਉਪਰੰਤ ਉਸ ਮਸਲੇ ਦੇ ਹੱਲ ਲਈ ਹੁਣ ਤੱਕ ਕੋਈ ਠੋਸ ਕਾਰਵਾਈ ਨਹੀਂ ਕੀਤੀ ਗਈ, ਜਿਸ ਕਾਰਨ ਟ੍ਰੈਫ਼ਿਕ ਦੀ ਸਮੱਸਿਆ ਹੱਲ ਹੋਣ ਦੀ ਬਜਾਏ ਵੱਧ ਰਹੀ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਸਬੰਧੀ ਹੁਣ ਤੱਕ ਕੋਈ ਠੋਸ ਕਾਰਵਾਈ ਨਾ ਕੀਤੇ ਜਾਣ ਦੇ ਕੀ ਕਾਰਨ ਹਨ; ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਹਰਦੀਪ ਸਿੰਘ ਮੁੰਡੀਆਂ:** ਸ੍ਰੀਮਾਨ ਜੀ,

(ੳ) **Max Hospital, Sector-56, SAS Nagar** - ਸਮਰੱਥ ਅਥਾਰਟੀ ਦੁਆਰਾ ਬਿਲਡਿੰਗ ਨਿਯਮਾਂ ਅਨੁਸਾਰ ਸਾਈਟ ਦੇ ਬਿਲਡਿੰਗ ਪਲੈਨਾਂ ਨੂੰ ਮਨਜ਼ੂਰੀ ਦਿੱਤੀ ਗਈ ਸੀ, ਜਿੱਥੇ ਅਲਾਟੀ ਨੂੰ ਪਾਰਕਿੰਗ ਨਿਯਮਾਂ ਅਨੁਸਾਰ ਲੋੜੀਂਦੀ 197.42 ਬਰਾਬਰ ਕਾਰ ਸਪੇਸ (ECS) ਦੇ ਮੁਕਾਬਲੇ 216.88 ਬਰਾਬਰ ਕਾਰ ਸਪੇਸ (ECS) ਮਨਜ਼ੂਰ ਕੀਤੀ ਗਈ ਸੀ। ਪ੍ਰਵਾਨਿਤ ਬਿਲਡਿੰਗ ਪਲੈਨਾਂ ਅਨੁਸਾਰ ਪਾਰਕਿੰਗ ਸਪੇਸ ਦੀ ਵਰਤੋਂ ਜ਼ਮੀਨੀ ਮੰਜ਼ਿਲ 'ਤੇ ਕੀਤੀ ਜਾ ਰਹੀ ਹੈ ਪ੍ਰੰਤੂ ਪ੍ਰਵਾਨਿਤ ਬਿਲਡਿੰਗ ਪਲੈਨਾਂ ਅਨੁਸਾਰ ਬੇਸਮੈਂਟ ਵਿੱਚ ਪਾਰਕਿੰਗ ਸਪੇਸ ਦੀ ਵਰਤੋਂ ਪਾਰਕਿੰਗ ਲਈ ਨਹੀਂ ਕੀਤੀ ਜਾ ਰਹੀ ਹੈ। ਇੱਥੇ ਇਹ ਦੱਸਣਾ ਉਚਿਤ ਹੈ ਕਿ ਇਹ ਮਾਮਲਾ ਪਹਿਲਾਂ ਵੀ ਮਾਣਯੋਗ ਵਿਧਾਇਕ ਸ੍ਰੀ ਕੁਲਵੰਤ ਸਿੰਘ ਜੀ ਦੁਆਰਾ ਉਠਾਇਆ ਗਿਆ ਸੀ ਅਤੇ ਅਲਾਟੀ ਨੂੰ ਪੰਜਾਬ ਰੀਜਨਲ ਟਾਊਨ ਐਂਡ ਪਲੈਨਿੰਗ ਐਕਟ, 1995 ਦੀ ਧਾਰਾ 45(3) ਤਹਿਤ ਇਸ ਦਫਤਰ ਦੇ ਸ਼ੋਅ ਕਾਜ਼ ਪੱਤਰ ਨੰ: 43695 ਮਿਤੀ

01.03.2024 ਅਤੇ ਧਾਰਾ 45(4) ਤਹਿਤ ਪੱਤਰ ਨੰ: 46093 ਮਿਤੀ 18.04.2024, ਪੱਤਰ ਨੰ: 49823 ਮਿਤੀ 04.07.2024 ਅਤੇ ਪੱਤਰ ਨੰ: 10350 ਮਿਤੀ 07.07.2025 ਰਾਹੀਂ ਨੋਟਿਸ ਜਾਰੀ ਕੀਤਾ ਗਿਆ ਸੀ।

ਪਾਰਕਿੰਗ ਦੀ ਸਮੱਸਿਆ ਨੂੰ ਹੱਲ ਕਰਨ ਲਈ, ਹਸਪਤਾਲ ਅਧਿਕਾਰੀਆਂ ਨੇ ਨਵੇਂ ਬਣਨ ਵਾਲੇ ਬਲਾਕ ਦੀਆਂ ਕੁਝ ਮੰਜ਼ਿਲਾਂ ਨੂੰ ਪਾਰਕਿੰਗ ਲਈ ਵਰਤਣ ਦਾ ਪ੍ਰਸਤਾਵ ਰੱਖਿਆ। ਨਵੇਂ ਬਣੇ ਬਲਾਕ ਦੀ ਪਾਰਸ਼ੀਅਲ ਕੰਪਲੀਸ਼ਨ ਦੀ ਪ੍ਰਕਿਰਿਆ ਵਿਚਾਰ ਅਧੀਨ ਹੈ। ਇਸ ਵਿਕਾਸ ਦੇ ਮੱਦੇਨਜ਼ਰ ਕਾਰਨ ਦੱਸੋ ਨੋਟਿਸ 'ਤੇ ਵਿਚਾਰ ਕੀਤਾ ਜਾਵੇਗਾ ਅਤੇ ਨਿਯਮਾਂ ਅਨੁਸਾਰ ਢੁੱਕਵੀਂ ਕਾਰਵਾਈ ਕੀਤੀ ਜਾਵੇਗੀ।

(ਅ) **Ivy Hospital, Sector-71, SAS Nagar**- ਸਾਈਟ ਦੇ ਬਿਲਡਿੰਗ ਪਲਾਨ ਸਮਰੱਥ ਅਥਾਰਟੀ ਦੁਆਰਾ ਬਿਲਡਿੰਗ ਬਾਇਲਾਜ਼ ਨਿਯਮਾਂ ਅਨੁਸਾਰ ਮਨਜ਼ੂਰ ਕੀਤੇ ਗਏ ਹਨ, ਜਿਸ ਵਿੱਚ ਅਲਾਟੀ ਨੂੰ ਪਾਰਕਿੰਗ ਨਿਯਮਾਂ ਅਨੁਸਾਰ ਲੋੜੀਂਦੇ 17564.491 ਵਰਗ ਫੁੱਟ ਦੇ ਮੁਕਾਬਲੇ 17564.491 ਵਰਗ ਫੁੱਟ ਮਨਜ਼ੂਰ ਕੀਤਾ ਗਿਆ ਸੀ। ਪਾਰਕਿੰਗ ਸਪੇਸ ਨੂੰ ਪ੍ਰਵਾਨਿਤ ਬਿਲਡਿੰਗ ਪਲਾਨਾਂ ਅਨੁਸਾਰ ਜ਼ਮੀਨੀ ਮੰਜ਼ਿਲ 'ਤੇ ਵਰਤਿਆ ਜਾ ਰਿਹਾ ਹੈ। ਹਾਲਾਂਕਿ ਬੇਸਮੈਂਟ ਵਿੱਚ ਪਾਰਕਿੰਗ ਸਪੇਸ ਨੂੰ ਪ੍ਰਵਾਨਿਤ ਬਿਲਡਿੰਗ ਪਲਾਨਾਂ ਅਨੁਸਾਰ ਪਾਰਕਿੰਗ ਲਈ ਨਹੀਂ ਵਰਤਿਆ ਜਾ ਰਿਹਾ ਹੈ। ਅਲਾਟੀ ਨੂੰ ਪੰਜਾਬ ਰੀਜਨਲ ਟਾਊਨ ਐਂਡ ਪਲੈਨਿੰਗ ਐਕਟ, 1995 ਦੀ ਧਾਰਾ 45(3) ਤਹਿਤ ਇਸ ਦਫਤਰ ਦੇ ਸ਼ੋਅ-ਕਾਜ਼ ਪੱਤਰ ਨੰ: 43699 ਮਿਤੀ 01.03.2024 ਅਤੇ ਧਾਰਾ 45(4) ਤਹਿਤ ਪੱਤਰ ਨੰ: 46079 ਮਿਤੀ 18.04.2024, ਪੱਤਰ ਨੰ: 49822 ਮਿਤੀ 04.07.2024 ਅਤੇ ਪੱਤਰ ਨੰ: 10358 ਮਿਤੀ 07.07.2025 ਰਾਹੀਂ ਨੋਟਿਸ ਜਾਰੀ ਕੀਤਾ ਗਿਆ ਸੀ। ਨਿਯਮਾਂ ਅਨੁਸਾਰ ਅਗਲੇਰੀ ਕਾਰਵਾਈ ਪ੍ਰਕਿਰਿਆ ਅਧੀਨ ਹੈ।

(ੲ) **Fortis Hospital, Sector-62, Phase-8, SAS Nagar**- ਸਮਰੱਥ ਅਥਾਰਟੀ ਦੁਆਰਾ ਇਮਾਰਤੀ ਨਿਯਮਾਂ ਅਨੁਸਾਰ ਸਾਈਟ ਦੇ ਇਮਾਰਤੀ ਨਕਸ਼ਿਆਂ ਨੂੰ ਮਨਜ਼ੂਰੀ ਦਿੱਤੀ ਗਈ ਹੈ, ਜਿਸ ਵਿੱਚ ਅਲਾਟੀ ਨੂੰ ਪਾਰਕਿੰਗ ਨਿਯਮਾਂ ਅਨੁਸਾਰ ਲੋੜੀਂਦੇ 10455.28 ਵਰਗ ਮੀਟਰ ਦੇ ਮੁਕਾਬਲੇ 10455.28 ਵਰਗ ਮੀਟਰ ਮਨਜ਼ੂਰ ਕੀਤਾ ਗਿਆ ਸੀ। ਪ੍ਰਵਾਨਿਤ ਇਮਾਰਤੀ ਯੋਜਨਾਵਾਂ ਅਨੁਸਾਰ ਪਾਰਕਿੰਗ ਜਗ੍ਹਾ ਜ਼ਮੀਨੀ ਮੰਜ਼ਿਲ 'ਤੇ ਵਰਤੀ ਜਾ ਰਹੀ ਹੈ। ਜ਼ਮੀਨੀ ਮੰਜ਼ਿਲ 'ਤੇ ਹਰੇ ਖੇਤਰ ਨੂੰ ਵੀ ਪਾਰਕਿੰਗ ਦੇ ਉਦੇਸ਼ ਲਈ ਵਰਤਿਆ ਜਾਂਦਾ ਹੈ। ਹਾਲਾਂਕਿ ਬੇਸਮੈਂਟ ਵਿੱਚ ਪਾਰਕਿੰਗ ਜਗ੍ਹਾ ਨੂੰ ਮਨਜ਼ੂਰੀ ਪ੍ਰਾਪਤ ਇਮਾਰਤੀ ਯੋਜਨਾਵਾਂ ਅਨੁਸਾਰ ਪਾਰਕਿੰਗ ਲਈ ਨਹੀਂ ਵਰਤਿਆ ਜਾ ਰਿਹਾ ਹੈ। ਇੱਥੇ ਇਹ ਦੱਸਣਾ ਉਚਿਤ ਹੈ ਕਿ ਇਹ ਮਾਮਲਾ ਪਿਛਲੇ ਸਮੇਂ ਵਿੱਚ ਵੀ ਮਾਣਯੋਗ ਵਿਧਾਇਕ ਸ੍ਰੀ ਕੁਲਵੰਤ ਸਿੰਘ ਦੁਆਰਾ ਉਠਾਇਆ ਗਿਆ ਸੀ ਅਤੇ ਅਲਾਟੀ ਨੂੰ ਪੰਜਾਬ ਰੀਜਨਲ ਟਾਊਨ ਐਂਡ ਪਲੈਨਿੰਗ ਐਕਟ, 1995 ਦੀ ਧਾਰਾ 45(3) ਤਹਿਤ ਇਸ ਦਫਤਰ ਦੇ ਸ਼ੋਅ-ਕਾਜ਼ ਪੱਤਰ ਨੰ: 43678 ਮਿਤੀ 01.03.2024 ਅਤੇ ਧਾਰਾ 45(4) ਤਹਿਤ ਪੱਤਰ ਨੰ: 49902 ਮਿਤੀ 05.07.2024 ਅਤੇ ਪੱਤਰ ਨੰ: 10354 ਮਿਤੀ 07.07.2025 ਰਾਹੀਂ ਨੋਟਿਸ ਜਾਰੀ ਕੀਤਾ ਗਿਆ ਸੀ।

ਪਾਰਕਿੰਗ ਦੇ ਮੁੱਦੇ ਨੂੰ ਹੱਲ ਕਰਨ ਲਈ ਫੋਰਟਿਸ ਹਸਪਤਾਲ ਨੇ ਹਸਪਤਾਲ ਨਾਲ ਲੱਗਦੀ ਆਪਣੀ ਜਗ੍ਹਾ ਦੀ ਪ੍ਰਸਤਾਵਿਤ ਇਮਾਰਤ ਯੋਜਨਾ ਜਮ੍ਹਾਂ ਕਰ ਦਿੱਤੀ ਹੈ ਜਿਸ ਵਿੱਚ ਬਹੁ-ਪੱਧਰੀ ਪਾਰਕਿੰਗ ਸ਼ਾਮਲ ਹੈ। ਪ੍ਰਸਤਾਵਿਤ ਇਮਾਰਤ ਯੋਜਨਾ ਦੇ ਮੱਦੇਨਜ਼ਰ ਪਾਰਕਿੰਗ ਦੇ ਮੁੱਦੇ 'ਤੇ ਵਿਚਾਰ ਕੀਤਾ ਜਾਵੇਗਾ ਅਤੇ ਉਸ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

(ਸ) **Grecian Hospital, Sector-69, SAS Nagar**- ਸਾਈਟ ਦੇ ਬਿਲਡਿੰਗ ਪਲਾਨ ਸਮਰੱਥ ਅਥਾਰਟੀ ਦੁਆਰਾ ਬਿਲਡਿੰਗ ਬਾਇਲਾਜ਼ ਨਿਯਮਾਂ ਅਨੁਸਾਰ ਮਨਜ਼ੂਰ ਕੀਤੇ ਗਏ ਹਨ, ਜਿੱਥੇ ਅਲਾਟੀ ਨੂੰ ਪਾਰਕਿੰਗ ਨਿਯਮਾਂ ਅਨੁਸਾਰ ਲੋੜੀਂਦੀ 188 ਨੰਬਰ ਦੀ ਬਰਾਬਰ ਕਾਰ ਸਪੇਸ (ECS) ਦੇ ਮੁਕਾਬਲੇ 202 ਬਰਾਬਰ ਕਾਰ ਸਪੇਸ (ECS) ਮਨਜ਼ੂਰ ਕੀਤੀ ਗਈ ਸੀ। ਸਾਈਟ ਸੋਧੇ ਹੋਏ ਬਿਲਡਿੰਗ ਪਲਾਨ ਦੇ ਅਨੁਸਾਰ ਨਿਰਮਾਣ ਅਧੀਨ ਹੈ ਅਤੇ ਪਾਰਕਿੰਗ ਦੀ ਵਰਤੋਂ ਪਹਿਲਾਂ ਤੋਂ ਪ੍ਰਵਾਨਿਤ ਬਿਲਡਿੰਗ ਪਲਾਨ ਦੇ ਅਨੁਸਾਰ ਨਹੀਂ ਕੀਤੀ ਜਾ ਰਹੀ ਹੈ। ਅਲਾਟੀ ਨੂੰ ਪੰਜਾਬ ਰੀਜਨਲ ਟਾਊਨ ਐਂਡ ਪਲੈਨਿੰਗ ਐਕਟ,1995 ਦੀ ਧਾਰਾ 45(3) ਤਹਿਤ ਇਸ ਦਫਤਰ ਦੇ ਸ਼ੋਅ-ਕਾਜ਼ ਪੱਤਰ ਨੰ: 43691 ਮਿਤੀ 01.03.2024 ਅਤੇ ਧਾਰਾ 45(4) ਤਹਿਤ ਪੱਤਰ ਮਿਤੀ 04.07.2024 ਅਤੇ ਪੱਤਰ ਨੰ 10357 ਮਿਤੀ 07.07.2025 ਰਾਹੀਂ ਨੋਟਿਸ ਜਾਰੀ ਕੀਤਾ ਗਿਆ ਸੀ। ਨਿਯਮਾਂ ਅਨੁਸਾਰ ਅਗਲੇਰੀ ਕਾਰਵਾਈ ਪ੍ਰਕਿਰਿਆ ਅਧੀਨ ਹੈ।

(ਹ) **Mayo Hospital, Sector-69, SAS Nagar-** ਸਾਈਟ ਦੇ ਬਿਲਡਿੰਗ ਪਲਾਨ ਸਮਰੱਥ ਅਥਾਰਟੀ ਦੁਆਰਾ ਬਿਲਡਿੰਗ ਬਾਇਲਾਜ਼ ਨਿਯਮਾਂ ਅਨੁਸਾਰ ਮਨਜ਼ੂਰ ਕੀਤੇ ਗਏ ਹਨ, ਜਿੱਥੇ ਅਲਾਟੀ ਨੂੰ ਪਾਰਕਿੰਗ ਨਿਯਮਾਂ ਅਨੁਸਾਰ ਲੋੜੀਂਦੀ 29.92 ਨੰਬਰ ਦੀ ਬਰਾਬਰ ਕਾਰ ਸਪੇਸ (ECS) ਦੇ ਮੁਕਾਬਲੇ 36.46 ਬਰਾਬਰ ਕਾਰ ਸਪੇਸ (ECS) ਮਨਜ਼ੂਰ ਕੀਤੀ ਗਈ ਸੀ। ਪ੍ਰਵਾਨਿਤ ਬਿਲਡਿੰਗ ਪਲਾਨ ਅਨੁਸਾਰ ਪਾਰਕਿੰਗ ਸਪੇਸ ਦੀ ਵਰਤੋਂ ਪਾਰਕਿੰਗ ਲਈ ਨਹੀਂ ਕੀਤੀ ਜਾ ਰਹੀ ਹੈ। ਜਿਸ ਕਾਰਨ ਅਲਾਟੀ ਨੂੰ ਪੰਜਾਬ ਰੀਜਨਲ ਟਾਊਨ ਐਂਡ ਪਲੈਨਿੰਗ ਐਕਟ,1995 ਦੀ ਧਾਰਾ 45(3) ਤਹਿਤ ਇਸ ਦਫਤਰ ਦੇ ਸ਼ੋਅ-ਕਾਜ਼ ਪੱਤਰ ਨੰ: 43687 ਮਿਤੀ 01.03.2024 ਅਤੇ ਧਾਰਾ 45(4) ਤਹਿਤ ਪੱਤਰ ਨੰ: 10360 ਮਿਤੀ 07.07.2025 ਰਾਹੀਂ ਨੋਟਿਸ ਜਾਰੀ ਕੀਤਾ ਗਿਆ ਸੀ। ਨਿਯਮਾਂ ਅਨੁਸਾਰ ਅਗਲੇਰੀ ਕਾਰਵਾਈ ਪ੍ਰਕਿਰਿਆ ਅਧੀਨ ਹੈ।

(ਕ) **Indus Hospital, Phase-1, SAS Nagar-** ਸਮਰੱਥ ਅਥਾਰਟੀ ਦੁਆਰਾ ਬਿਲਡਿੰਗ ਰੂਲਾਂ ਅਨੁਸਾਰ ਸਾਈਟ ਦੇ ਬਿਲਡਿੰਗ ਪਲੈਨਾਂ ਨੂੰ ਮਨਜ਼ੂਰੀ ਦਿੱਤੀ ਗਈ ਹੈ, ਜਿਸ ਵਿੱਚ ਅਲਾਟੀ ਨੂੰ ਪਾਰਕਿੰਗ ਨਿਯਮਾਂ ਅਨੁਸਾਰ ਲੋੜੀਂਦੀ ਜ਼ਮੀਨੀ ਮੰਜ਼ਿਲ 'ਤੇ 2348.71 ਵਰਗ ਫੁੱਟ ਖੇਤਰ ਮਨਜ਼ੂਰ ਕੀਤਾ ਗਿਆ ਸੀ। ਪਾਰਕਿੰਗ ਜਗ੍ਹਾ ਨੂੰ ਮਨਜ਼ੂਰੀ ਪ੍ਰਾਪਤ ਬਿਲਡਿੰਗ ਪਲੈਨਾਂ ਅਨੁਸਾਰ ਨਹੀਂ ਵਰਤਿਆ ਜਾ ਰਿਹਾ ਹੈ। ਅਲਾਟੀ ਨੂੰ ਪੰਜਾਬ ਰੀਜਨਲ ਟਾਊਨ ਐਂਡ ਪਲੈਨਿੰਗ ਐਕਟ, 1995 ਦੀ ਧਾਰਾ 45(3) ਤਹਿਤ ਇਸ ਦਫਤਰ ਦੇ ਸ਼ੋਅ-ਕਾਜ਼ ਪੱਤਰ ਨੰ: 43674-77 ਮਿਤੀ 01.03.2024 ਅਤੇ ਧਾਰਾ 45(4) ਤਹਿਤ ਪੱਤਰ ਨੰ: 46094 ਮਿਤੀ 18.04.2024 ਅਤੇ ਪੱਤਰ ਨੰ: 10356 ਮਿਤੀ 07.07.2025 ਰਾਹੀਂ ਨੋਟਿਸ ਜਾਰੀ ਕੀਤਾ ਗਿਆ ਸੀ। ਨਿਯਮਾਂ ਅਨੁਸਾਰ ਅਗਲੇਰੀ ਕਾਰਵਾਈ ਪ੍ਰਕਿਰਿਆ ਅਧੀਨ ਹੈ।

**ਮਾਣਯੋਗ ਸਪੀਕਰ**: ਜਵਾਬ ਹਾਂ ਵਿੱਚ ਹੈ ਜਾਂ ਨਾਂਹ ਵਿੱਚ ਹੈ?

**ਮੰਤਰੀ**: 'ਹਾਂ' ਵਿੱਚ ਹੈ ਜੀ, ਕਰਾਂਗੇ, ਸਰ।

**ਸਰਦਾਰ ਕੁਲਵੰਤ ਸਿੰਘ**: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਸ ਸਬੰਧ ਵਿੱਚ ਐਕਸ਼ਨ ਕੀ ਹੋਇਆ ਹੈ? ਦੋ ਸਾਲ ਪਹਿਲਾਂ ਇੱਥੇ ਬਜਟ ਸੈਸ਼ਨ, 2024 ਵਿੱਚ ਮੈਂ ਸਵਾਲ ਕੀਤਾ ਸੀ ਕਿ ਜਿਹੜੇ

ਮੋਹਾਲੀ ਵਿਖੇ ਮੈਕਸ, ਫੋਰਟਿਸ, ਹਾਰਟ ਗਰੇਸ਼ੀਅਨ, ਮਾਇਓ ਆਦਿ ਵੱਡੇ ਹਸਪਤਾਲ ਹਨ, ਇਨ੍ਹਾਂ ਨੇ ਜਿਹੜੀਆਂ ਉਥੇ ਪਾਰਕਿੰਗ ਦੀਆਂ ਥਾਵਾਂ ਸਨ, ਉਥੇ ਆਪਣਾ ਕਮਰਸ਼ੀਅਲ ਧੰਦਾ ਸ਼ੁਰੂ ਕੀਤਾ ਹੋਇਆ ਹੈ। ਮੈਂ ਮੁੱਖ ਮੰਤਰੀ ਜੀ ਦਾ ਧੰਨਵਾਦੀ ਹਾਂ। ਉਦੋਂ ਮੁੱਖ ਮੰਤਰੀ ਸਾਹਿਬ ਕੋਲ ਇਹ ਮਹਿਕਮਾ ਸੀ। ਮੈਂ 6 ਤਾਰੀਕ ਨੂੰ ਸਵਾਲ ਕੀਤਾ ਸੀ ਅਤੇ ਪਹਿਲੀ ਤਾਰੀਕ ਨੂੰ ਉਨ੍ਹਾਂ ਨੂੰ ਨੋਟਿਸ ਪਹੁੰਚ ਚੁੱਕੇ ਸੀ, ਇਹ ਚੈੱਕ ਕਰਕੇ ਕਿ ਉਨ੍ਹਾਂ ਨੇ ਉਥੇ ਕਾਨੂੰਨ ਦੀਆਂ ਸਾਰੀਆਂ ਧਾਰਾਵਾਂ ਦੀ ਪੂਰੀ ਤਰ੍ਹਾਂ ਉਲੰਘਣਾ ਕੀਤੀ ਹੋਈ ਸੀ। ਉਸ ਤੋਂ ਬਾਅਦ ਉਨ੍ਹਾਂ ਨੇ ਨੋਟਿਸ ਦਾ ਜਵਾਬ ਨਹੀਂ ਦਿੱਤਾ ਜਾਂ ਜਿਹੜਾ ਜਵਾਬ ਦਿੱਤਾ, ਉਹ ਸੈਟਿਸਫੈਕਟਰੀ ਨਹੀਂ ਸੀ। ਫੇਰ ਇੱਕ ਮਹੀਨੇ ਬਾਅਦ ਹੀ ਮਹਿਕਮੇ ਦਾ ਨੋਟਿਸ ਪਰਸਨਲ ਹੀਅਰਿੰਗ ਵਾਸਤੇ ਦੇ ਦਿੱਤਾ ਕਿ ਤੁਸੀਂ ਆਉ ਅਤੇ ਆ ਕੇ ਇਹ ਦੱਸੋ ਕਿ ਤੁਸੀਂ ਇਹ ਉਲੰਘਣਾ ਕੀਤੀ ਹੋਈ ਹੈ ਲੇਕਿਨ ਉਸ ਤੋਂ ਬਾਅਦ ਕੋਈ ਐਕਸ਼ਨ ਨਹੀਂ ਹੋਇਆ। ਇੱਕ ਸਾਲ ਬਾਅਦ ਜਦੋਂ ਨੋਟਿਸ ਦਿੱਤਾ ਗਿਆ, ਉਸ ਤੋਂ ਇੱਕ ਸਾਲ ਬਾਅਦ ਫਿਰ ਨੋਟਿਸ ਦਿੱਤਾ ਗਿਆ, ਫਿਰ ਛੇ ਮਹੀਨੇ ਬਾਅਦ ਨੋਟਿਸ ਦਿੱਤਾ ਗਿਆ ਅਤੇ ਹੁਣ ਵੀ ਜਵਾਬ ਵਿੱਚ ਇਹੀ ਲਿਖਿਆ ਗਿਆ ਹੈ ਕਿ ਐਕਸ਼ਨ ਲੈ ਲਿਆ ਜਾਵੇਗਾ। ਇਹ ਅੰਡਰ ਪ੍ਰੋਸੈਸ ਹੈ।

**ਮਾਣਯੋਗ ਸਪੀਕਰ:** ਤੁਸੀਂ ਸਵਾਲ ਪੁੱਛੋ ਜੀ।

**ਸਰਦਾਰ ਕੁਲਵੰਤ ਸਿੰਘ:** ਸਪੀਕਰ ਸਾਹਿਬ, ਸਵਾਲ ਇਸ ਦੇ ਵਿੱਚੋਂ ਹੀ ਨਿਕਲਣਾ ਹੈ। ਮੈਂ ਮੰਤਰੀ ਜੀ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਐਕਸ਼ਨ ਹੈ, ਉਹ ਕਦੋਂ ਹੋਣਾ ਹੈ? ਜਦੋਂ ਕਿ ਮਹਿਕਮੇ ਨੇ ਮੰਨ ਲਿਆ ਹੈ ਕਿ ਉਨ੍ਹਾਂ ਨੇ ਉਲੰਘਣਾ ਕੀਤੀ ਹੈ ਅਤੇ ਉਸ ਤੋਂ ਅੱਗੇ ਜਾ ਕੇ ਹੁਣ ਇਹ ਵੀ ਮੰਨ ਲਿਆ ਹੈ ਕਿ ਜਿਹੜੀ ਉਨ੍ਹਾਂ ਨੇ ਗਰੀਨ ਬੈਲਟ ਲਈ ਜਗ੍ਹਾ ਛੱਡੀ ਹੋਈ ਸੀ, ਰੂਲਜ਼ ਮੁਤਾਬਕ ਇਹ ਜ਼ਰੂਰੀ ਹੈ ਕਿ ਹਸਪਤਾਲਾਂ ਨੇ ਗਰੀਨ ਬੈਲਟ ਲਈ ਜਗ੍ਹਾ ਛੱਡਣੀ ਹੁੰਦੀ ਹੈ ਪ੍ਰੰਤੂ ਰੂਲਜ਼ ਦੇ ਉਲਟ ਗਰੀਨ ਬੈਲਟ ਦੇ ਵਿੱਚ ਵੀ ਉਨ੍ਹਾਂ ਨੇ ਪਾਰਕਿੰਗ ਕੀਤੀ ਹੋਈ ਹੈ। ਮੇਰੀ ਬੇਨਤੀ ਹੈ ਕਿ ਪਾਰਕਿੰਗ ਦਾ ਉਥੇ ਬੁਰਾ ਹਾਲ ਹੈ। ਇਨ੍ਹਾਂ ਹਸਪਤਾਲਾਂ ਕਰਕੇ ਮੋਹਾਲੀ ਵਿੱਚ ਜਾਮ ਲੱਗਦੇ ਹਨ। ਮੈਨੂੰ ਮੰਤਰੀ ਜੀ ਬੱਸ ਇਹ ਦੱਸ ਦੇਣ ਕਿ ਉਨ੍ਹਾਂ ਵਿਰੁੱਧ ਕਦੋਂ ਕੁ ਤੱਕ ਐਕਸ਼ਨ ਹੋ ਜਾਵੇਗਾ? ਸਪੀਕਰ ਸਾਹਿਬ, ਮੈਂ ਹੋਰ ਵੀ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਮੈਂ ਇਸ ਸਬੰਧ ਵਿੱਚ ਲੈਟਰ ਵੀ ਲਿਖੇ ਸੀ। ਇੱਕ ਵੀ ਲੈਟਰ ਦਾ ਜਵਾਬ ਮਹਿਕਮੇ ਨੇ ਅੱਜ ਤੱਕ ਮੈਨੂੰ ਨਹੀਂ ਦਿੱਤਾ ਕਿ ਇਸ ਵਕਤ ਇਸ ਸਬੰਧੀ ਕੀ ਹੋ ਰਿਹਾ ਹੈ।

**ਮਾਣਯੋਗ ਸਪੀਕਰ:** ਜੇ ਕੋਈ ਮਹਿਕਮਾ ਜਵਾਬ ਨਹੀਂ ਦਿੰਦਾ ਤਾਂ ਉਸ ਵਾਸਤੇ ਮੈਂ ਬੈਠਾ ਹਾਂ। ਤੁਸੀਂ ਇਹ ਮੈਨੂੰ ਭੇਜ ਦੇਣਾ।

**ਮੰਤਰੀ:** ਮਾਣਯੋਗ ਸਪੀਕਰ ਸਾਹਿਬ, ਸਾਰੇ ਅਲਾਟੀਆਂ ਨੂੰ ਸ਼ੋਅ-ਕਾਜ਼ ਨੋਟਿਸ ਜਾਰੀ ਕਰ ਦਿੱਤੇ ਸੀ। ਹੁਣ ਦੁਬਾਰਾ ਫਿਰ ਇਹ ਨੋਟਿਸ ਜਾਰੀ ਕੀਤੇ ਗਏ ਹਨ। ਨਿਯਮਾਂ ਅਨੁਸਾਰ ਅਗਲੀ ਕਾਰਵਾਈ ਪ੍ਰਕਿਰਿਆ ਅਧੀਨ ਹੈ। ਮੈਂ ਮੈਂਬਰ ਸਾਹਿਬ ਨੂੰ ਗਰੰਟੀ ਦਿੰਦਾ ਹਾਂ ਅਤੇ ਵਾਅਦਾ ਕਰਦਾ ਹਾਂ ਕਿ ਜਲਦੀ ਹੀ ਇਹ ਪਾਰਕਿੰਗ ਦੀ ਸਮੱਸਿਆ ਥੋੜ੍ਹੇ ਮਹੀਨਿਆਂ ਦੇ ਵਿੱਚ ਹੀ ਹੱਲ ਕਰਵਾ ਦਿਆਂਗੇ ਜੀ।

**ਸਰਦਾਰ ਕੁਲਵੰਤ ਸਿੰਘ:** ਮੰਤਰੀ ਜੀ, ਨੋਟਿਸ ਤਾਂ ਪਹਿਲਾਂ ਵੀ ਜਾਰੀ ਕੀਤੇ ਸੀ ਪਰ ਉਨ੍ਹਾਂ ਤੇ ਐਕਸ਼ਨ ਕੀ ਹੋਇਆ?

**ਮੰਤਰੀ**: ਜੀ, ਸਪੀਕਰ ਸਾਹਿਬ, ਬਹੁਤ ਜਲਦੀ ਮੈਂਬਰ ਸਾਹਿਬ ਦੀ ਸਮੱਸਿਆ ਦਾ ਹੱਲ ਕੀਤਾ ਜਾਵੇਗਾ ਅਤੇ ਦੋਸ਼ੀਆਂ ਤੇ ਕਾਰਵਾਈ ਹੋਵੇਗੀ।

**ਸਰਦਾਰ ਕੁਲਵੰਤ ਸਿੰਘ**: ਟਾਈਮ ਬਾਊਂਡ ਤਾਂ ਹੋਇਆ ਨਹੀਂ ਜੀ।

**ਮਾਣਯੋਗ ਸਪੀਕਰ** : ਚਲੋ, ਮੈਂਬਰ ਸਾਹਿਬ, ਤੁਸੀਂ ਮੰਤਰੀ ਜੀ ਨਾਲ ਮਿਲ ਕੇ ਗੱਲ ਕਰ ਲੈਣਾ।

**ਮੰਤਰੀ** : ਸਪੀਕਰ ਸਾਹਿਬ, ਦੋ-ਤਿੰਨ ਮਹੀਨਿਆਂ ਦੇ ਵਿਚ ਕੰਮ ਹੋ ਜਾਵੇਗਾ।

**ਮਾਣਯੋਗ ਸਪੀਕਰ** : ਠੀਕ ਹੈ ਜੀ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰ: 1731***

**ਮਾਣਯੋਗ ਸਪੀਕਰ**: ਇਸ ਪ੍ਰਸ਼ਨ ਦੀ ਐਕਸਟੈਂਸ਼ਨ ਮੰਗੀ ਗਈ ਹੈ, ਜੋ ਕਿ ਮੈਂ ਅਲਾਓ ਕਰ ਦਿੱਤੀ ਹੈ।

---

## ਪੰਜਾਬ ਵਿਚ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਨੂੰ ਮਿਲਣ ਵਾਲੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਦੀ ਮੌਜੂਦਾ ਸਥਿਤੀ

***1692. ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ**: ਕੀ ਸਮਾਜਿਕ ਨਿਆਂ, ਸਸ਼ਕਤੀਕਰਨ ਅਤੇ ਘੱਟ ਗਿਣਤੀਆਂ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

(ੳ) ਪੰਜਾਬ ਵਿੱਚ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਲਈ ਚੱਲ ਰਹੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਦੀ ਮੌਜੂਦਾ ਸਥਿਤੀ ਕੀ ਹੈ; ਸਾਲ 2020-21 ਤੋਂ 2024-25 ਦੌਰਾਨ ਇਸ ਸਕੀਮ ਅਧੀਨ ਕਿੰਨੇ ਵਿਦਿਆਰਥੀਆਂ ਨੂੰ ਲਾਭ ਮਿਲਿਆ ਹੈ;

(ਅ) ਸਾਲ 2025-26 ਦੌਰਾਨ ਇਸ ਸਕੀਮ ਅਧੀਨ ਕਿੰਨੇ ਵਿਦਿਆਰਥੀਆਂ ਨੂੰ ਲਾਭ ਮਿਲਣ ਦੀ ਉਮੀਦ ਹੈ?

**ਡਾਕਟਰ ਬਲਜੀਤ ਕੌਰ:** ਸ਼੍ਰੀਮਾਨ ਜੀ,

(ੳ) ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. ਸਟੂਡੈਂਟਸ ਸਕੀਮ ਕੇਂਦਰ ਅਤੇ ਰਾਜ ਸਰਕਾਰ ਦੇ 60:40 ਸ਼ੇਅਰ ਪੈਟਰਨ ਤੇ ਲਾਗੂ ਕੀਤੀ ਜਾ ਰਹੀ ਹੈ। ਸਾਲ 2025-26 ਦੇ 1,65,328 ਵਿਦਿਆਰਥੀਆਂ ਨੂੰ ਰਾਜ ਸਰਕਾਰ

---

* For Starred Question no. 1731 and reply thereto, please see Annexure to this Debate.

ਵੱਲੋਂ ਆਪਣੇ 40 ਪ੍ਰਤੀਸ਼ਤ ਹਿੱਸੇ, 196.00 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਜਾ ਚੁੱਕੀ ਹੈ। ਸਾਲ 2021-22 ਤੋਂ 2024-25 ਤੱਕ ਸਕੀਮ ਅਧੀਨ ਵੈਰੀਫਾਈ ਕੀਤੇ ਵਿਦਿਆਰਥੀਆਂ ਦੀ ਸੂਚਨਾ ਹੇਠ ਲਿਖੇ ਅਨੁਸਾਰ ਹੈ:-

| ਸਾਲ | ਵਿਦਿਆਰਥੀ |
|---|---|
| 2020-21 | 176482 |
| 2021-22 | 195156 |
| 2022-23 | 226427 |
| 2023-24 | 214558 |
| 2024-25 | 237456 |

(ਅ) ਇਸ ਸਕੀਮ ਤਹਿਤ ਸਾਲ 2025-26 ਲਈ 2,70,000 ਵਿਦਿਆਰਥੀਆਂ ਦਾ ਟੀਚਾ ਨਿਸ਼ਚਿਤ ਕੀਤਾ ਗਿਆ ਹੈ ਅਤੇ ਸਾਡੇ ਕੋਲ 2,72,236 ਵਿਦਿਆਰਥੀਆਂ ਨੇ ਹੁਣ ਤੱਕ ਅਪਲਾਈ ਕੀਤਾ ਹੈ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ** : ਮਾਣਯੋਗ ਸਪੀਕਰ ਸਾਹਿਬ, ਬੜੀ ਅੱਛੀ ਗੱਲ ਹੈ। ਜੇਕਰ ਸਾਡੇ ਦਲਿਤ ਬੱਚੇ ਪੜ੍ਹਨਗੇ ਤੇ ਉਨ੍ਹਾਂ ਨੂੰ ਸਹੀ ਸਕਾਲਰਸ਼ਿਪ ਮਿਲੇਗੀ ਤਾਂ ਹੀ ਉਹ ਜੀਵਨ ਦੀਆਂ ਬੁਲੰਦੀਆਂ ਨੂੰ ਸਰ ਕਰ ਸਕਣਗੇ। ਇਹ ਬੜੇ ਦੁੱਖ ਤੇ ਅਫ਼ਸੋਸ ਦੀ ਗੱਲ ਹੈ ਕਿ ਧਰਮਸੋਤ ਵਰਗੇ, ਜਿਹੜੇ ਸਾਡੇ ਬੱਚਿਆਂ ਦੀ ਮੂੰਹ ਦੀ ਰੋਟੀ ਖਾ ਗਏ, ਵਜ਼ੀਫੇ ਖਾ ਗਏ, ਜਿਸ ਕਰਕੇ ਕਾਲਜਾਂ ਦੇ ਵਿੱਚ ਸਾਡੇ ਐਸ.ਸੀ. ਬੱਚਿਆਂ ਦੀ ਗਿਣਤੀ ਡਿਕਰੀਜ਼ ਹੋ ਰਹੀ ਸੀ। ਹੁਣ ਮੈਨੂੰ ਇਸ ਗੱਲ ਦਾ ਮਾਣ ਹੈ ਅਤੇ ਬਹੁਤ ਖੁਸ਼ੀ ਹੈ, ਜਦੋਂ ਮੈਂ ਇਸ ਸਵਾਲ ਦਾ ਜਵਾਬ ਪੜ੍ਹ ਰਿਹਾ ਸੀ ਤਾਂ ਮੈਂ ਗਦ-ਗਦ ਹੋ ਉੱਠਿਆ ਕਿ 33 ਫੀਸਦੀ ਸਾਡੇ ਐਸ.ਸੀ. ਬੱਚਿਆਂ ਦੀ ਕਾਲਜਾਂ ਵਿੱਚ ਗਿਣਤੀ ਇਨਕਰੀਜ਼ ਹੋਈ ਹੈ। (ਥੰਪਿੰਗ) ਮਾਣਯੋਗ ਮੰਤਰੀ, ਬੀਬਾ ਬਲਜੀਤ ਕੌਰ ਜੀ ਨੇ 2,70,000 ਬੱਚਿਆਂ ਦਾ ਇਸ ਸਾਲ ਟੀਚਾ ਰੱਖਿਆ ਹੈ। ਸਪੀਕਰ ਸਾਹਿਬ, ਮੈਂ ਤਾਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਇਹੀ ਪੁੱਛਣਾ ਚਾਹੁੰਦਾ ਹਾਂ ਕਿ ਦਲਿਤ ਬੱਚਿਆਂ ਨੂੰ ਪੜ੍ਹਾਉਣ ਦਾ ਇੰਨਾ ਵੱਡਾ ਟੀਚਾ ਤੁਸੀਂ ਸਰ ਕਿਵੇਂ ਕੀਤਾ? ਇਹ ਥੋੜ੍ਹਾ ਜਿਹਾ ਬਰੀਫ਼ ਕਰਕੇ ਦੱਸ ਦਿਓ ਤਾਂ ਕਿ ਦੇਸ਼ ਦੇ ਹੋਰਨਾਂ ਮੰਤਰੀਆਂ ਨੂੰ ਵੀ ਪਤਾ ਲੱਗੇ ਕਿ ਪੰਜਾਬ ਨੇ ਦਲਿਤ ਬੱਚਿਆਂ ਨੂੰ ਪੜ੍ਹਾਉਣ ਦਾ ਇੰਨਾ ਵੱਡਾ ਟੀਚਾ ਸਰ ਕੀਤਾ ਹੈ। ਤੁਸੀਂ ਇਹ ਮਾਅਰਕਾ ਕਿਵੇਂ ਮਾਰਿਆ, ਇਹ ਗੱਲ ਦੱਸ ਦਿਓ ?

**ਮਾਣਯੋਗ ਸਪੀਕਰ**: ਇਨ੍ਹਾਂ ਨੂੰ ਗਵਰਨਰ ਐਡਰੈਸ ਤੇ ਬੋਲਣ ਦਾ ਮੌਕਾ ਮਿਲੇਗਾ, ਉਦੋਂ ਦੱਸ ਦੇਣਗੇ। ਤੁਸੀਂ ਤਾਂ ਇਨ੍ਹਾਂ ਦਾ ਧੰਨਵਾਦ ਹੀ ਕੀਤਾ ਹੈ। ਬਹੁਤ ਵਧੀਆ।

---

**ਜਲ ਸਪਲਾਈ ਅਤੇ ਸੀਵਰੇਜ ਬੋਰਡ/ ਫਾਇਰ ਬ੍ਰਿਗੇਡ ਦੇ ਮੁਲਾਜ਼ਮਾਂ ਨੂੰ ਪੱਕਾ ਕਰਨਾ**

***1665. ਸ਼੍ਰੀਮਤੀ ਨੀਨਾ ਮਿੱਤਲ:** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜਲ ਸਪਲਾਈ ਅਤੇ ਸੀਵਰੇਜ ਬੋਰਡ ਅਤੇ ਫਾਇਰ ਬ੍ਰਿਗੇਡ ਵਿਭਾਗ ਵਿਚ ਕੱਚੇ ਮੁਲਾਜ਼ਮ ਜੋ ਕਿ ਪਿਛਲੇ 12-13 ਸਾਲਾਂ ਤੋਂ ਕੰਮ ਕਰ ਰਹੇ ਹਨ, ਉਨ੍ਹਾਂ ਨੂੰ ਪੱਕਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋ ਤੱਕ?

**ਸ਼੍ਰੀ ਸੰਜੀਵ ਅਰੋੜਾ:** ਨਹੀਂ ਜੀ। ਜਲ ਸਪਲਾਈ ਅਤੇ ਸੀਵਰੇਜ ਬੋਰਡ ਅਤੇ ਫਾਇਰ ਬ੍ਰਿਗੇਡ ਵਿਭਾਗ ਵਿੱਚ ਕੱਚੇ ਮੁਲਾਜ਼ਮ ਜੋ ਕਿ ਪਿਛਲੇ 12-13 ਸਾਲਾਂ ਤੋਂ ਕੰਮ ਕਰ ਰਹੇ ਹਨ, ਉਨ੍ਹਾਂ ਨੂੰ ਪੱਕਾ ਕਰਨ ਦੀ ਹਾਲ ਦੀ ਘੜੀ ਕੋਈ ਤਜਵੀਜ਼/ਪਾਲਿਸੀ ਸਰਕਾਰ ਵੱਲੋਂ ਨਹੀਂ ਬਣਾਈ ਗਈ ਹੈ।

**ਮਾਣਯੋਗ ਸਪੀਕਰ** : ਸੰਜੀਵ ਅਰੋੜਾ ਸਾਹਿਬ, ਅਮਨ ਅਰੋੜਾ ਜੀ, ਤੁਸੀਂ ਦੋਵੇਂ ਇਕੱਠੇ ਤਿਆਰ ਹੋ ਕੇ ਆਉਂਦੇ ਹੋ? (ਹਾਸਾ) ਅਮਨ ਅਰੋੜਾ ਜੀ, ਇੱਕ ਮਿੰਟ ਉੱਠਿਓ। ਕਿਆ ਬਾਤ ਹੈ, ਦੋਵੇਂ ਕਿੰਨੇ ਸੋਹਣੇ ਲੱਗਦੇ ਹਨ।

**ਸਥਾਨਕ ਸਰਕਾਰ ਮੰਤਰੀ**: ਸਰ, ਤੁਹਾਡਾ ਸ਼ੁਕਰੀਆ ਅਦਾ ਕਰਦੇ ਹਾਂ ਕਿ ਤੁਸੀਂ ਸਾਨੂੰ ਸੋਹਣਾ ਕਿਹਾ।

**ਮਾਣਯੋਗ ਸਪੀਕਰ**: ਵਾਹਿਗੁਰੂ।

**ਸ਼੍ਰੀਮਤੀ ਨੀਨਾ ਮਿੱਤਲ:** ਸਪੀਕਰ ਸਾਹਿਬ, ਮੰਤਰੀ ਜੀ ਦਾ ਜਵਾਬ "ਨਹੀਂ" ਆਇਆ ਹੈ ਪਰ ਮੇਰੀ ਬੇਨਤੀ ਹੈ ਕਿ ਇਹ ਮੁਲਾਜ਼ਮ 15-15 ਸਾਲਾਂ ਤੋਂ ਨੌਕਰੀ ਕਰ ਰਹੇ ਹਨ। ਹੁਣ ਇਨ੍ਹਾਂ ਦੇ ਪੱਕੇ ਹੋਣ ਦੀ ਤਾਂ ਕੋਈ ਉਮੀਦ ਨਹੀਂ ਹੈ ਪਰ ਇਨ੍ਹਾਂ ਦੀ ਇੱਕੋ ਬੇਨਤੀ ਹੈ ਕਿ ਇਨ੍ਹਾਂ ਦੀਆਂ ਸੈਲਰੀਆਂ ਥੋੜ੍ਹੀਆਂ ਜਿਹੀਆਂ ਵਧਾ ਦਿੱਤੀਆਂ ਜਾਣ ਜੀ।

**ਮਾਣਯੋਗ ਸਪੀਕਰ**: ਤੁਸੀਂ ਸਵਾਲ ਕਰੋ ਜੀ, ਤੁਹਾਨੂੰ ਇੱਥੇ ਸੰਵਿਧਾਨ ਨੇ ਸਵਾਲ ਕਰਨ ਦਾ ਹੱਕ ਦਿੱਤਾ ਹੈ।

**ਸ਼੍ਰੀਮਤੀ ਨੀਨਾ ਮਿੱਤਲ:** ਮੈਂ ਮੰਤਰੀ ਜੀ ਨੂੰ ਸਵਾਲ ਕਰਦੀ ਹਾਂ ਕਿ ਜੇਕਰ ਉਨ੍ਹਾਂ ਮੁਲਾਜ਼ਮਾਂ ਨੂੰ ਹਾਲੇ ਪੱਕਾ ਨਹੀਂ ਕਰ ਸਕਦੇ ਤਾਂ ਉਨ੍ਹਾਂ ਦੀ ਥੋੜ੍ਹੀ ਜਿਹੀ ਸੈਲਰੀ ਵਧਾਈ ਜਾਵੇ ਤਾਂ ਕਿ ਉਨ੍ਹਾਂ ਦਾ ਗੁਜ਼ਾਰਾ ਸੌਖਿਆਂ ਹੋ ਸਕੇ।

**ਮੰਤਰੀ** : ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਨਾਲ ਕਾਫੀ ਮੀਟਿੰਗਾਂ ਸਾਡੇ ਮਾਣਯੋਗ ਵਿੱਤ ਮੰਤਰੀ ਜੀ ਕਰ ਚੁੱਕੇ ਹਨ। ਇੱਕ ਕਮੇਟੀ ਵੀ ਬਣੀ ਹੋਈ ਹੈ, ਉਸ ਦੇ ਵਿੱਚ ਮੈਂ ਵੀ ਮੈਂਬਰ ਹਾਂ। ਅਸੀਂ 2-4 ਮੀਟਿੰਗਾਂ ਕਰ ਚੁੱਕੇ ਹਾਂ। ਅਸੀਂ ਹੋਰ ਮੀਟਿੰਗਾਂ ਕਰਕੇ ਇਸ ਸਬੰਧੀ ਜਲਦੀ ਕੋਈ ਨਾ ਕੋਈ ਫੈਸਲਾ ਕਰਾਂਗੇ।

**ਮਾਣਯੋਗ ਸਪੀਕਰ**: ਇਸ ਦਾ ਮਤਲਬ ਵਿੱਤ ਮੰਤਰੀ ਨੂੰ ਖੁਸ਼ ਕਰਨਾ ਪੈਣਾ। (ਹਾਸਾ)

**ਸ਼੍ਰੀਮਤੀ ਨੀਨਾ ਮਿੱਤਲ**: ਸਪੀਕਰ ਸਾਹਿਬ, ਕੱਚੇ ਮੁਲਾਜ਼ਮਾਂ ਨੂੰ ਆਪਣੇ ਤੋਂ ਹੀ ਉਮੀਦਾਂ ਹਨ। ਬਾਕੀ ਤਾਂ ਕਿਸੇ ਤੋਂ ਕੋਈ ਉਮੀਦਾਂ ਨਹੀਂ ਰਹੀਆਂ। ਉਮੀਦ ਹੈ ਕਿ ਅਸੀਂ ਇਨ੍ਹਾਂ ਦੀਆਂ ਮੰਗਾਂ ਨੂੰ ਜ਼ਰੂਰ ਪੂਰੀਆਂ ਕਰਾਂਗੇ।

**ਮਾਣਯੋਗ ਸਪੀਕਰ**: ਧੰਨਵਾਦ ਜੀ।

---

## ਫਰੀਦਕੋਟ ਅਤੇ ਫਿਰੋਜ਼ਪੁਰ ਤੋਂ ਮੱਖੂ-ਕਪੂਰਥਲਾ ਵਾਇਆ ਸੁਲਤਾਨਪੁਰ ਲੋਧੀ ਰੂਟ ਤੇ ਚੱਲ ਰਹੇ ਬੱਸ ਪਰਮਿਟਸ ਦੇ ਵੇਰਵੇ

***1705. ਸਰਦਾਰ ਗੁਰਿਦੱਤ ਸਿੰਘ ਸੇਖੋਂ** : ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਫਰੀਦਕੋਟ ਅਤੇ ਫਿਰੋਜ਼ਪੁਰ ਤੋਂ ਮੱਖੂ-ਕਪੂਰਥਲਾ ਵਾਇਆ ਸੁਲਤਾਨਪੁਰ ਲੋਧੀ ਰੂਟ ਤੇ ਇਸ ਸਮੇਂ ਵੱਡੀਆਂ ਬੱਸਾਂ (ਸਰਕਾਰੀ/ਪ੍ਰਾਈਵੇਟ) ਦੇ ਕਿੰਨੇ ਰੂਟ ਪਰਮਿਟ ਚੱਲ ਰਹੇ ਹਨ; ਕੀ ਇਸ ਰੂਟ ਤੇ ਵੱਡੀਆਂ ਬੱਸਾਂ ਦੇ ਰੂਟ ਵਧਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਲਾਲਜੀਤ ਸਿੰਘ ਭੁੱਲਰ** : ਫਰੀਦਕੋਟ ਅਤੇ ਫਿਰੋਜ਼ਪੁਰ ਤੋਂ ਮੱਖੂ-ਕਪੂਰਥਲਾ ਵਾਇਆ ਸੁਲਤਾਨਪੁਰ ਲੋਧੀ ਰੂਟ ਨਾਲ ਸਬੰਧਤ ਪੀ.ਆਰ.ਟੀ.ਸੀ. ਕੋਲ 5 ਰੂਟ ਪਰਮਿੱਟ ਹਨ ਅਤੇ ਇਨ੍ਹਾਂ ਪਰਮਿੱਟਾਂ ਵਿਰੁੱਧ 3 ਰੂਟਾਂ (ਜਲੰਧਰ ਤੋਂ ਫਰੀਦਕੋਟ ਵਾਇਆ ਕਪੂਰਥਲਾ-ਸੁਲਤਾਨਪੁਰ ਲੋਧੀ-ਮੱਖੂ-ਜੀਰਾ, ਕਪੂਰਥਲਾ ਤੋਂ ਤਲਵੰਡੀ ਸਾਬੋ ਵਾਇਆ ਸੁਲਤਾਨਪੁਰ ਲੋਧੀ-ਮੱਖੂ-ਜੀਰਾ-ਫਰੀਦਕੋਟ-ਬਠਿੰਡਾ ਅਤੇ ਹੁਸ਼ਿਆਰਪੁਰ ਤੋਂ ਫਿਰੋਜ਼ਪੁਰ ਵਾਇਆ ਜਲੰਧਰ-ਕਪੂਰਥਲਾ-ਸੁਲਤਾਨਪੁਰ ਲੋਧੀ-ਮੱਖੂ-ਜੀਰਾ) ਤੇ ਬਣਦੀ ਬੱਸ ਸਰਵਿਸ ਚਲਾਈ ਜਾ ਰਹੀ ਹੈ। ਇਸ ਤੋਂ ਇਲਾਵਾ ਪੀ.ਆਰ.ਟੀ.ਸੀ. ਵੱਲੋਂ ਆਉਣ ਵਾਲੇ ਸਮੇਂ ਵਿੱਚ ਨਵੀਆਂ ਬੱਸਾਂ ਪਾਈਆ ਜਾ ਰਹੀਆਂ ਹਨ ਅਤੇ ਇਨ੍ਹਾਂ ਬੱਸਾਂ ਦੇ ਫਲੀਟ ਵਿੱਚ ਸ਼ਾਮਲ ਹੋਣ ਉਪਰੰਤ ਇਸ ਰੂਟ ਤੇ ਲੋਕਾਂ ਦੀ ਸਫਰ ਸਹੂਲਤ ਨੂੰ ਧਿਆਨ ਵਿੱਚ ਰੱਖਦੇ ਹੋਏ ਲੋੜ ਅਨੁਸਾਰ ਬੱਸ ਸਰਵਿਸ ਵਿੱਚ ਹੋਰ ਵਾਧਾ ਕੀਤਾ ਜਾ ਸਕਦਾ ਹੈ।

ਪੰਜਾਬ ਰੋਡਵੇਜ਼/ਪਨਬੱਸ ਕੋਲ ਉਕਤ ਰੂਟ ਦਾ ਕੋਈ ਵੀ ਰੂਟ ਪਰਮਿੱਟ ਮੌਜੂਦ ਨਹੀਂ ਹੈ ਅਤੇ ਨਾ ਹੀ ਮੌਜੂਦਾ ਸਮੇਂ ਇਸ ਅਦਾਰੇ ਵੱਲੋਂ ਉਕਤ ਰੂਟ ਤੇ ਬੱਸ ਸਰਵਿਸ ਚਲਾਉਣ ਦੀ ਕੋਈ ਤਜਵੀਜ਼ ਵਿਚਾਰ ਅਧੀਨ ਹੈ।

ਇਸ ਤੋਂ ਇਲਾਵਾ ਇਸ ਰੂਟ ਨਾਲ ਸਬੰਧਤ ਰੂਟਾਂ ਤੇ ਵੱਖ ਵੱਖ 5 ਪ੍ਰਾਈਵੇਟ ਕੰਪਨੀਆਂ ਜਿਵੇਂ ਕਿ ਬਦਨ ਟਰਾਂਸਪੋਰਟ ਕੰਪਨੀ ਰਜਿ. ਜੰਡਿਆਲਾ, ਜ਼ਿਲ੍ਹਾ ਜਲੰਧਰ ਵੱਲੋਂ ਫਿਰੋਜ਼ਪੁਰ ਤੋਂ ਹੁਸ਼ਿਆਰਪੁਰ ਵਾਇਆ ਜ਼ੀਰਾ-ਮੱਖੂ-ਕਪੂਰਥਲਾ-ਜਲੰਧਰ ਰੂਟ ਅਤੇ ਇੱਕ ਵਾਪਸੀ ਫੇਰਾ, ਸ਼ਹਿਨਾਜ਼ ਬੱਸ ਸਰਵਿਸ ਰਜਿ. ਜਲੰਧਰ ਵੱਲੋਂ ਸ੍ਰੀ ਮੁਕਤਸਰ ਸਾਹਿਬ ਤੋਂ ਹੁਸ਼ਿਆਰਪੁਰ ਵਾਇਆ ਸਾਦਿਕ-ਫਿਰੋਜ਼ਪੁਰ-ਜ਼ੀਰਾ-ਮੱਖੂ-ਲੋਹੀਆਂ-ਸੁਲਤਾਨਪੁਰ ਲੋਧੀ-ਕਪੂਰਥਲਾ-ਜਲੰਧਰ ਰੂਟ ਅਤੇ ਇੱਕ ਵਾਪਸੀ ਫੇਰਾ, ਸ਼ਡਿਊਲ ਕਾਸਟ ਬੱਸ ਸਰਵਿਸ ਰਜਿ. ਜਲਾਲਾਬਾਦ ਵੱਲੋਂ ਫਿਰੋਜ਼ਪੁਰ ਤੋਂ ਹੁਸ਼ਿਆਰਪੁਰ ਵਾਇਆ ਮੱਲਾਂਵਾਲਾ-ਜ਼ੀਰਾ-ਮੱਖੂ-ਲੋਹੀਆਂ-ਨਕੋਦਰ-ਜਲੰਧਰ ਰੂਟ ਅਤੇ ਡੇਢ (1.5) ਵਾਪਸੀ ਫੇਰਾ, ਮੋਗਾ ਬੱਸ ਸਰਵਿਸ ਰਜਿ. ਮੋਗਾ ਵੱਲੋਂ ਫਿਰੋਜ਼ਪੁਰ ਤੋਂ ਆਦਮਪੁਰ ਵਾਇਆ ਜ਼ੀਰਾ-ਮੱਖੂ-ਲੋਹੀਆਂ-ਨਕੋਦਰ-ਜਲੰਧਰ ਰੂਟ ਅਤੇ ਇੱਕ ਵਾਪਸੀ ਫੇਰਾ ਅਤੇ ਨਿਊ ਦੀਪ ਮੋਟਰਜ਼ ਰਜਿਸਟਰਡ ਚੰਨੂ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵੱਲੋਂ ਫਿਰੋਜ਼ਪੁਰ ਤੋਂ ਹੁਸ਼ਿਆਰਪੁਰ ਵਾਇਆ ਜ਼ੀਰਾ-ਮੱਖੂ-ਲੋਹੀਆਂ-ਨਕੋਦਰ-ਜਲੰਧਰ ਰੂਟ ਅਤੇ ਇੱਕ ਵਾਪਸੀ ਫੇਰੇ ਅਨੁਸਾਰ ਬੱਸ ਸਰਵਿਸ ਚਲਾਈ ਜਾ ਰਹੀ ਹੈ।

**ਸਰਦਾਰ ਗੁਰਦਿੱਤ ਸਿੰਘ ਸੇਖੋਂ** : ਸਰ, ਬੇਨਤੀ ਹੈ ਕਿ ਫਰੀਦਕੋਟ ਸ਼ਹਿਰ ਇੱਕ ਇਤਿਹਾਸਕ ਸ਼ਹਿਰ ਹੈ ਅਤੇ ਸੁਲਤਾਨਪੋਰ ਲੋਧੀ ਵੀ ਇੱਕ ਇਤਿਹਾਸਕ ਸ਼ਹਿਰ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਉੱਧਰ ਜਾਣ ਵਾਸਤੇ ਬਹੁਤੇ ਟਰਾਂਸਪੋਰਟ ਦੇ ਪ੍ਰਬੰਧ ਨਹੀਂ ਹਨ। ਇਹ ਇਕੱਲਾ ਫਰੀਦਕੋਟ ਹੀ ਨਹੀਂ ਸਗੋਂ ਜਦੋਂ ਫਿਰੋਜ਼ਪੁਰ ਨੂੰ ਵੀ ਜਾਂਦੇ ਹਾਂ ਤਾਂ

ਮੱਖੂ ਤੋਂ ਅੱਗੇ ਜਾ ਕੇ ਬਹੁਤ ਵੱਡੀ ਸਮੱਸਿਆ ਆਉਂਦੀ ਹੈ ਕਿਉਂਕਿ ਇਤਿਹਾਸਕ ਸ਼ਹਿਰ ਹੈ ਅਤੇ ਅੱਗੇ ਕਪੂਰਥਲਾ ਅਤੇ ਜਲੰਧਰ ਜਾਣ ਵਾਸਤੇ ਵੀ ਲੋਕਾਂ ਨੂੰ ਸਮੱਸਿਆ ਆਉਂਦੀ ਹੈ। ਜੇਕਰ ਵੇਖਿਆ ਜਾਵੇ ਤਾਂ ਜਿਹੜੇ ਲੋਕ ਬਿਆਸ ਵੀ ਜਾਂਦੇ ਹਨ, ਉਨ੍ਹਾਂ ਨੂੰ ਵੀ ਦਿੱਕਤ ਆਉਂਦੀ ਹੈ। ਇਸ ਕਰਕੇ ਮੰਤਰੀ ਜੀ ਸਾਨੂੰ ਉੱਥੇ ਨਵੀਆਂ ਬੱਸਾਂ ਚਲਾਉਣ ਦੀ ਲੋੜ ਹੈ ਕਿਉਂਕਿ ਉੱਥੇ ਆਵਾਜਾਈ ਜ਼ਿਆਦਾ ਹੈ।

**ਮਾਣਯੋਗ ਸਪੀਕਰ**: ਹਾਂ ਜੀ ਮੰਤਰੀ ਜੀ, ਕੀ ਕੋਈ ਨਵਾਂ ਰੂਟ ਚਲਾਉਣ ਦਾ ਵਿਚਾਰ ਹੈ?

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਫਰੀਦਕੋਟ ਤੋਂ ਫਿਰੋਜ਼ਪੁਰ, ਕਪੂਰਥਲਾ ਵਾਇਆ ਸੁਲਤਾਨਪੁਰ ਲੋਧੀ, ਪੀ.ਆਰ.ਟੀ.ਸੀ. ਦੇ ਰੂਟ ਚੱਲਦੇ ਹਨ ਪਰ ਫਿਰ ਵੀ ਆਉਣ ਵਾਲੇ ਸਮੇਂ ਦੇ ਵਿੱਚ ਜੇ ਜ਼ਰੂਰਤ ਹੋਈ ਕਿਉਂਕਿ ਨਵੀਆਂ ਬੱਸਾਂ ਦਾ ਫਲੀਟ ਆਉਣਾ ਹੈ, ਜਿਸ ਦੇ ਵਿੱਚ ਹਰ ਹਲਕੇ ਨੂੰ 10 ਤੋਂ 12 ਬੱਸਾਂ ਆਉਣੀਆਂ ਹਨ, ਉਦੋਂ ਅਸੀਂ ਮਾਣਯੋਗ ਮੈਂਬਰ ਸਾਹਿਬ ਨਾਲ ਸਲਾਹ ਕਰਕੇ ਜੇਕਰ ਹੋਰ ਲੋੜ ਹੋਵਗੀ ਤਾਂ ਹੋਰ ਬੱਸਾਂ ਚਲਾ ਦਿਆਂਗੇ।

**ਮਾਣਯੋਗ ਸਪੀਕਰ**: ਮੇਰੇ ਵੱਲੋਂ ਵੀ ਸਿਫਾਰਸ਼ ਹੈ ਜੀ। ਧੰਨਵਾਦ।

---

## ਰਾਜ ਵਿੱਚ ਹੁਣ ਤੱਕ ਕੀਤੇ ਗਏ ਵਿਦੇਸ਼ੀ ਨਿਵੇਸ਼ਾਂ ਦੇ ਵੇਰਵੇ

***1676. ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ:** ਕੀ ਨਿਵੇਸ਼ ਪ੍ਰੋਤਸਾਹਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਮੌਜੂਦਾ ਕਾਰਜਕਾਲ ਦੇ ਦੌਰਾਨ ਸਿੱਧੇ ਵਿਦੇਸ਼ੀ ਨਿਵੇਸ਼ ਨੂੰ ਉਤਸ਼ਾਹਿਤ ਕਰਨ ਲਈ ਮੁੱਖ ਮੰਤਰੀ ਵੱਲੋਂ ਕੀਤੇ ਵਿਦੇਸ਼ੀ ਦੌਰਿਆਂ ਦੌਰਾਨ ਕੀਤੇ ਸਮਝੌਤਿਆਂ ਦੇ ਸਿੱਟੇ ਕੀ ਹਨ;

(ਅ) ਰਾਜ ਵਿੱਚ ਹੁਣ ਤੱਕ ਕੀਤੇ ਗਏ ਅਜਿਹੇ ਨਿਵੇਸ਼ਾਂ ਦੇ ਵੇਰਵੇ ਕੀ ਹਨ?

**ਸ੍ਰੀ ਸੰਜੀਵ ਅਰੋੜਾ**: (ੳ) ਨਿਵੇਸ਼ ਨੂੰ ਉਤਸ਼ਾਹਿਤ ਕਰਨ ਲਈ ਕੀਤੇ ਗਏ ਸਰਕਾਰੀ ਦੌਰਿਆਂ ਦੌਰਾਨ ਮਾਣਯੋਗ ਮੁੱਖ ਮੰਤਰੀ ਨੇ ਪੰਜਾਬ ਦੀਆਂ ਉਦਯੋਗਿਕ ਤਾਕਤਾਂ ਅਤੇ ਨੀਤੀਗਤ ਢਾਂਚੇ ਨੂੰ ਪੇਸ਼ ਕਰਨ ਲਈ ਉਦਯੋਗ ਦੇ ਆਗੂਆਂ, ਵਪਾਰਕ ਸੰਗਠਨਾਂ ਅਤੇ ਸੰਭਾਵੀ ਨਿਵੇਸ਼ਕਾਂ ਢਾਂਚੇ ਨੂੰ ਪੇਸ਼ ਕਰਨ ਲਈ ਢਾਂਚਾਗਤ ਗੱਲਬਾਤ ਕੀਤੀ। ਅਜਿਹੇ ਸਮਾਗਮਾਂ ਵਿੱਚ ਆਮ ਤੌਰ ਤੇ ਸੰਭਾਵੀ ਨਿਵੇਸ਼ ਪ੍ਰਸਤਾਵਾਂ ਅਤੇ ਕੰਪਨੀਆਂ ਦੀਆਂ ਲੰਬੇ ਸਮੇਂ ਦੀਆਂ ਵਿਸਥਾਰ ਰਣਨੀਤੀਆਂ ਤੇ ਵਿਸਤ੍ਰਿਤ ਗੱਲਬਾਤ ਸ਼ਾਮਲ ਹੁੰਦੀ ਹੈ ਅਤੇ ਲਾਗੂ ਕਰਨ ਦੇ ਪੜਾਅ ਤੇ ਪਹੁੰਚਣ ਤੋਂ ਪਹਿਲਾਂ ਇੱਕ ਮੁਕਾਬਲਤਨ ਲੰਬਾ ਸਮਾਂ ਹੁੰਦਾ ਹੈ। ਇਸ ਲਈ ਇਨ੍ਹਾਂ ਵਿਚਾਰ-ਵਟਾਂਦਰਿਆਂ ਨੂੰ ਜ਼ਮੀਨੀ ਨਿਵੇਸ਼ਾਂ ਵਿੱਚ ਬਦਲਣਾ ਇੱਕ ਪੜਾਅਵਾਰ ਪ੍ਰਕਿਰਿਆ ਹੈ, ਜਿਸ ਲਈ ਉਚਿਤ ਮਿਹਨਤ ਅਤੇ ਰੈਗੂਲੇਟਰੀ ਮੁਲਾਂਕਣਾਂ ਦੀ ਲੋੜ ਹੁੰਦੀ ਹੈ। ਸਰਕਾਰ, ਇਨਵੈਸਟ ਪੰਜਾਬ ਸਕੀਮ ਰਾਹੀਂ, ਨਿਯਮਤ ਫਾਲੋ-ਅੱਪ ਅਤੇ ਸਹੂਲਤ ਪ੍ਰਦਾਨ ਕਰਦੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਹ ਨਿਵੇਸ਼ ਲੀਡ ਰਾਜ ਵਿੱਚ ਫਲੇ ਤੇ ਯੋਜਨਾਬੱਧ ਢੰਗ ਨਾਲ ਅੱਗੇ ਵਧੇ।

(ਅ) ਅਜਿਹੀਆਂ ਪਹਿਲਕਦਮੀਆਂ ਅਤੇ ਰੁਝੇਵਿਆਂ ਦੇ ਨਤੀਜੇ ਵਜੋਂ, ਰਾਜ ਨੂੰ (ਅਪ੍ਰੈਲ, 2025 ਤੋਂ ਫਰਵਰੀ, 2026 ਤੱਕ) 55,040 ਕਰੋੜ ਰੁਪਏ ਤੋਂ ਵੱਧ ਦੇ ਰਿਕਾਰਡ ਨਿਵੇਸ਼ ਪ੍ਰਸਤਾਵ ਪ੍ਰਾਪਤ ਹੋਏ ਹਨ। ਹਾਲਾਂਕਿ, ਇਹ ਪਤਾ ਲਗਾਉਣਾ ਮੁਸ਼ਕਲ ਹੈ ਕਿ ਸਾਰੇ ਨਿਵੇਸ਼ ਕਿਹੜੇ ਰਾਸ਼ਟਰੀ, ਅੰਤਰਰਾਸ਼ਟਰੀ ਦੌਰਿਆਂ ਜਾਂ ਗੱਲਬਾਤ ਨਾਲ ਜੁੜੇ ਹਨ।

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ** : ਮਾਣਯੋਗ ਸਪੀਕਰ ਸਾਹਿਬ, ਕੀ ਮੰਤਰੀ ਸਾਹਿਬ ਇਹ ਦੱਸਣਗੇ ਕਿ ਇਹ ਜਿਹੜੇ ਪੈਸੇ ਆਏ ਹਨ, ਇਹ ਕਿਹੜੇ ਏਰੀਏ ਦੇ ਵਿੱਚ ਲੱਗ ਰਹੇ ਹਨ, ਪ੍ਰਾਜੈਕਟ ਦਾ ਕੀ ਨਾਂ ਹੈ, ਕਿਹੜੀ ਕੰਪਨੀ ਆਈ ਹੈ, ਕੀ ਇਹ ਡਿਟੇਲ ਵਿੱਚ ਦੱਸਣਗੇ?

**ਮਾਣਯੋਗ ਸਪੀਕਰ** : ਹਾਂ ਜੀ ਮੰਤਰੀ ਜੀ, ਇਨਵੈਸਟਮੈਂਟ ਦੀ ਡਿਟੇਲ ਦੇਣਾ ਜੀ।

**ਮੰਤਰੀ** : ਮਾਣਯੋਗ ਸਪੀਕਰ ਸਾਹਿਬ, ਸਾਡੇ ਮਾਣਯੋਗ ਮੈਂਬਰ ਸਾਹਿਬਾਨ ਨੇ ਜਿਹੜਾ ਸਵਾਲ ਪੁੱਛਿਆ ਹੈ, ਉਹ ਇਹ ਹੈ ਕਿ ਜਿਹੜਾ ਤੁਸੀਂ ਬਾਹਰ ਟਰੈਵਲ ਕੀਤਾ ਹੈ ਅਤੇ ਟਰੈਵਲ ਦੌਰਾਨ ਲੋਕਾਂ ਨੂੰ ਮਿਲੇ ਹੋ, ਉਸ ਦੇ ਅਗੇਂਸਟ ਇੱਥੇ ਕਿੰਨੀ ਇਨਵੈਸਟਮੈਂਟ ਆਈ ਹੈ। ਸਪੀਕਰ ਸਾਹਿਬ, ਮੈਂ ਇਨ੍ਹਾਂ ਦਾ ਸ਼ੁਕਰਗੁਜ਼ਾਰ ਹਾਂ ਕਿ ਇਨ੍ਹਾਂ ਨੇ ਇਹ ਸਵਾਲ ਪੁੱਛਿਆ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਦੀ ਹਿਸਟਰੀ ਵਿੱਚ 2025-26 ਵਿੱਚ ਸਭ ਨਾਲੋਂ ਜ਼ਿਆਦਾ ਪੰਜਾਬ ਵਿੱਚ ਇਨਵੈਸਟਮੈਂਟ ਆਈ ਹੈ। (ਥੰਪਿੰਗ) ਪਿਛਲੇ ਸਾਲ ਨਾਲੋਂ ਦੁੱਗਣੀ ਇਨਵੈਸਟਮੈਂਟ ਆ ਚੁੱਕੀ ਹੈ। ਹਾਲੇ 20-25 ਦਿਨ ਰਹਿੰਦੇ ਹਨ। ਹੁਣ ਤੱਕ 55,000 ਕਰੋੜ ਰੁਪਏ ਦੀ ਇਨਵੈਸਟਮੈਂਟ ਆ ਚੁੱਕੀ ਹੈ ਪਰ ਇਹ ਦੱਸਣਾ ਬੜਾ ਔਖਾ ਹੁੰਦਾ ਹੈ ਕਿ ਕਿਹੜੀ ਵਿਜ਼ਿਟ ਕਰਕੇ ਕਿਹੜੀ ਮੀਟਿੰਗ ਕਰਕੇ ਕਦੋਂ ਅਸੀਂ ਕਿਸੇ ਨੂੰ ਮਿਲੇ ਸੀ ਤਾਂ ਇਨਵੈਸਟਮੈਂਟ ਆਈ। ਜਿਹੜੀਆਂ ਇਨਵੈਸਟਮੈਂਟਾਂ ਆ ਰਹੀਆਂ ਹਨ, ਉਹ ਜਿਹੜਾ ਅਸੀਂ ਲਗਾਤਾਰ ਕੋਸ਼ਿਸ਼ਾਂ ਕਰੀ ਜਾ ਰਹੇ ਹਾਂ, ਰੋਡ ਸ਼ੋਅ ਕਰੀ ਜਾ ਰਹੇ ਹਾਂ, ਉਸ ਦੇ ਕਾਰਨ ਹੈ।

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ**: ਮਾਣਯੋਗ ਸਪੀਕਰ ਸਾਹਿਬ, ਕੀ ਇਹ ਦੱਸਣਗੇ ਕਿ ਉਹ ਇਨਵੈਸਟਮੈਂਟ ਲੱਗੀ ਕਿੱਥੇ ਹੈ, ਕਿਸ ਜ਼ਿਲ੍ਹੇ ਵਿੱਚ ਲੱਗੀ ਹੈ, ਕੀ ਪ੍ਰਾਜੈਕਟ ਹੈ, ਕੀ ਕਾਰਾਂ ਦਾ ਪ੍ਰਾਜੈਕਟ ਹੈ ਜਾਂ ਮੋਟਰ ਸਾਈਕਲਾਂ ਦਾ ਪ੍ਰਾਜੈਕਟ ਹੈ?

**ਮਾਣਯੋਗ ਸਪੀਕਰ** : ਮੰਤਰੀ ਜੀ, please give details of the Project.

**ਮੰਤਰੀ** : ਮਾਣਯੋਗ ਸਪੀਕਰ ਸਾਹਿਬ, ਵੈਸੇ ਤਾਂ ਸਵਾਲ ਵਿੱਚ ਇਸ ਬਾਰੇ ਨਹੀਂ ਪੁੱਛਿਆ ਗਿਆ ਸੀ ਪਰ ਜਿੰਨੀ ਇਨਵੈਸਟਮੈਂਟ ਆਈ ਹੈ, ਉਸ ਦੀ ਸਾਰੀ ਡਿਟੇਲ ਮੈਂ ਮੈਂਬਰ ਸਾਹਿਬ ਨੂੰ ਪਹੁੰਚਾ ਦਿਆਂਗਾ।

**ਰਾਣਾ ਗੁਰਜੀਤ ਸਿੰਘ** : ਮਾਣਯੋਗ ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹਾਂਗਾ ਕਿ ਬਾਹਰੋਂ ਕਾਗਜ਼ਾਂ ਵਿੱਚ ਤਾਂ ਐਮ.ਓ.ਯੂ. ਸਾਈਨ ਹੋ ਗਏ ਹੋਣਗੇ ਲੇਕਿਨ ਕੀ ਤੁਹਾਡੀ ਇੱਥੋਂ ਦੀ ਇੰਡਸਟਰੀ ਨੇ ਐਕਸਪੈਂਡ ਕੀਤਾ ਹੈ? ਜੇ ਨਹੀਂ ਤਾਂ ਕਿਉਂ ਨਹੀਂ ਕੀਤਾ?

**ਮੰਤਰੀ** : ਸਪੀਕਰ ਸਾਹਿਬ, ਮੈਂ ਇੱਕ ਵਾਰੀ ਨਹੀਂ ਹਰ ਮੀਟਿੰਗ ਵਿੱਚ ਕਹਿ ਚੁੱਕਾ ਹਾਂ ਕਿ ਪੰਜਾਬ ਵਿੱਚ ਕੋਈ ਇਹੋ ਜਿਹਾ ਇਨਵੈਸਟਰ ਨਹੀਂ ਹੈ ਜਿਸ ਨੇ ਇੱਥੇ ਇਨਵੈਸਟਮੈਂਟ ਕੀਤੀ ਹੋਵੇ ਅਤੇ ਉਸ ਨੇ ਪੰਜਾਬ ਵਿੱਚ ਐਕਸਪੈਂਡ ਨਾ ਕੀਤਾ ਹੋਵੇ। (ਥੰਪਿੰਗ)

**ਮਾਣਯੋਗ ਸਪੀਕਰ**: ਪ੍ਰਸ਼ਨ ਤੇ ਪ੍ਰਸ਼ਨ ਕਾਲ ਖਤਮ ਹੁੰਦਾ ਹੈ।

---

## UNSTARRED QUESTIONS AND ANSWERS

### ਬਿਜਲੀ ਟ੍ਰਾਂਸਫ਼ਾਰਮਰਜ਼ ਅਤੇ ਹੋਰ ਬਿਜਲੀ ਸਮਾਨ ਦੇ ਚੋਰੀ ਹੋਣ ਕਾਰਨ ਪਾਵਰਕੌਮ ਨੂੰ ਪਏ ਘਾਟੇ ਦੇ ਵੇਰਵੇ

**599. ਡਾਕਟਰ ਸੁਖਵਿੰਦਰ ਕੁਮਾਰ ਸੁੱਖੀ:** ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਸੂਬੇ ਵਿੱਚ ਪੰਜਾਬ ਰਾਜ ਬਿਜਲੀ ਨਿਗਮ ਲਿਮਟਿਡ (ਪਾਵਰਕੌਮ) ਦੇ ਬਿਜਲੀ ਟ੍ਰਾਂਸਫ਼ਾਰਮਰਜ਼ ਲਗਾਤਾਰ ਚੋਰੀ ਹੋ ਰਹੇ ਹਨ, ਜਿਸ ਕਾਰਨ ਜਿੱਥੇ ਪਾਵਰਕੌਮ ਨੂੰ ਕਰੋੜਾਂ ਰੁਪਿਆਂ ਦਾ ਨੁਕਸਾਨ ਹੋ ਰਿਹਾ ਹੈ, ਉਥੇ ਖਪਤਕਾਰਾਂ ਨੂੰ ਵੀ ਬਿਜਲੀ ਬੰਦ ਹੋ ਜਾਣ ਕਾਰਨ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਰਾਜ ਵਿੱਚ ਸਾਲ, 2016 ਤੋਂ ਹੁਣ ਤੱਕ ਕਿੰਨੇ ਬਿਜਲੀ ਟ੍ਰਾਂਸਫ਼ਾਰਮਰਜ਼ ਅਤੇ ਹੋਰ ਬਿਜਲੀ ਦਾ ਸਮਾਨ ਚੋਰੀ ਜਾਂ ਗੁੰਮ ਹੋਏ ਹਨ ਅਤੇ ਇਹ ਸਮਾਨ ਚੋਰੀ ਹੋ ਜਾਣ ਕਾਰਨ ਪਾਵਰਕੌਮ ਨੂੰ ਕੁੱਲ ਕਿੰਨਾ ਵਿੱਤੀ ਘਾਟਾ ਹੋਇਆ ਹੈ; ਇਸ ਘਾਟੇ ਨੂੰ ਪੂਰਾ ਕਰਨ ਅਤੇ ਭਵਿੱਖ ਵਿੱਚ ਬਿਜਲੀ ਟ੍ਰਾਂਸਫ਼ਾਰਮਰਜ਼ ਦੀ ਚੋਰੀ ਰੋਕਣ ਲਈ ਪਾਵਰਕੌਮ ਵੱਲੋਂ ਕੀ ਠੋਸ ਕਾਰਵਾਈ ਕੀਤੀ ਜਾ ਰਹੀ ਹੈ; ਵਿੱਤੀ ਸਾਲਵਾਰ ਅਤੇ ਜ਼ਿਲ੍ਹਾਵਾਰ ਵੇਰਵੇ ਸਹਿਤ ਦੱਸਿਆ ਜਾਵੇ?

**ਸ਼੍ਰੀ ਸੰਜੀਵ ਅਰੋੜਾ**: ਸ਼੍ਰੀਮਾਨ ਜੀ,

(ੳ) ਹਾਂ ਜੀ, ਇਹ ਇੱਕ ਤੱਥ ਹੈ ਕਿ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (PSPCL) ਨਾਲ ਸਬੰਧਤ ਬਿਜਲੀ ਟਰਾਂਸਫਾਰਮਰ ਅਤੇ ਉਨ੍ਹਾਂ ਦੇ ਪੁਰਜ਼ੇ, ਪੰਜਾਬ ਰਾਜ ਅਧੀਨ ਪੈਂਦੇ ਦਫਤਰਾਂ ਦੇ ਵੱਖ-ਵੱਖ ਹਿੱਸਿਆਂ ਵਿੱਚ ਵਾਰ-ਵਾਰ ਚੋਰੀ ਹੋ ਰਹੇ ਹਨ। ਇਨ੍ਹਾਂ ਚੋਰੀਆਂ ਕਾਰਨ, PSPCL ਨੂੰ ਭਾਰੀ ਵਿੱਤੀ ਨੁਕਸਾਨ ਹੋ ਰਿਹਾ ਹੈ ਅਤੇ ਖਪਤਕਾਰਾਂ ਨੂੰ ਵੀ ਅਜਿਹੀਆਂ ਘਟਨਾਵਾਂ ਕਾਰਨ ਬਿਜਲੀ ਬੰਦ ਹੋਣ ਕਾਰਨ ਅਸੁਵਿਧਾ ਅਤੇ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

(ਅ) 2016 ਤੋਂ ਰਾਜ ਵਿੱਚ ਚੋਰੀ ਜਾਂ ਗੁੰਮ ਹੋਏ ਬਿਜਲੀ ਟਰਾਂਸਫਾਰਮਰਾਂ ਅਤੇ ਹੋਰ ਬਿਜਲੀ ਉਪਕਰਣਾਂ ਦੀ ਗਿਣਤੀ ਦੇ ਨਾਲ ਨਾਲ ਇਨ੍ਹਾਂ ਚੋਰੀਆਂ ਕਾਰਨ ਪਾਵਰਕਾਮ ਨੂੰ ਹੋਏ ਕੁੱਲ ਵਿੱਤੀ ਨੁਕਸਾਨ ਬਾਰੇ ਜਾਣਕਾਰੀ ਅਨੁਲੱਗ—ੳ ਅਨੁਸਾਰ ਹੈ।

ਨੁਕਸਾਨ ਦੀ ਭਰਪਾਈ ਕਰਨ ਅਤੇ ਭਵਿੱਖ ਵਿੱਚ ਟਰਾਂਸਫਾਰਮਰਾਂ ਦੀ ਚੋਰੀ ਨੂੰ ਰੋਕਣ ਲਈ ਹੇਠ ਲਿਖੇ ਕਦਮ ਚੁੱਕੇ ਗਏ ਹਨ-

1. **ਐਫ.ਆਈ.ਆਰ. ਦਰਜ ਕਰਵਾਉਣਾ:** ਟਰਾਂਸਫਾਰਮਰ ਜਾਂ ਬਿਜਲੀ ਸਮੱਗਰੀ ਦੀ ਚੋਰੀ ਦਾ ਪਤਾ ਲੱਗਣ ਤੇ ਤੁਰੰਤ ਸਬੰਧਤ ਪੁਲਿਸ ਸਟੇਸ਼ਨ ਵਿੱਚ ਐਫ.ਆਈ.ਆਰ. ਦਰਜ ਕਰਨ ਲਈ ਲਿਖਿਆ ਜਾਂਦਾ ਹੈ।
2. **ਵੈਲਡਿੰਗ ਰਾਹੀਂ ਸੁਰੱਖਿਆ:** ਸ਼ਰਾਰਤੀ ਅਨਸਰਾਂ ਲਈ ਟਰਾਂਸਫਾਰਮਰਾਂ ਨੂੰ ਉਤਾਰਨਾ ਮੁਸ਼ਕਲ ਬਣਾਉਣ ਲਈ, ਫੀਲਡ ਸਟਾਫ ਵੱਲੋਂ ਟਰਾਂਸਫਾਰਮਰਾਂ ਨੂੰ ਖੰਭਿਆਂ ਦੇ ਢਾਂਚੇ ਨਾਲ ਪੱਕੇ ਤੌਰ ਤੇ ਵੈਲਡ ਕੀਤਾ ਜਾਂਦਾ ਹੈ।
3. **ਗਸ਼ਤ ਤੇਜ਼ ਕਰਨਾ:** ਚੋਰੀ ਪ੍ਰਭਾਵਿਤ ਖੇਤਰਾਂ ਵਿੱਚ ਇਨਫੋਰਸਮੈਂਟ ਸਕੁਐਡਾਂ ਅਤੇ ਫੀਲਡ ਸਟਾਫ ਵੱਲੋਂ ਰਾਤ ਦੀ ਗਸ਼ਤ ਅਤੇ ਅਚਨਚੇਤ ਚੈਕਿੰਗ ਕੀਤੀ ਜਾਂਦੀ ਹੈ।
4. **ਪੁਲਿਸ ਨਾਲ ਤਾਲਮੇਲ:** ਜ਼ਿਲ੍ਹਾ ਪੁਲਿਸ ਅਧਿਕਾਰੀਆਂ ਨਾਲ ਨਿਯਮਤ ਤਾਲਮੇਲ ਮੀਟਿੰਗਾਂ ਕੀਤੀਆਂ ਜਾਂਦੀਆਂ ਹਨ। ਚੋਰੀ ਹੋਏ ਤਾਂਬੇ ਦੇ ਕੁਆਇਲ ਅਤੇ ਤੇਲ ਦਾ ਪਤਾ ਲਗਾਉਣ ਲਈ ਪੀ.ਐਸ.ਪੀ.ਸੀ.ਐਲ. ਦੇ ਅਧਿਕਾਰੀ ਸਥਾਨਕ ਕਬਾੜੀਆਂ ਦੀ ਚੈਕਿੰਗ ਕਰਨ ਵਿੱਚ ਪੁਲਿਸ ਪ੍ਰਸ਼ਾਸਨ ਦੀ ਮਦਦ ਕਰਦੇ ਹਨ।
5. **ਜਨਤਕ ਜਾਗਰੂਕਤਾ**: ਪਿੰਡਾਂ ਦੀਆਂ ਪੰਚਾਇਤਾਂ ਅਤੇ ਸਥਾਨਕ ਲੋਕਾਂ ਨਾਲ ਰਾਬਤਾ ਕਾਇਮ ਕੀਤਾ ਜਾਂਦਾ ਹੈ ਤਾਂ ਜੋ ਉਹਨਾਂ ਨੂੰ ਸੁਚੇਤ ਕੀਤਾ ਜਾ ਸਕੇ ਅਤੇ ਬਿਜਲੀ ਦੇ ਢਾਂਚੇ ਦੇ ਨੇੜੇ ਕਿਸੇ ਵੀ ਸ਼ੱਕੀ ਗਤੀਵਿਧੀ ਦੀ ਸੂਚਨਾ ਤੁਰੰਤ ਨੇੜਲੇ ਦਫ਼ਤਰ ਜਾਂ ਪੁਲਿਸ ਨੂੰ ਦਿੱਤੀ ਜਾ ਸਕੇ।

## ਅਨੁਲੱਗ–ੳ

| | | | | | | | | | | | | | | | | | | | | | | | | | Annexure-A | |
|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|
| Sr No | Zone | Name of Circle | Year wise theft of Transformers and other electrical items | | | | | | | | | | | | | | | | | | | | | | Total | Amount (In Lacs ) |
| | | | 2015-16 | | 2016-17 | | 2017-18 | | 2018-19 | | 2019-20 | | 2020-21 | | 2021-22 | | 2022-23 | | 2023-24 | | 2024-25 | | 2025-26 | | | |
| | | | No. | Amt | No. | Amt | No. | Amt | No. | Amt | No. | Amt | No. | Amt | No. | Amt | No. | Amt | No. | Amt | No. | Amt | No. | Amt | No. | Amt |
| 1 | Border | City Amritsar | 19 | 6 | 23 | 16 | 11 | 9 | 41 | 29 | 55 | 25 | 76 | 32 | 49 | 26 | 20 | 11 | 20 | 9 | 40 | 23 | 19 | 15 | **373** | **200** |
| 2 | | Sub Urban Amritsar | 1539 | 380 | 1199 | 360 | 1623 | 460 | 2941 | 820 | 3080 | 900 | 2579 | 840 | 2948 | 1050 | 3695 | 1425 | 3333 | 1500 | 3599 | 1780 | 3283 | 1665 | **29819** | **11180** |
| 3 | | Tarn Taran | 1097 | 436 | 1313 | 662 | 1221 | 553 | 1533 | 634 | 847 | 384 | 711 | 322 | 850 | 450 | 872 | 458 | 824 | 420 | 532 | 264 | 346 | 220 | **10146** | **4805** |
| 4 | | Gurdaspur | 194 | 183 | 125 | 56 | 269 | 184 | 376 | 291 | 544 | 200 | 887 | 309 | 999 | 753 | 1445 | 567 | 1680 | 689 | 1243 | 510 | 971 | 406 | **8733** | **4147** |
| | **Border Zone Total** | | **2849** | **1005** | **2660** | **1094** | **3124** | **1206** | **4891** | **1774** | **4526** | **1509** | **4253** | **1503** | **4846** | **2278** | **6032** | **2461** | **5857** | **2618** | **5414** | **2577** | **4619** | **2306** | **49071** | **20331** |
| 5 | Central | East | 15 | 12 | 12 | 8 | 25 | 20 | 8 | 19 | 1 | 0 | 14 | 12 | 10 | 3 | 77 | 48 | 36 | 20 | 41 | 61 | 20 | 32 | **259** | **234** |
| 6 | | West | 27 | 12 | 14 | 7 | 10 | 6 | 9 | 4 | 7 | 3 | 13 | 9 | 18 | 7 | 37 | 20 | 13 | 8 | 19 | 14 | 32 | 21 | **199** | **111** |
| 7 | | Sub Urban | 255 | 107 | 246 | 103 | 273 | 115 | 291 | 122 | 411 | 173 | 410 | 172 | 463 | 194 | 557 | 234 | 482 | 202 | 830 | 349 | 1033 | 434 | **5251** | **2205** |
| 8 | | Khanna | 765 | 306 | 838 | 335 | 997 | 399 | 1040 | 416 | 708 | 283 | 501 | 200 | 735 | 294 | 868 | 347 | 830 | 313 | 773 | 344 | 800 | 328 | **8855** | **3566** |
| | **Central Zone Total** | | **1062** | **437** | **1110** | **453** | **1305** | **539** | **1348** | **561** | **1127** | **459** | **938** | **393** | **1226** | **498** | **1539** | **649** | **1361** | **543** | **1663** | **768** | **1885** | **815** | **14564** | **6117** |
| 9 | North | Kapurthala | 0 | 0 | 402 | 120 | 381 | 111 | 502 | 33 | 754 | 302 | 812 | 256 | 1573 | 356 | 1710 | 327 | 1883 | 363 | 1656 | 352 | 918 | 251 | **10591** | **2471** |
| 10 | | Jalandhar | 0 | 0 | 84 | 36 | 64 | 27 | 40 | 23 | 89 | 30 | 133 | 36 | 158 | 33 | 31 | 30 | 68 | 19 | 85 | 44 | 56 | 30 | **808** | **307** |
| 11 | | Hoshairpur | 0 | 0 | 135 | 58 | 67 | 29 | 97 | 42 | 79 | 40 | 363 | 153 | 424 | 222 | 262 | 126 | 218 | 134 | 276 | 170 | 305 | 143 | **2226** | **1116** |
| 12 | | Nawanshahar | 0 | 0 | 152 | 45 | 110 | 32 | 108 | 31 | 76 | 19 | 90 | 10 | 192 | 53 | 314 | 105 | 438 | 133 | 471 | 173 | 221 | 81 | **2172** | **682** |
| | **North Zone Total** | | **0** | **0** | **773** | **259** | **622** | **199** | **747** | **129** | **998** | **390** | **1398** | **455** | **2347** | **664** | **2317** | **588** | **2607** | **649** | **2488** | **739** | **1500** | **506** | **15797** | **4576** |

| | | | | | | | | | | | | | | | | | | | | | | | | | | |
|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|
| **13** | **South** | **Patiala** | 1176 | 360 | 411 | 153 | 631 | 52218 | 1258 | 409 | 1214 | 462 | 941 | 396 | 1256 | 433 | 1028 | 352 | 957 | 380 | 783 | 241 | 0 | 0 | **9655** | **55403** |
| **14** | | **Sangrur** | 449 | 137 | 595 | 182 | 719 | 220 | 909 | 278 | 1179 | 361 | 1224 | 375 | 1302 | 399 | 1370 | 419 | 1651 | 505 | 1830 | 560 | 0 | 0 | **11228** | **3437** |
| **15** | | **Barnala** | 392 | 132 | 427 | 153 | 539 | 205 | 355 | 138 | 461 | 175 | 694 | 245 | 761 | 282 | 1076 | 498 | 772 | 366 | 871 | 539 | 0 | 0 | **6348** | **2732** |
| | **South Zone Total** | | **2017** | **630** | **1433** | **488** | **1889** | **52643** | **2522** | **825** | **2854** | **998** | **2859** | **1015** | **3319** | **1113** | **3474** | **1269** | **3380** | **1251** | **3484** | **1340** | **0** | **0** | **27231** | **61572** |
| **16** | **East** | **Ropar** | 179 | 27 | 101 | 15 | 130 | 20 | 200 | 30 | 259 | 39 | 164 | 25 | 216 | 32 | 216 | 32 | 188 | 28 | 178 | 27 | 213 | 32 | **2044** | **307** |
| **17** | | **Mohali** | 0 | 0 | 0 | 0 | 0 | 0 | 2 | 0 | 0 | 0 | 17 | 2 | 3 | 1 | 0 | 0 | 2 | 1 | 0 | 0 | 42 | 55 | **66** | **59** |
| **18** | | **Zirakpur** | 23 | 7 | 17 | 5 | 26 | 8 | 16 | 6 | 43 | 14 | 104 | 45 | 81 | 36 | 14 | 8 | 38 | 25 | 33 | 23 | 9 | 8 | **404** | **184** |
| | **East Zone Total** | | **202** | **33** | **118** | **20** | **156** | **28** | **218** | **36** | **302** | **53** | **285** | **72** | **300** | **70** | **230** | **40** | **228** | **54** | **211** | **49** | **264** | **95** | **2514** | **550** |
| **19** | **West** | **Bathinda** | 62 | 23 | 89 | 34 | 270 | 97 | 233 | 87 | 205 | 89 | 391 | 180 | 770 | 363 | 940 | 443 | 1047 | 546 | 1574 | 874 | 0 | 0 | **5581** | **2736** |
| **20** | | **Faridkot** | 18 | 6 | 8 | 2 | 8 | 2 | 30 | 5 | 1 | 0 | 7 | 4 | 16 | 3 | 145 | 16 | 62 | 12 | 48 | 11 | 0 | 0 | **343** | **61** |
| **21** | | **Ferozpur** | 103 | 29 | 112 | 33 | 290 | 85 | 117 | 45 | 405 | 90 | 468 | 105 | 866 | 193 | 1157 | 295 | 1170 | 380 | 937 | 326 | 0 | 0 | **5625** | **1581** |
| **22** | | **Shri Muktsar Sahib** | 8 | 2 | 522 | 101 | 666 | 122 | 794 | 154 | 756 | 132 | 879 | 203 | 1393 | 322 | 2085 | 464 | 2886 | 558 | 3598 | 790 | 0 | 0 | **13587** | **2850** |
| | **West Zone Total** | | **191** | **61** | **731** | **171** | **1234** | **306** | **1174** | **291** | **1367** | **312** | **1745** | **491** | **3045** | **881** | **4327** | **1219** | **5165** | **1497** | **6157** | **1999** | **0** | **0** | **25136** | **7227** |
| | **PSPCL Total** | | **6321** | **2167** | **6825** | **2484** | **8330** | **54920** | **10900** | **3617** | **11174** | **3720** | **11478** | **3930** | **15083** | **5504** | **17919** | **6226** | **18598** | **6611** | **19417** | **7473** | **8268** | **3722** | **134313** | **100374** |

**ਸਾਲ 2022-23 ਤੋਂ 2025-26 ਦੌਰਾਨ CSR ਫੰਡਾਂ ਦੇ ਵੇਰਵੇ**

**601. ਡਾਕਟਰ ਸੁਖਵਿੰਦਰ ਕੁਮਾਰ ਸੁੱਖੀ:** ਕੀ ਉਦਯੋਗ ਤੇ ਵਣਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਰਾਜ ਨੂੰ ਵਿੱਤੀ ਸਾਲ 2022-23 ਤੋਂ ਸਾਲ 2025-26 ਦੌਰਾਨ ਹੁਣ ਤੱਕ Corporate Social Responsibility (CSR) ਫੰਡ ਦੀ ਕਿੰਨੀ-ਕਿੰਨੀ ਰਕਮ, ਮੁੱਖ ਤੌਰ ਤੇ ਕਿਹੜੇ-ਕਿਹੜੇ ਅਦਾਰਿਆਂ ਤੋਂ ਪ੍ਰਾਪਤ ਹੋਈ ਹੈ;

(ਅ) ਇਹ ਰਕਮ ਕਿਸ-ਕਿਸ ਮੰਤਵ ਲਈ ਜ਼ਿਲ੍ਹਾਵਾਰ ਖਾਸ ਕਰਕੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਕਿੱਥੇ-ਕਿੱਥੇ ਖਰਚ ਕੀਤੀ ਗਈ ਹੈ;

(ੲ) ਸੂਬਾ ਸਰਕਾਰ ਵੱਲੋਂ ਰਾਜ ਦੇ CSR ਫੰਡ ਵਿੱਚ ਵਾਧਾ ਕਰਨ ਲਈ ਕੀ ਕਾਰਵਾਈ ਕੀਤੀ ਜਾ ਰਹੀ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**ਸ੍ਰੀ ਸੰਜੀਵ ਅਰੋੜਾ:** (ੳ) ਕੰਪਨੀ ਐਕਟ, 2013 ਇੱਕ ਕੇਂਦਰੀ ਵਿਧਾਨ ਹੋਣ ਕਰਕੇ ਰਿਟਰਨ ਸਿੱਧੇ ਤੌਰ ਤੇ ਕੰਪਨੀਆਂ ਦੁਆਰਾ ਕਾਰਪੋਰੇਟ ਮਾਮਲਿਆਂ ਦੇ ਮੰਤਰਾਲੇ (MCA) ਦੇ CSR ਪੋਰਟਲ ਤੇ ਦਾਇਰ ਕੀਤੇ ਜਾਂਦੇ ਹਨ।

ਭਾਰਤ ਸਰਕਾਰ ਦੇ ਕਾਰਪੋਰੇਟ ਮਾਮਲਿਆਂ ਦੇ ਮੰਤਰਾਲੇ (MCA) ਦੇ ਪੋਰਟਲ ਤੇ ਉਪਲਬਧ ਜਾਣਕਾਰੀ ਦੇ ਅਨੁਸਾਰ, ਵਿੱਤੀ ਸਾਲ 2022-23 ਅਤੇ 2023–24 ਦੌਰਾਨ ਪੰਜਾਬ ਰਾਜ ਵਿੱਚ ਖਰਚ ਕੀਤੇ ਗਏ ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ (CSR) ਫੰਡ ਹੇਠ ਲਿਖੇ ਅਨੁਸਾਰ ਹਨ:

| ਲੜੀ ਨੰ: | ਵਿੱਤੀ ਸਾਲ | ਪ੍ਰਾਪਤ ਹੋਈ ਅਨੁਮਾਨਿਤ ਰਕਮ (ਰੁ: ਕਰੋੜਾਂ ਵਿੱਚ) |
|---|---|---|
| 1. | 2022-23 | 263.51 |
| 2. | 2023-24 | 351.89 |

ਜਿੱਥੋਂ ਤੱਕ ਸਾਲ 2024-25 ਅਤੇ 2025-26 ਦੇ ਸੀ.ਐਸ.ਆਰ. ਡਾਟੇ ਦਾ ਸੰਬਧ ਹੈ, ਇਸ ਨੂੰ ਅਜੇ ਤੱਕ ਕੇਂਦਰੀ ਮੰਤਰਾਲੇ (ਐਮ.ਸੀ.ਏ.) ਦੀ ਵੈੱਬਸਾਈਟ ਤੇ ਅੱਪਡੇਟ ਕੀਤਾ ਜਾਣਾ ਬਾਕੀ ਹੈ, ਜੋ ਕਿ ਸੀ.ਐਸ.ਆਰ. ਡਾਟਾ ਲਈ ਜਾਣਕਾਰੀ ਦਾ ਪ੍ਰਮਾਣਿਕ ਸਰੋਤ ਹੈ। ਇਹ ਧਿਆਨ ਦੇਣਯੋਗ ਹੈ ਕਿ ਐਕਟ ਦੇ ਉਪਬੰਧਾਂ ਦੇ ਤਹਿਤ, ਉਕਤ ਸੀ.ਐਸ.ਆਰ. ਰਕਮ ਕੰਪਨੀਆਂ ਦੁਆਰਾ ਸਿੱਧੇ ਤੌਰ ਤੇ ਖਰਚ ਕੀਤੀ ਜਾਂਦੀ ਹੈ।

ਪੰਜਾਬ ਰਾਜ ਵਿੱਚ ਆਪਣੇ ਸੀ.ਐਸ.ਆਰ. ਫੰਡ ਖਰਚ ਕਰਨ ਵਾਲੀਆਂ ਮੁੱਖ ਸੰਸਥਾਵਾਂ/ਕੰਪਨੀਆਂ ਦੇ ਨਾਮ ਹੇਠ ਲਿਖੇ ਅਨੁਸਾਰ ਹਨ:

- ਐਚ.ਪੀ.ਸੀ.ਐਲ. ਮਿੱਤਲ ਐਨਰਜੀ ਲਿਮਿਟਿਡ
- ਐੱਚ.ਡੀ.ਐੱਫ.ਸੀ.ਬੈਂਕ ਲਿਮਿਟਿਡ
- ਹੈਵੇਲਜ਼ ਇੰਡੀਆ ਲਿਮਿਟਿਡ

- ਇੰਡਸ ਟਾਵਰਜ਼ ਲਿਮਿਟਿਡ
- ਇੰਟਰਨੈਸ਼ਨਲ ਟਰੈਕਟਰਜ਼ ਲਿਮਿਟਿਡ
- ਨਾਹਰ ਸਪਿਨਿੰਗ ਮਿੱਲਜ਼ ਲਿਮਿਟਿਡ
- ਪਰਮ ਕੈਪੀਟਲ ਰਿਸਰਚ ਪ੍ਰਾਈਵੇਟ ਲਿਮਿਟਿਡ
- ਸੁਪਰ ਕੈਸੇਟਸ ਇੰਡਸਟ੍ਰੀਜ਼ ਪ੍ਰਾਈਵੇਟ ਲਿਮਿਟਿਡ
- ਨਾਭਾ ਪਾਵਰ ਲਿਮਿਟਿਡ
- ਆਈ.ਓ.ਐਲ ਕੈਮੀਕਲਜ਼ ਅਤੇ ਫਾਰਮਾਸਿਊਟੀਕਲਜ਼ ਪ੍ਰਾਈਵੇਟ ਲਿਮਿਟਿਡ

(ਅ) ਪੰਜਾਬ ਰਾਜ ਵਿੱਚ ਜ਼ਿਲ੍ਹਾਵਾਰ ਖਰਚ ਕੀਤੀ ਗਈ ਰਕਮ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਜ਼ਿਲ੍ਹਾ | ਵਿੱਤੀ ਸਾਲ 2022-23 (ਕਰੋੜਾਂ ਵਿੱਚ) | ਵਿੱਤੀ ਸਾਲ 2023-24 (ਕਰੋੜਾਂ ਵਿੱਚ) | ਕੁੱਲ ਰਕਮ (ਕਰੋੜਾਂ ਵਿੱਚ) |
|---|---|---|---|---|
| 1 | ਐਸ.ਏ.ਐਸ. ਨਗਰ | 55.31 | 95.36 | 150.66 |
| 2 | ਲੁਧਿਆਣਾ | 66.47 | 67.67 | 134.14 |
| 3 | ਬਠਿੰਡਾ | 25.44 | 38.86 | 64.3 |
| 4 | ਹੁਸ਼ਿਆਰਪੁਰ | 8.85 | 21.21 | 30.06 |
| 5 | ਅੰਮ੍ਰਿਤਸਰ | 19.21 | 17.86 | 37.07 |
| 6 | ਪਟਿਆਲਾ | 10.67 | 13.07 | 23.74 |
| 7 | ਜਲੰਧਰ | 9.01 | 11.53 | 20.54 |
| 8 | ਸੰਗਰੂਰ | 14.27 | 10.5 | 24.77 |
| 9 | ਕਪੂਰਥਲਾ | 4.99 | 6.83 | 11.82 |
| 10 | ਰੂਪਨਗਰ | 1.78 | 5.11 | 6.89 |
| 11 | ਫਤਿਹਗੜ੍ਹ ਸਾਹਿਬ | 2.53 | 4.25 | 6.78 |
| 12 | ਸ੍ਰੀ ਮੁਕਤਸਰ ਸਾਹਿਬ | 4.17 | 3.49 | 7.66 |
| 13 | ਸ਼ਹੀਦ ਭਗਤ ਸਿੰਘ ਨਗਰ | 3.31 | 3.29 | 6.6 |
| 14 | ਗੁਰਦਾਸਪੁਰ | 2.69 | 2.97 | 5.66 |
| 15 | ਫਿਰੋਜ਼ਪੁਰ | 6.70 | 2.78 | 9.48 |
| 16 | ਮੋਗਾ | 1.72 | 2.76 | 4.48 |
| 17 | ਮਾਨਸਾ | 2.42 | 2.33 | 4.75 |
| 18 | ਫਰੀਦਕੋਟ | 0.07 | 1.31 | 1.38 |

| | | | | |
|---|---|---|---|---|
| 19 | ਪੈਨ ਇੰਡੀਆ | 0 | 0.12 | 0.12 |
| 20 | ਮਲੇਰਕੋਟਲਾ | 0.09 | 0.1 | 0.19 |
| 21 | ਜ਼ਿਕਰ ਨਹੀਂ ਕੀਤਾ | 23.82 | 40.5 | 64.32 |
| | **ਕੁੱਲ ਰਕਮ (ਕਰੋੜਾਂ ਵਿੱਚ)** | **263.51** | **351.89** | **615.41** |

ਮੰਤਰਾਲੇ ਦੀ ਵੈੱਬਸਾਈਟ ਦੇ ਅਨੁਸਾਰ, ਉਪਰੋਕਤ ਸੀ.ਐਸ.ਆਰ. ਫੰਡਾਂ ਵਿੱਚੋਂ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ 3.31 ਕਰੋੜ ਰੁਪਏ ਹੇਠ ਲਿਖੇ ਉਦੇਸ਼ਾਂ/ਖੇਤਰਾਂ ਲਈ ਖਰਚ ਕੀਤੇ ਗਏ ਹਨ:-

1. ਸਿੱਖਿਆ, ਵੱਖਰੇ ਤੌਰ ਤੇ ਸਮਰੱਥ, ਰੋਜ਼ੀ-ਰੋਟੀ ਲਈ।
2. ਵਾਤਾਵਰਨ, ਪਸ਼ੂ ਭਲਾਈ, ਸਰੋਤਾਂ ਦੀ ਸੰਭਾਲ।
3. ਸਿਹਤ, ਭੁੱਖਮਰੀ ਦਾ ਖਾਤਮਾ, ਗਰੀਬੀ ਅਤੇ ਕੁਪੋਸ਼ਣ, ਸੁਰੱਖਿਅਤ ਪੀਣ ਵਾਲਾ ਪਾਣੀ, ਸੈਨੀਟੇਸ਼ਨ।
4. ਪੇਂਡੂ ਵਿਕਾਸ।
5. ਲਿੰਗ ਸਮਾਨਤਾ, ਮਹਿਲਾ ਸਸ਼ਕਤੀਕਰਨ, ਓਲਡ ਏਜ ਹੋਮ, ਅਸਮਾਨਤਾਵਾਂ ਨੂੰ ਘਟਾਉਣ ਲਈ।
6. ਖੇਡਾਂ ਨੂੰ ਉਤਸ਼ਾਹਿਤ ਕਰਨਾ।
7. ਹੋਰ ਖੇਤਰ (ਤਕਨਾਲੋਜੀ ਇਨਕਿਊਬੇਟਰ ਅਤੇ ਹਥਿਆਰਬੰਦ ਬਲਾਂ ਅਤੇ ਐਡਮਿਨ ਓਵਰਹੈੱਡਸ ਨੂੰ ਲਾਭ)
8. ਵਿਰਾਸਤੀ ਕਲਾ ਅਤੇ ਸੱਭਿਆਚਾਰ।
9. ਸਲੱਮ ਖੇਤਰ (ਝੁੱਗੀ ਖੇਤਰ) ਦਾ ਵਿਕਾਸ।

(ੲ) ਪੰਜਾਬ ਸਰਕਾਰ ਦੁਆਰਾ ਪਹਿਲਕਦਮੀਆਂ/ਕਾਰਵਾਈਆਂ: -

ਪੰਜਾਬ ਰਾਜ ਵਿੱਚ ਸਮਾਜਿਕ ਖੇਤਰ ਨੂੰ ਉਤਸ਼ਾਹਿਤ ਕਰਨ ਵਾਸਤੇ ਪੰਜਾਬ ਸਰਕਾਰ ਵੱਲੋਂ ਕਾਰਪੋਰੇਟ ਸੈਕਟਰ ਨੂੰ Handhold ਕਰਨ ਲਈ, ਮੰਤਰੀ ਮੰਡਲ ਦੁਆਰਾ ਮਿਤੀ 01/11/2019 ਨੂੰ ਹੋਈ ਆਪਣੀ ਮੀਟਿੰਗ ਵਿੱਚ ਪੰਜਾਬ ਸੀ.ਐਸ.ਆਰ. ਅਥਾਰਿਟੀ ਦੇ ਗਠਨ ਨੂੰ ਪ੍ਰਵਾਨਗੀ ਦਿੱਤੀ ਗਈ ਸੀ। ਇਸ ਉਪਰੰਤ ਉਦਯੋਗ ਅਤੇ ਵਣਜ ਵਿਭਾਗ, ਪੰਜਾਬ ਵੱਲੋਂ ਨੋਟੀਫਿਕੇਸ਼ਨ ਨੰਬਰ ਸੀ. ਐੱਸ. ਆਰ. ਐਡਵਾਈਜ਼ਰੀ ਬੋਰਡ ਅਥਾਰਿਟੀ/Com/9/125/19/AS4/2048, ਮਿਤੀ 08/11/2019 ਰਾਹੀਂ ਪੰਜਾਬ ਸੀ.ਐੱਸ.ਆਰ. ਅਥਾਰਿਟੀ ਦਾ ਗਠਨ ਕੀਤਾ ਗਿਆ। ਇਸ ਅਨੁਸਾਰ ਮਾਣਯੋਗ ਮੁੱਖ ਮੰਤਰੀ, ਪੰਜਾਬ ਜੀ ਦੀ ਪ੍ਰਧਾਨਗੀ ਹੇਠ CSR ਬੋਰਡ ਬਣਾਇਆ ਗਿਆ ਅਤੇ ਮੁੱਖ ਸਕੱਤਰ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਪੰਜਾਬ ਸੀ.ਐੱਸ.ਆਰ.ਅਥਾਰਿਟੀ ਦਾ ਗਠਨ ਕੀਤਾ ਗਿਆ। ਸੀ.ਐਸ.ਆਰ. ਅਥਾਰਿਟੀ ਦਾ ਉਦੇਸ਼ ਸਰਕਾਰ ਦੀਆਂ ਖੇਤਰੀ ਤਰਜੀਹਾਂ ਦੇ ਅਨੁਸਾਰ ਸੀ.ਐਸ.ਆਰ. ਅਧੀਨ ਵੱਖ-ਵੱਖ ਸਮਾਜਿਕ ਪ੍ਰੋਜੈਕਟਾਂ ਦੇ ਪ੍ਰਭਾਵਸ਼ਾਲੀ ਤਾਲਮੇਲ, ਨਿਗਰਾਨੀ ਅਤੇ ਲਾਗੂ ਕਰਨ ਦਾ ਹੈ। ਇਸ ਅਨੁਸਾਰ ਇਹ ਅਥਾਰਿਟੀ ਪੰਜਾਬ ਰਾਜ ਦੇ ਅਤੇ ਰਾਜ ਤੋਂ ਬਾਹਰ ਦੇ ਕਾਰਪੋਰੇਟ ਸੈਕਟਰ ਨੂੰ ਉਨ੍ਹਾਂ ਕੋਲੋਂ ਸੀ.ਐਸ.ਆਰ. ਫੰਡਾਂ ਅਤੇ ਸੀ.ਐਸ.ਆਰ. ਪ੍ਰੋਜੈਕਟਾਂ ਰਾਹੀਂ ਵਿਕਾਸ ਦੀਆਂ ਪਹਿਲਕਦਮੀਆਂ ਨੂੰ ਉਤਸ਼ਾਹਿਤ ਕਰ ਰਹੀ ਹੈ।

———

**ਪੰਜਾਬ ਐਕਸ-ਸਰਵਿਸਮੈਨ ਕਾਰਪੋਰੇਸ਼ਨ ਵੱਲੋਂ ਕੀਤੀ ਜਾਂਦੀ ਭਰਤੀ ਵਿੱਚ ਰਿਜ਼ਰਵੇਸ਼ਨ ਪਾਲਿਸੀ ਨੂੰ ਲਾਗੂ ਕਰਨਾ**

**602. ਡਾਕਟਰ ਸੁਖਵਿੰਦਰ ਕੁਮਾਰ ਸੁੱਖੀ :** ਕੀ ਰੱਖਿਆ ਸੇਵਾਵਾਂ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਪੰਜਾਬ ਐਕਸ-ਸਰਵਿਸਮੈਨ ਕਾਰਪੋਰੇਸ਼ਨ (PESCO), ਚੰਡੀਗੜ੍ਹ ਵੱਲੋਂ ਰਾਜ ਦੇ ਵੱਖ-ਵੱਖ ਵਿਭਾਗਾਂ, ਬੋਰਡਾਂ, ਨਿਗਮਾਂ ਅਤੇ ਟਰੱਸਟਾਂ ਵਿੱਚ ਭਰਤੀ ਕੀਤੇ ਜਾਂਦੇ ਅਮਲੇ ਵਿੱਚ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਲਈ ਰਿਜ਼ਰਵੇਸ਼ਨ ਪਾਲਿਸੀ ਨੂੰ ਇੰਨ-ਬਿੰਨ ਲਾਗੂ ਕੀਤਾ ਜਾ ਰਿਹਾ ਹੈ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ PESCO ਵੱਲੋਂ 2002 ਤੋਂ ਹੁਣ ਤੱਕ ਕਿਹੜੇ-ਕਿਹੜੇ client ਲਈ ਕਿਹੜੀਆਂ-ਕਿਹੜੀਆਂ ਅਸਾਮੀਆਂ ਦੀ ਕਦੋਂ ਤੇ ਕੁੱਲ ਕਿੰਨੀ ਭਰਤੀ ਕੀਤੀ ਗਈ ਹੈ ਅਤੇ ਇਨ੍ਹਾਂ ਵਿੱਚ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਕਰਮਚਾਰੀਆਂ ਦੀ ਗਿਣਤੀ ਕਿੰਨੀ-ਕਿੰਨੀ ਹੈ;

(ੲ) ਜੇਕਰ ਉਪਰੋਕਤ ਭਾਗ (ਅ) ਦਾ ਉੱਤਰ ਨਾਂਹ ਵਿੱਚ ਹੋਵੇ ਤਾਂ ਇਨ੍ਹਾਂ ਅਸਾਮੀਆਂ ਵਿੱਚ ਰਿਜ਼ਰਵੇਸ਼ਨ ਪਾਲਿਸੀ ਅਨੁਸਾਰ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਨੂੰ ਲੋੜੀਂਦੀ ਪ੍ਰਤੀਨਿਧਤਾ ਕਦੋਂ ਤੱਕ ਦੇ ਦਿੱਤੀ ਜਾਵੇਗੀ ਅਤੇ ਅੱਗੇ ਤੋਂ ਭਰਤੀ ਵਿੱਚ ਸੰਵਿਧਾਨਕ ਰਿਜ਼ਰਵੇਸ਼ਨ ਪਾਲਿਸੀ ਨੂੰ ਇੰਨ-ਬਿੰਨ ਲਾਗੂ ਕਰਨ ਲਈ ਕਾਰਪੋਰੇਸ਼ਨ ਵੱਲੋਂ ਕੀ ਕਾਰਵਾਈ ਕੀਤੀ ਗਈ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**ਸ਼੍ਰੀ ਮੋਹਿੰਦਰ ਭਗਤ :** ਸ਼੍ਰੀਮਾਨ ਜੀ, (ੳ) ਨਹੀਂ ਜੀ। ਪੰਜਾਬ ਸਾਬਕਾ ਫੌਜੀ ਨਿਗਮ ਪੈਸਕੋ ਐਕਟ, 1978 ਦੇ ਪੈਰ੍ਹਾ 2(e) ਦੇ ਪ੍ਰਾਵਧਾਨ ਅਨੁਸਾਰ ਸਾਬਕਾ ਫੌਜੀਆਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਦੀ ਵੈਲਫੇਅਰ ਵਾਸਤੇ ਹੋਂਦ ਵਿੱਚ ਆਇਆ ਹੈ। ਪੰਜਾਬ ਸਾਬਕਾ ਫੌਜੀ ਨਿਗਮ ਸਾਬਕਾ ਫੌਜੀਆਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਨੂੰ ਰੋਜ਼ਗਾਰ ਦਿੰਦਾ ਹੈ। ਭਾਰਤੀ ਰੱਖਿਆ ਸੈਨਾਵਾਂ ਵਿੱਚ ਕੋਈ ਰਾਖਵਾਂਕਰਨ ਨਹੀਂ ਹੈ। ਰੱਖਿਆ ਸੈਨਾਵਾਂ ਦੀ ਤਰ੍ਹਾਂ ਇਸ ਨਿਗਮ ਵਿੱਚ ਕੋਈ ਰਿਜ਼ਰਵੇਸ਼ਨ ਨੀਤੀ ਨਹੀਂ ਅਪਣਾਈ ਜਾ ਸਕਦੀ।

(ਅ) ਉਕਤ (ੳ) ਦੇ ਸਨਮੁੱਖ ਭਾਗ (ਅ) ਲਾਗੂ ਨਹੀਂ ਕੀਤਾ ਜਾ ਸਕਦਾ।

(ੲ) ਉਕਤ (ੳ) ਦੇ ਸਨਮੁੱਖ ਭਾਗ (ੲ) ਲਾਗੂ ਨਹੀਂ ਕੀਤਾ ਜਾ ਸਕਦਾ।

---

**ਪਾਇਲ ਹਲਕੇ ਦੇ 109 ਪਿੰਡਾਂ ਦੇ ਛੱਪੜਾਂ ਦੀ ਮੌਜੂਦਾ ਸਥਿਤੀ**

**606. ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ:** ਕੀ ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਪਾਇਲ ਹਲਕੇ ਦੇ 109 ਪਿੰਡਾਂ ਦੇ ਛੱਪੜਾਂ ਦੀ ਸਫਾਈ ਦੀ ਮੌਜੂਦਾ ਸਥਿਤੀ ਕੀ ਹੈ;

(ਅ) ਪਿਛਲੇ ਤਿੰਨ ਸਾਲਾਂ ਦੌਰਾਨ ਹਲਕਾ ਪਾਇਲ ਵਿੱਚ ਕਿੰਨੇ ਛੱਪੜਾਂ ਦੀ ਸਫਾਈ ਕਰਵਾਈ ਗਈ ਹੈ ਅਤੇ ਕਿਹੜੇ-ਕਿਹੜੇ ਪਿੰਡਾਂ ਵਿੱਚ ਇਹ ਕੰਮ ਕੀਤਾ ਗਿਆ ਹੈ;

(ੲ) ਕੀ ਸਰਕਾਰ ਵੱਲੋਂ ਛੱਪੜਾਂ ਦੀ ਸਫਾਈ ਅਤੇ ਗੰਧਲੇ ਪਾਣੀ ਦੇ ਸੁਧਾਰ ਲਈ ਸੀਚੇਵਾਲ ਮਾਡਲ ਜਾਂ ਥਾਪਰ ਮਾਡਲ ਅਪਣਾਉਣ ਵਾਸਤੇ ਕੋਈ ਗ੍ਰਾਂਟ ਜਾਂ ਵਿਸ਼ੇਸ਼ ਫੰਡ ਜਾਰੀ ਕੀਤਾ ਗਿਆ ਹੈ;

(ਸ) ਜੇਕਰ ਉਪਰੋਕਤ ਭਾਗ (ੲ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਹਲਕਾ ਪਾਇਲ ਦੇ ਕਿਹੜੇ-ਕਿਹੜੇ ਪਿੰਡਾਂ ਨੂੰ ਇਹ ਗ੍ਰਾਂਟ ਦਿੱਤੀ ਗਈ, ਪਿੰਡ ਵਾਈਜ਼ ਰਕਮ ਅਤੇ ਕੰਮ ਦੀ ਮੌਜੂਦਾ ਸਥਿਤੀ ਕੀ ਹੈ ਅਤੇ ਜੇਕਰ ਨਹੀਂ ਤਾਂ ਹਲਕਾ ਪਾਇਲ ਨੂੰ ਇਸ ਯੋਜਨਾ ਤੋਂ ਵੰਚਿਤ ਰੱਖਣ ਦੇ ਕੀ ਕਾਰਨ ਹਨ?

**ਸਰਦਾਰ ਤਰੁਨਪ੍ਰੀਤ ਸਿੰਘ ਸੌਂਦ :** ਸ਼੍ਰੀਮਾਨ ਜੀ,

(ੳ) ਹਲਕਾ ਪਾਇਲ ਵਿੱਚ ਮੌਜੂਦ ਪਿੰਡਾਂ ਦੇ ਛੱਪੜਾਂ ਦੀ ਸਥਿਤੀ ਇਨ੍ਹਾਂ ਦਿਨਾਂ ਵਿੱਚ ਠੀਕ ਹੈ ਪ੍ਰੰਤੂ ਬਾਰਸ਼ ਦੇ ਸਮੇਂ ਦੌਰਾਨ ਕਈ ਪਿੰਡਾਂ ਦੇ ਛੱਪੜਾਂ ਵਿੱਚ ਓਵਰਫਲੋਅ ਦੀ ਸਮੱਸਿਆ ਆ ਜਾਂਦੀ ਹੈ, ਜਿਨ੍ਹਾਂ ਨੂੰ ਕਾਬੂ ਹੇਠ ਲਿਆਉਣ ਲਈ ਛੱਪੜਾਂ ਦੀ ਸਫਾਈ ਕਰਵਾਈ ਗਈ ਅਤੇ ਸਮੇਂ-ਸਮੇਂ ਸਿਰ ਲੋੜ ਉਪਰੰਤ ਪਾਣੀ ਦਾ ਨਿਕਾਸ ਵੀ ਕਰਵਾਇਆ ਗਿਆ। ਛੱਪੜਾਂ ਦੀ ਸਫਾਈ ਦਾ ਬਿਹਤਰ ਸਮਾਂ ਮਾਰਚ-ਅਪ੍ਰੈਲ ਵਿੱਚ ਹੋਣ ਕਾਰਨ ਜ਼ਿਆਦਾਤਰ ਛੱਪੜ ਉਸ ਸਮੇਂ ਹੀ ਸਾਫ ਕੀਤੇ ਜਾਂਦੇ ਹਨ।

(ਅ) ਹਲਕਾ ਪਾਇਲ ਦੇ 109 ਪਿੰਡਾਂ ਵਿੱਚੋਂ ਲਗਭਗ 106 ਪਿੰਡਾਂ ਦੇ ਛੱਪੜਾਂ ਵਿੱਚ ਸਫਾਈ ਕਰਵਾਈ ਗਈ ਹੈ ਅਤੇ 03 ਪਿੰਡਾਂ ਵਿੱਚ ਛੱਪੜ ਮੌਜੂਦ ਨਹੀਂ ਹਨ। (ਅਨੁਲੱਗ-ੳ)

(ੲ) ਹਲਕਾ ਪਾਇਲ ਦੇ 2 ਪਿੰਡਾਂ ਦੇ ਛੱਪੜਾਂ ਨੂੰ ਸੀਚੇਵਾਲ/ਥਾਪਰ ਮਾਡਲ ਅਪਣਾਉਣ ਲਈ ਗ੍ਰਾਂਟ ਦਿੱਤੀ ਗਈ ਹੈ।

(ਸ) ਹਾਂ ਜੀ, ਪਾਇਲ ਹਲਕੇ ਦੀ ਗ੍ਰਾਮ ਪੰਚਾਇਤ, ਧਮੋਟ ਕਲਾਂ ਅਤੇ ਗ੍ਰਾਮ ਪੰਚਾਇਤ, ਸਿਆੜ ਨੂੰ ਥਾਪਰ/ਸੀਚੇਵਾਲ ਮਾਡਲ ਦੇ ਤਹਿਤ ਛੱਪੜਾਂ ਦੇ ਨਵੀਨੀਕਰਨ ਲਈ ਕ੍ਰਮਵਾਰ 33.50 ਲੱਖ ਰੁਪਏ ਅਤੇ 24.00 ਲੱਖ ਰੁਪਏ ਦੀ ਗ੍ਰਾਂਟ ਪ੍ਰਾਪਤ ਹੋਈ ਹੈ। ਗ੍ਰਾਮ ਪੰਚਾਇਤ, ਸਿਆੜ ਦੇ ਛੱਪੜ ਦਾ ਕੰਮ ਪ੍ਰਗਤੀ ਅਧੀਨ ਹੈ ਅਤੇ ਗ੍ਰਾਮ ਪੰਚਾਇਤ, ਧਮੋਟ ਕਲਾਂ ਦੇ ਛੱਪੜ ਦਾ ਕੰਮ ਜਲਦ ਹੀ ਸ਼ੁਰੂ ਕੀਤਾ ਜਾਵੇਗਾ।

**ਅਨੁਲੱਗ-ੳ**

(ਪਾਇਲ ਹਲਕੇ ਦੇ 109 ਪਿੰਡਾਂ ਦੇ ਛੱਪੜਾਂ ਦੀ ਮੌਜੂਦਾ ਸਥਿਤੀ)

| ਲੜੀ ਨੰ. | ਗ੍ਰਾਮ ਪੰਚਾਇਤ ਦਾ ਨਾਮ | ਟਿੱਪਣੀ |
|---|---|---|
| 1 | ਅਫਜ਼ੁੱਲਾ ਪੁਰ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 2 | ਦੁੱਗਰੀ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 3 | ਭਾਡੇਵਾਲ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 4 | ਰਾੜ੍ਹਾ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 5 | ਮੱਲ੍ਹੀਪੁਰ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 6 | ਅੜੈਚਾਂ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 7 | ਮੁੱਲਾਂਪੁਰ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 8 | ਮਾਂਹਪੁਰ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |

| | | |
|---|---|---|
| 9 | ਅਜਨੌਦ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 10 | ਜੈਪੁਰਾ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 11 | ਜਹਾਂਗੀਰ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 12 | ਲਾਪਰਾਂ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 13 | ਘੁਡਾਣੀ ਖੁਰਦ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 14 | ਧਮੋਟ ਕਲਾਂ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 15 | ਘਣਗਸ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 16 | ਘਲੋਟੀ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 17 | ਘੁਡਾਣੀ ਕਲਾਂ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 18 | ਕੋਟਲਾ ਅਫਗਾਨਾ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 19 | ਰੌਣੀ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 20 | ਬਿਲਾਸਪੁਰ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 21 | ਜਰਗੜ੍ਹੀ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 22 | ਧਮੋਟ ਖੁਰਦ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 23 | ਫਿਰੋਜ਼ਪੁਰ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 24 | ਬਰਮਾਲੀ ਪੁਰ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 25 | ਅਲੂਣਾ ਤੋਲਾ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 26 | ਲੰਢਾ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 27 | ਬੁਆਣੀ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 28 | ਸਾਹਪੁਰ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 29 | ਰਾਜਗੜ੍ਹ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 30 | ਭੱਠਲ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 31 | ਕਟਾਹਰੀ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 32 | ਗੁਰਦਿੱਤ ਪੁਰਾ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 33 | ਚਣਕੋਈਆਂ ਕਲਾਂ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 34 | ਅਲੂਣਾ ਪੱਲ੍ਹਾ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 35 | ਬੇਗੋਵਾਲ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 36 | ਬਿਸ਼ਨਪੁਰਾ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 37 | ਚਣਕੋਈਆਂ ਖੁਰਦ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 38 | ਚੀਮਾ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 39 | ਦੀਵਾ ਖੋਸ਼ਾ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |

| | | |
|---|---|---|
| 40 | ਦੀਵਾ ਮੰਡੇਰ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 41 | ਗਿਦੜ੍ਹੀ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 42 | ਕੱਦੋਂ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 43 | ਮਾਜਰੀ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 44 | ਮਕਸੂਦੜ੍ਹਾ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 45 | ਦਬੁਰਜੀ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 46 | ਗੋਬਿੰਦਪੁਰਾ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 47 | ਕਟਾਣਾ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 48 | ਮਲਕਪੁਰ (ਭਰਥਲਾ ਮੰਡੇਰ) | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 49 | ਰਾਮਪੁਰ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 50 | ਰਾਣੋਂ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 51 | ਗੁਰਥਲੀ | ਕੋਈ ਵੀ ਛੱਪੜ ਮੌਜੂਦ ਨਹੀਂ ਹੈ |
| 52 | ਕਰਮਸਰ ਰਾੜਾ ਸਾਹਿਬ | ਕੋਈ ਵੀ ਛੱਪੜ ਮੌਜੂਦ ਨਹੀਂ ਹੈ |
| 53 | ਦੀਪ ਨਗਰ | ਕੋਈ ਵੀ ਛੱਪੜ ਮੌਜੂਦ ਨਹੀਂ ਹੈ |
| 54 | ਅਲੂਣਾ ਮਿਆਣੀ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 55 | ਦਾਊ ਮਾਜਰਾ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 56 | ਘੁਰਾਲਾ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 57 | ਜਲ੍ਹਾ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 58 | ਜਰਗ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 59 | ਕਰੋਦੀਆਂ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 60 | ਰੌਲ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 61 | ਭਰਥੱਲਾ ਰੰਧਾਵਾ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 62 | ਬੇਰ ਕਲਾਂ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 63 | ਬੇਰ ਖੁਰਦ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 64 | ਕੁਹਲੀ ਖੁਰਦ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 65 | ਲਹਿਲ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 66 | ਸੇਖਾ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 67 | ਟਿੰਬਰ ਵਾਲ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 68 | ਜੋਗੀ ਮਾਜਰਾ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 69 | ਬੁਰਕੜਾ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 70 | ਸੋਹੀਆ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |

| | | |
|---|---|---|
| 71 | ਧੌਲ ਕਲਾਂ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 72 | ਧੌਲ ਖੁਰਦ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 73 | ਜੀਰਖ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 74 | ਰੱਬੋ ਓਚੀ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 75 | ਰੱਬੋ ਨੀਚੀ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 76 | ਦੌਲਤਪੁਰ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 77 | ਦੁਧਾਲ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 78 | ਬਾਬਰਪੁਰ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 79 | ਸਿਹੋੜਾ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 80 | ਨਿਜ਼ਾਮਪੁਰ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 81 | ਚੋਮੋ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 82 | ਚਾਪੜਾ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 83 | ਆਲਮਪੁਰ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 84 | ਰਾਮਗੜ੍ਹ ਸਰਦਾਰਾ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 85 | ਕੁਹਲੀ ਕਲਾਂ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 86 | ਕਰਤਾਰ ਪੁਰ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 87 | ਸਿਰਥਲਾ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 88 | ਮਦਨੀ ਪੁਰ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 89 | ਮਾਂਗੇਵਾਲ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 90 | ਲਸਾੜਾ ਪੋਲੇਵਾਸ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 91 | ਲਸਾੜਾ ਲਖੋਵਾਸ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 92 | ਜ਼ੁਲਮਗੜ੍ਹ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 93 | ਜੰਡਾਲੀ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 94 | ਗੋਸਲ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 95 | ਕਿਲਾ ਹਾਂਸ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 96 | ਝੱਮਟ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 97 | ਕੁਲਾਹੜ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 98 | ਨਾਨਕਪੁਰ ਜਗੇੜਾ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 99 | ਪੰਧੇਰ ਖੇੜੀ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 100 | ਭੀਖੀ ਖੱਟੜਾ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 101 | ਰੋਸ਼ੀਆਣਾ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |

| | | |
|---|---|---|
| 102 | ਸਹਾਰਨ ਮਾਜਰਾ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 103 | ਸਿਆੜ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 104 | ਉੱਚੀਦੋਂਦ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 105 | ਮਾਲੋਦੋਂਦ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 106 | ਉਕਸੀ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 107 | ਸੀਹਾਂਦੋਂਦ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 108 | ਕਿਸ਼ਨਪੁਰਾ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |
| 109 | ਮਾਡਲ ਟਾਊਨ | ਛੱਪੜ ਦੀ ਸਫਾਈ ਕਰਵਾ ਦਿੱਤੀ ਗਈ ਹੈ। |

**ਬਿਨਾਂ ਨਿਸ਼ਾਨ ਵਾਲਾ ਪ੍ਰਸ਼ਨ ਨੰ: 607****

(ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ।)

-------

**ਨਿੱਜੀ ਹਸਪਤਾਲਾਂ ਦੀ ਨਿਯਮਿਤ ਜਾਂਚ ਵਿੱਤੀ ਆਡਿਟ ਅਤੇ ਸੇਵਾਵਾਂ ਦੀ ਸਮੀਖਿਆ ਲਈ ਮਕੈਨਿਜ਼ਮ ਬਣਾਉਣਾ**

**608. ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਨੇ ਚੈਰੀਟੇਬਲ ਦਰਜੇ ਵਾਲੇ ਨਿੱਜੀ ਹਸਪਤਾਲਾਂ ਦੀ ਨਿਯਮਤ ਜਾਂਚ, ਵਿੱਤੀ ਆਡਿਟ ਅਤੇ ਸੇਵਾਵਾਂ ਦੀ ਸਮੀਖਿਆ ਲਈ ਕੋਈ ਵਿਸ਼ੇਸ਼ ਮਕੈਨਿਜ਼ਮ ਬਣਾਇਆ ਹੈ; ਜੇਕਰ ਅਜਿਹਾ ਹੈ ਤਾਂ ਡੀ.ਐਮ.ਸੀ., ਲੁਧਿਆਣਾ ਦੀ ਆਖਰੀ ਜਾਂਚ ਕਦੋਂ ਕੀਤੀ ਗਈ ਸੀ, ਵੇਰਵੇ ਸਹਿਤ ਦੱਸਿਆ ਜਾਵੇ?

**ਡਾਕਟਰ ਬਲਬੀਰ ਸਿੰਘ:** ਸ਼੍ਰੀਮਾਨ ਜੀ, ਹਾਂ ਜੀ, ਪੰਜਾਬ ਰਾਜ ਦੇ ਪ੍ਰਾਈਵੇਟ ਹਸਪਤਾਲਾਂ ਦੀ ਰਜਿਸਟ੍ਰੇਸ਼ਨ ਅਤੇ ਰੈਗੂਲੇਸ਼ਨ ਲਈ ਪੰਜਾਬ ਸਰਕਾਰ ਵੱਲੋਂ ਕਲੀਨਿਕਲ ਇਸਟੈਬਲਿਸ਼ਮੈਟ ਐਕਟ, 2020 ਦੀ ਰਚਨਾ ਕੀਤੀ ਗਈ ਹੈ। ਇਸ ਐਕਟ ਦੇ ਰੂਲਜ਼ ਅਜੇ ਤਿਆਰ ਕੀਤੇ ਜਾ ਰਹੇ ਹਨ। ਭਵਿੱਖ ਵਿਚ ਜਲਦ ਹੀ ਰੂਲਾਂ ਨੂੰ ਫਾਈਨਲ ਕਰਦੇ ਹੋਏ ਪ੍ਰਾਈਵੇਟ ਹਸਪਤਾਲਾਂ ਨੂੰ ਇਸ ਐਕਟ ਅਧੀਨ ਰਜਿਸਟਰਡ ਕੀਤਾ ਜਾਵੇਗਾ ਅਤੇ ਉਨ੍ਹਾਂ ਦੀ ਜਾਂਚ ਅਤੇ ਸੇਵਾਵਾਂ ਦਾ ਨਿਰੀਖਣ ਕੀਤਾ ਜਾਵੇਗਾ।

**ਸ਼ਾਮਲਾਤ ਜ਼ਮੀਨਾਂ ਦੇ ਕਬਜ਼ਿਆਂ ਦੇ ਵੇਰਵੇ**

**610. ਸਰਦਾਰ ਗੁਰਦਿੱਤ ਸਿੰਘ ਸੇਖੋਂ:** ਕੀ ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਿਛਲੇ ਤਿੰਨ ਸਾਲਾਂ ਦੌਰਾਨ ਹਲਕਾ ਫਰੀਦਕੋਟ ਦੇ ਪਿੰਡਾਂ ਦੀਆਂ ਕਿੰਨੀਆਂ ਸ਼ਾਮਲਾਤ ਜ਼ਮੀਨਾਂ ਤੇ ਕਬਜ਼ੇ ਦੀਆਂ

** For Unstarred Question No. 607 and reply thereto, please see.....

ਸ਼ਿਕਾਇਤਾਂ ਪ੍ਰਾਪਤ ਹੋਈਆਂ, ਕਿੰਨੀਆਂ ਦਾ ਨਿਪਟਾਰਾ ਕੀਤਾ ਗਿਆ ਅਤੇ ਕਿੰਨੀ ਜ਼ਮੀਨ ਕਬਜ਼ੇ ਤੋਂ ਮੁਕਤ ਕਰਵਾਈ ਗਈ; ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਤਰੁਨਪ੍ਰੀਤ ਸਿੰਘ ਸੌਂਦ:** ਸ਼੍ਰੀਮਾਨ ਜੀ, ਪਿਛਲੇ 03 ਸਾਲਾਂ ਦੌਰਾਨ ਹਲਕਾ ਫਰੀਦਕੋਟ ਦੇ 5 ਪਿੰਡਾਂ ਦੀਆਂ ਲਗਭਗ 9 ਏਕੜ 5 ਕਨਾਲ 18 ਮਰਲੇ ਸ਼ਾਮਲਾਤ ਜਮੀਨ ਤੇ ਨਜਾਇਜ਼ ਕਬਜ਼ਿਆਂ ਸਬੰਧੀ ਕੁੱਲ 5 ਸ਼ਿਕਾਇਤਾਂ ਪ੍ਰਾਪਤ ਹੋਈਆਂ ਜਿਸ ਵਿੱਚੋਂ 1 ਸ਼ਿਕਾਇਤ ਦਾ ਨਿਪਟਾਰਾ ਕੀਤਾ ਗਿਆ ਹੈ, ਜਿਸ ਤਹਿਤ 2 ਏਕੜ ਦਾ ਰਕਬਾ ਨਜਾਇਜ਼ ਕਬਜ਼ੇ ਤੋਂ ਮੁਕਤ ਕਰਵਾਇਆ ਗਿਆ ਹੈ। (ਵੇਰਵਾ ਸਹਿਤ ਰਿਪੋਰਟ ਅਨੈਕਸਚਰ-ਏ)

**ਅਨੈਕਸਚਰ - ਏ**

| ਲੜੀ ਨੰ. | ਪ੍ਰਾਪਤ ਹੋਈਆਂ ਸ਼ਿਕਾਇਤਾਂ (ਪਿੰਡ/ਪੰਚਾਇਤ ਦਾ ਨਾਮ) | ਕੀਤੀ ਗਈ ਕਾਰਵਾਈ/ਨਿਪਟਾਰਾ | ਕਿੰਨੀ ਜ਼ਮੀਨ ਦਾ ਕਬਜ਼ਾ ਲਿਆ ਗਿਆ ਹੈ |
|---|---|---|---|
| 1 | ਗੁੱਜਰ | ਸਵੈ ਇੱਛਾ ਨਾਲ ਕਬਜ਼ਾ ਲੈ ਲਿਆ ਗਿਆ ਹੈ। | 2 ਏਕੜ 0 ਕਨਾਲ 0 ਮਰਲਾ |
| 2 | ਬੀਹਲੇਵਾਲਾ | ਡੀ.ਡੀ.ਪੀ.ਓ-ਕਮ-ਕੁਲੈਕਟਰ ਦੀ ਅਦਾਲਤ ਵੱਲੋਂ ਮਿਤੀ 11.11.2025 ਨੂੰ ਫੈਸਲਾ ਕੀਤਾ ਗਿਆ ਹੈ। | ਡੀ.ਡੀ.ਪੀ.ਓ-ਕਮ-ਕੁਲੈਕਟਰ ਦੀ ਅਦਾਲਤ ਦੇ ਹੁਕਮਾਂ ਅਨੁਸਾਰ ਬੀ.ਡੀ.ਪੀ.ਓ. ਫਰੀਦਕੋਟ ਵੱਲੋਂ 2 ਏਕੜ 5 ਕਨਾਲਾਂ 8 ਮਰਲੇ ਜ਼ਮੀਨ ਦਾ ਕਬਜ਼ਾ ਨਿਸ਼ਾਨਦੇਹੀ ਹੋਣ ਉਪਰੰਤ ਲੈ ਲਿਆ ਜਾਵੇਗਾ। |
| 3 | ਸੁੱਖਣਵਾਲਾ | ਡੀ.ਡੀ.ਪੀ.ਓ ਕਮ- ਕੁਲੈਕਟਰ ਦੀ ਅਦਾਲਤ ਵਿੱਚ ਧਾਰਾ 7 ਅਧੀਨ ਕੇਸ ਸੁਣਵਾਈ ਅਧੀਨ ਹੈ। | |
| 4 | ਹਰਦਿਆਲੇਆਣਾਂ | ਡੀ.ਡੀ.ਪੀ.ਓ-ਕਮ-ਕੁਲੈਕਟਰ ਦੀ ਅਦਾਲਤ ਵੱਲੋਂ ਮਿਤੀ 27.10.2025 ਨੂੰ ਫੈਸਲਾ ਕੀਤਾ ਗਿਆ ਹੈ। | ਡੀ.ਡੀ.ਪੀ.ਓ-ਕਮ-ਕੁਲੈਕਟਰ ਦੀ ਅਦਾਲਤ ਦੇ ਹੁਕਮਾਂ ਅਨੁਸਾਰ ਬੀ.ਡੀ.ਪੀ.ਓ. ਫਰੀਦਕੋਟ ਵੱਲੋਂ 1 ਏਕੜ 0 ਕਨਾਲਾਂ 0 ਮਰਲੇ ਜਮੀਨ ਦਾ ਕਬਜਾ ਨਿਸ਼ਾਨਦੇਹੀ ਹੋਣ ਉਪਰੰਤ ਲੈ ਲਿਆ ਜਾਵੇਗਾ। |
| 5 | ਰਾਜੋਵਾਲਾ | ਡੀ.ਡੀ.ਪੀ.ਓ-ਕਮ-ਕੁਲੈਕਟਰ ਦੀ ਅਦਾਲਤ ਵੱਲੋਂ ਮਿਤੀ 27.08.2025 | ਡੀ.ਡੀ.ਪੀ.ਓ-ਕਮ-ਕੁਲੈਕਟਰ ਦੀ ਅਦਾਲਤ ਦੇ |

| | | | |
|---|---|---|---|
| | | ਨੂੰ ਫੈਸਲਾ ਕੀਤਾ ਗਿਆ ਹੈ। | ਹੁਕਮਾਂ ਅਨੁਸਾਰ ਬੀ.ਡੀ.ਪੀ.ਓ. ਫਰੀਦਕੋਟ ਵੱਲੋਂ 4 ਏਕੜ 0 ਕਨਾਲਾਂ 10 ਮਰਲੇ ਜ਼ਮੀਨ ਦਾ ਕਬਜ਼ਾ ਨਿਸ਼ਾਨਦੇਹੀ ਹੋਣ ਉਪਰੰਤ ਲੈ ਲਿਆ ਜਾਵੇਗਾ। |
| ਨਿਪਟਾਰਾ ਕੀਤਾ 1 | ਨਜਾਇਜ਼ ਕਬਜ਼ੇ ਤੋਂ ਮੁਕਤ ਕਰਵਾਇਆ ਗਿਆ ਰਕਬਾ 2 ਏਕੜ 0 ਕਨਾਲ 0 ਮਰਲਾ | | |

---

## ਕਿਰਤ ਵਿਭਾਗ ਦੇ ਮਜ਼ਦੂਰਾਂ ਦੀ ਭਲਾਈ ਸਬੰਧੀ

611. **ਸਰਦਾਰ ਗੁਰਦਿੱਤ ਸਿੰਘ ਸੇਖੋਂ:** ਕੀ ਕਿਰਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਹਲਕਾ ਫਰੀਦਕੋਟ ਵਿੱਚ ਇਮਾਰਤੀ ਅਤੇ ਹੋਰ ਸਨਅਤੀ ਮਜ਼ਦੂਰਾਂ ਦੀ ਰਜਿਸਟ੍ਰੇਸ਼ਨ ਦੀ ਸਥਿਤੀ ਕੀ ਹੈ; ਬਲਾਕ-ਵਾਰ ਵੇਰਵਾ ਦਿੱਤਾ ਜਾਵੇ;

(ਅ) ਮਜ਼ਦੂਰ ਭਲਾਈ ਬੋਰਡ ਅਧੀਨ ਮਿਲਣ ਵਾਲੀਆਂ ਸਕੀਮਾਂ (ਜਿਵੇਂ ਵਿਆਹ ਸਹਾਇਤਾ, ਸ਼ਗਨ ਸਕੀਮ, ਮਾਤਰਿਤਾ ਲਾਭ ਆਦਿ) ਤਹਿਤ ਕਿੰਨੇ ਕੇਸ ਮਨਜ਼ੂਰ ਹੋਏ ਅਤੇ ਕਿੰਨੇ ਬਕਾਇਆ ਹਨ;

(ੲ) ਕੀ ਫ਼ਰੀਦਕੋਟ ਵਿੱਚ ਲੇਬਰ ਇੰਸਪੈਕਟਰਾਂ ਦੀਆਂ ਅਸਾਮੀਆਂ ਪੂਰੀਆਂ ਹਨ; ਜੇਕਰ ਨਹੀਂ ਤਾਂ ਖਾਲੀ ਅਸਾਮੀਆਂ ਦੀ ਗਿਣਤੀ ਅਤੇ ਭਰਨ ਦੀ ਸਮਾਂ-ਸਾਰਣੀ ਕੀ ਹੈ;

(ਸ) ਹਲਕੇ ਵਿੱਚ ਮਜ਼ਦੂਰਾਂ ਦੀ ਸੁਰੱਖਿਆ ਅਤੇ ਘੱਟੋ-ਘੱਟ ਮਜ਼ਦੂਰੀ ਦੀ ਪਾਲਣਾ ਯਕੀਨੀ ਬਣਾਉਣ ਲਈ ਪਿਛਲੇ ਦੋ ਸਾਲਾਂ ਵਿੱਚ ਕਿੰਨੀਆਂ ਜਾਂਚਾਂ ਕੀਤੀਆਂ ਗਈਆਂ ਅਤੇ ਕਿੰਨੇ ਮਾਮਲਿਆਂ ਵਿੱਚ ਕਾਰਵਾਈ ਹੋਈ?

**ਸਰਦਾਰ ਤਰੁਨਪ੍ਰੀਤ ਸਿੰਘ ਸੌਂਦ:** (ੳ) ਇਹ ਸੂਚਿਤ ਕੀਤਾ ਜਾਂਦਾ ਹੈ ਕਿ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੇ ਅਧੀਨ, ਫਰੀਦਕੋਟ ਹਲਕੇ ਵਿੱਚ 38,136 ਰਜਿਸਟਰਡ ਉਸਾਰੀ ਕਾਮੇ ਹਨ, ਜਿਨ੍ਹਾਂ ਨੂੰ ਹੇਠ ਲਿਖੇ ਅਨੁਸਾਰ ਵੰਡਿਆ ਗਿਆ ਹੈ:-

ਫਰੀਦਕੋਟ- 14,650

ਜੈਤੋ- 10,452

ਕੋਟਕਪੂਰਾ- 13,034

ਇਸ ਤੋਂ ਇਲਾਵਾ, ਪੰਜਾਬ ਕਿਰਤ ਭਲਾਈ ਬੋਰਡ ਦੇ ਅਧੀਨ ਉਦਯੋਗਿਕ ਕਾਮੇ ਵਿਅਕਤੀਗਤ ਤੌਰ 'ਤੇ ਰਜਿਸਟਰਡ ਨਹੀਂ ਹਨ। ਇਸ ਦੀ ਬਜਾਏ,ਬੋਰਡ ਸਿਰਫ਼ ਉਨ੍ਹਾਂ ਰਜਿਸਟਰਡ ਅਦਾਰਿਆਂ ਨੂੰ ਕਵਰ ਕਰਦਾ ਹੈ ਜਿਨ੍ਹਾਂ 'ਤੇ ਪੰਜਾਬ ਲੇਬਰ ਵੈਲਫੇਅਰ ਫੰਡ ਐਕਟ,1965 ਦੇ ਉਪਬੰਧ ਲਾਗੂ ਹੁੰਦੇ ਹਨ।

(ਅ) ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਅਧੀਨ, ਵੱਖ-ਵੱਖ ਭਲਾਈ ਸਕੀਮਾਂ ਲਈ 3,228 ਅਰਜ਼ੀਆਂ ਨੂੰ ਪ੍ਰਵਾਨਗੀ ਦਿੱਤੀ ਗਈ ਹੈ, ਜਦੋਂ ਕਿ 1,287 ਅਰਜ਼ੀਆਂ ਵੱਖ-ਵੱਖ ਪੱਧਰਾਂ 'ਤੇ ਲੰਬਿਤ ਹਨ ਅਤੇ ਪੰਜਾਬ ਕਿਰਤ ਭਲਾਈ ਬੋਰਡ ਨੇ ਆਪਣੀਆਂ ਸਬੰਧਤ ਭਲਾਈ ਸਕੀਮਾਂ ਅਧੀਨ 13 ਕੇਸਾਂ ਨੂੰ ਮਨਜ਼ੂਰੀ ਦਿੱਤੀ ਹੈ।

(ੲ) ਜ਼ਿਲ੍ਹਾ ਫਰੀਦਕੋਟ ਵਿਖੇ ਕਿਰਤ ਇੰਸਪੈਕਟਰਾਂ ਦੀਆਂ ਦੋ ਮਨਜ਼ੂਰਸ਼ੁਦਾ ਅਸਾਮੀਆਂ ਹਨ, ਇਸ ਸਮੇਂ ਇਹ ਦੋਵੇਂ ਆਸਾਮੀਆਂ ਭਰੀਆਂ ਹੋਈਆਂ ਹਨ।

(ਸ) ਇਸ ਸਬੰਧ ਵਿੱਚ ਦੱਸਿਆ ਜਾਦਾ ਹੈ ਕਿ ਆਨਲਾਈਨ ਪੋਰਟਲ ਦੇ ਅਨੁਸਾਰ ਪਿਛਲੇ 2 ਸਾਲਾਂ ਦੌਰਾਨ 29 ਨਿਰੀਖਣਾਂ ਕੀਤੀਆਂ ਗਈਆਂ ਹਨ ਅਤੇ ਕੋਈ ਵੀ ਮੁਕੱਦਮਾ ਦਾਇਰ ਨਹੀਂ ਕੀਤਾ ਗਿਆ।

---

## ਐਸ. ਏ. ਐਸ. ਨਗਰ ਵਿਖੇ ਲੁੱਟ-ਖੋਹ ਅਤੇ ਚੋਰੀ ਦੇ ਕੇਸਾਂ ਦੇ ਵੇਰਵੇ

**614. ਸ਼੍ਰੀ ਜੰਗੀ ਲਾਲ ਮਹਾਜਨ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਪੰਜਾਬ ਪੁਲਿਸ ਵੱਲੋਂ ਐਸ.ਏ.ਐਸ. ਨਗਰ (ਮੋਹਾਲੀ ਸ਼ਹਿਰ) ਵਿੱਚ ਜਨਵਰੀ, 2025 ਤੋਂ ਜਨਵਰੀ, 2026 ਤੱਕ ਲੁੱਟ-ਖੋਹ, ਚੋਰੀ ਦੇ ਕਿੰਨੇ ਅਤੇ ਕਿਹੜੇ ਕੇਸ ਦਰਜ ਕੀਤੇ ਗਏ ਹਨ;

(ਅ) ਇਨ੍ਹਾਂ ਕੇਸਾਂ ਵਿੱਚੋਂ ਕਿੰਨੇ ਕੇਸਾਂ ਨੂੰ ਸੁਲਝਾ ਲਿਆ ਗਿਆ ਹੈ, ਕਿੰਨੇ ਕੇਸ ਅਜੇ ਅਣਸੁਲਝੇ ਪਏ ਹਨ ਅਤੇ ਅਣਸੁਲਝੇ ਕੇਸਾਂ ਨੂੰ ਕਦੋਂ ਤੱਕ ਸੁਲਝਾ ਲਿਆ ਜਾਵੇਗਾ;

(ੲ) ਭਵਿੱਖ ਵਿੱਚ ਸ਼ਹਿਰ ਅੰਦਰ ਅਜਿਹੇ ਕੇਸਾਂ ਨੂੰ ਰੋਕਣ ਲਈ ਸਰਕਾਰ ਵੱਲੋਂ ਕੀ ਕਾਰਵਾਈ ਕੀਤੀ ਜਾ ਰਹੀ ਹੈ, ਵੇਰਵੇ ਸਹਿਤ ਦੱਸਿਆ ਜਾਵੇ?

**ਸ਼੍ਰੀ ਭਗਵੰਤ ਮਾਨ:** (ੳ) ਮੋਹਾਲੀ ਸ਼ਹਿਰ ਵਿੱਚ ਜਨਵਰੀ, 2025 ਤੋਂ ਜਨਵਰੀ, 2026 ਤੱਕ ਲੁੱਟ-ਖੋਹ ਅਤੇ ਚੋਰੀ ਦੇ ਦਰਜ ਹੋਏ ਕੇਸਾਂ ਦੇ ਵੇਰਵੇ ਹੇਠ ਲਿਖੇ ਅਨੁਸਾਰ ਹਨ :-

| ਲੜੀ ਨੰਬਰ | ਖੋਹ 304 ਬੀ.ਐਨ.ਐਸ (379 ਬੀ ਆਈ.ਪੀ.ਸੀ) | ਵਹੀਕਲ ਚੋਰੀ 303 ਤੋਂ 307 ਬੀ.ਐਨ.ਐਸ (379-382 ਆਈ.ਪੀ.ਸੀ) | ਹੋਰ ਚੋਰੀ (ਘਰ ਵਿਚ ਚੋਰੀ ਆਦਿ) 303 ਤੋਂ 307 ਬੀ.ਐਨ.ਐਸ (379-382 ਆਈ.ਪੀ.ਸੀ) | ਬਰਗਲਰੀ – 331 ਬੀ.ਐਨ.ਐਸ (455-457 ਆਈ.ਪੀ.ਸੀ) |
|---|---|---|---|---|
| 1 | 49 | 114 | 42 | 60 |

(ਅ) ਜਿਨ੍ਹਾਂ ਕੇਸਾਂ ਨੂੰ ਸੁਲਝਾ ਲਿਆ ਗਿਆ ਹੈ, ਉਨ੍ਹਾਂ ਦੇ ਵੇਰਵੇ ਹੇਠ ਲਿਖੇ ਅਨੁਸਾਰ ਹਨ:-

| ਲੜੀ ਨੰਬਰ | ਖੋਹ 304 ਬੀ.ਐਨ.ਐਸ (379 ਬੀ ਆਈ.ਪੀ.ਸੀ) | ਵਹੀਕਲ ਚੋਰੀ 303 ਤੋਂ 307 ਬੀ.ਐਨ.ਐਸ (379-382 ਆਈ.ਪੀ.ਸੀ) | ਹੋਰ ਚੋਰੀ (ਘਰ ਵਿਚ ਚੋਰੀ ਆਦਿ) 303 ਤੋਂ 307 ਬੀ.ਐਨ.ਐਸ (379-382 ਆਈ.ਪੀ.ਸੀ) | ਬਰਗਲਰੀ – 331 ਬੀ.ਐਨ.ਐਸ (455-457 ਆਈ.ਪੀ.ਸੀ) |
|---|---|---|---|---|
| 1 | 22 | 66 | 12 | 28 |

ਜੋ ਕੇਸ ਅਣ-ਸੁਲਝੇ ਪਏ ਹਨ, ਉਨ੍ਹਾਂ ਦੇ ਵੇਰਵੇ ਹੇਠ ਲਿਖੇ ਅਨੁਸਾਰ ਹਨ:-

| ਲੜੀ ਨੰ | ਖੋਹ 304 ਬੀ.ਐਨ.ਐਸ (379 ਬੀ ਆਈ.ਪੀ.ਸੀ) | ਵਹੀਕਲ ਚੋਰੀ 303 ਤੋਂ 307 ਬੀ.ਐਨ.ਐਸ (379-382 ਆਈ.ਪੀ.ਸੀ) | ਹੋਰ ਚੋਰੀ (ਘਰ ਵਿਚ ਚੋਰੀ ਆਦਿ) 303 ਤੋਂ 307 ਬੀ.ਐਨ.ਐਸ (379-382 ਆਈ.ਪੀ.ਸੀ) | ਬਰਗਲਰੀ – 331 ਬੀ.ਐਨ.ਐਸ (455-457 ਆਈ.ਪੀ.ਸੀ) |
|---|---|---|---|---|
| 1 | 27 | 48 | 30 | 32 |

(ੲ) ਭਵਿੱਖ ਵਿੱਚ ਸ਼ਹਿਰ ਅੰਦਰ ਅਜਿਹੇ ਕੇਸਾਂ ਨੂੰ ਰੋਕਣ ਲਈ ਸਰਕਾਰ ਵੱਲੋਂ ਹੇਠ ਲਿਖੇ ਅਨੁਸਾਰ ਕਾਰਵਾਈ ਕੀਤੀ ਜਾ ਰਹੀ ਹੈ -

- ਅਣਸੁਲਝੇ ਕੇਸਾਂ ਨੂੰ ਟਰੇਸ ਕਰਕੇ ਦੋਸ਼ੀਆਂ ਦੀ ਭਾਲ ਕਰਨ ਲਈ ਖੁਫੀਆ ਸੋਰਸ ਤਿਆਰ ਕਰਕੇ, ਰੇਡ ਕਰਕੇ ਦੋਸ਼ੀਆਂ ਦੀ ਗ੍ਰਿਫਤਾਰੀ ਕਰਕੇ ਅਗਲੇਰੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।
- ਲੁੱਟ-ਖੋਹ ਅਤੇ ਚੋਰੀ ਆਦਿ ਦੀਆਂ ਵਾਰਦਾਤਾਂ ਨੂੰ ਕਾਬੂ ਵਿੱਚ ਕਰਨ ਲਈ ਐਸ.ਏ.ਐਸ. ਨਗਰ ਪੁਲਿਸ ਵੱਲੋਂ ਲਗਾਤਾਰ 24 ਘੰਟੇ ਨਾਕਾਬੰਦੀ ਕੀਤੀ ਜਾ ਰਹੀ ਹੈ।
- ਸ਼ਹਿਰ ਨੂੰ ਪੂਰੀ ਤਰ੍ਹਾਂ ਨਾਲ ਕੈਮਰੇ ਦੀ ਨਿਗਰਾਨੀ ਹੇਠ ਕੀਤਾ ਜਾ ਰਿਹਾ ਹੈ।
- ਪੀ.ਸੀ.ਆਰ. ਪਾਰਟੀਆਂ ਲਗਾਤਾਰ ਸ਼ਹਿਰ ਵਿੱਚ ਗਸ਼ਤ ਕਰ ਰਹੀਆਂ ਹਨ।
- ਸ਼ਹਿਰ ਵਿੱਚ ਕਾਸੋ (ਕੁਆਰਡਨ ਅਤੇ ਸਰਚ) ਆਪਰੇਸ਼ਨ ਲਗਾਤਾਰ ਕੀਤੇ ਜਾ ਰਹੇ ਹਨ।

---

## FELICITATING ALL WOMEN ON WOMEN'S DAY BY THE HON'BLE SPEAKER

**ਮਾਣਯੋਗ ਸਪੀਕਰ:** ਅੱਜ ਅੰਤਰਰਾਸ਼ਟਰੀ ਮਹਿਲਾ ਦਿਵਸ ਮੌਕੇ ਤੇ ਮੈਂ ਉਨ੍ਹਾਂ ਸਾਰੀਆਂ ਮਹਿਲਾਵਾਂ ਜਿਹੜੀਆਂ ਸਾਡੇ ਪੰਜਾਬ ਤੋਂ ਇੱਥੇ ਆਈਆਂ ਹਨ, ਪੰਜਾਬ ਵਿੱਚ ਵੱਸਦੀਆਂ ਹਨ, ਦੇਸ਼ ਦੁਨੀਆਂ ਵਿੱਚ ਵੱਸਦੀਆਂ ਹਨ, ਉਨ੍ਹਾਂ ਨੂੰ ਇਸ ਦਿਨ ਦੀ ਵਧਾਈ ਦਿੰਦਾ ਹਾਂ। ਆਪਾਂ ਬੜੀ ਭਾਗਾਂ ਵਾਲੀ ਧਰਤੀ ਤੇ ਪੈਦਾ ਹੋਏ ਹਾਂ ਜਿੱਥੇ ਪਹਿਲਾਂ ਮਹਿਲਾਵਾਂ ਨੂੰ ਉਨਾ

ਮਾਣ ਸਨਮਾਨ ਨਹੀਂ ਦਿੱਤਾ ਜਾਂਦਾ ਸੀ ਤਾਂ ਅੱਜ ਤੋਂ 500 ਸਾਲ ਪਹਿਲਾਂ ਬਾਬਾ ਨਾਨਕ ਜੀ ਨੇ ਸਾਡੇ ਤੇ ਬੜੀ ਕਿਰਪਾ ਕੀਤੀ ਸੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਫੁਰਮਾਉਂਦੇ ਹਨ -

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥
ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥
ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥
ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ ॥
ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ ॥੨॥

ਆਪਾਂ ਕਿੰਨੀ ਮਹਾਨ ਧਰਤੀ ਤੇ ਪੈਦਾ ਹੋਏ ਹਾਂ ਕਿ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਨੇ, ਸ੍ਰੀ ਗੁਰੂ ਗ੍ਰੰਥ ਸਾਹਿਬ ਪਾਤਸ਼ਾਹ ਜੀ ਨੇ ਸਾਡੇ ਤੇ ਕਿਰਪਾ ਕੀਤੀ ਹੈ ਕਿ ਅੱਜ ਤੋਂ 500 ਸਾਲ ਪਹਿਲਾਂ ਅਸੀਂ ਸਾਡੀਆਂ ਮਾਤਾਵਾਂ ਭੈਣਾਂ ਨੂੰ ਇੰਨਾ ਸਤਿਕਾਰ ਦਿੰਦੇ ਸੀ ਤੇ ਅੱਜ ਵੀ ਪੰਜਾਬ ਸਰਕਾਰ ਵੱਲੋਂ ਇਸ ਸ਼ੁਭ ਮੌਕੇ ਤੇ ਬਜਟ ਪੇਸ਼ ਕੀਤਾ ਜਾ ਰਿਹਾ ਹੈ। ਖਾਸ ਕਰਕੇ ਅੱਜ ਐਤਵਾਰ ਵਾਲੇ ਦਿਨ ਇਹ ਸ਼ੁਭ ਕਾਰਜ ਕਰਨਾ, ਸਾਡੀਆਂ ਮਾਤਾਵਾਂ ਭੈਣਾਂ ਨੂੰ ਸਮਰਪਿਤ ਇਹ ਕਾਰਜ ਕਰਨਾ ਹੈ। ਸੋ, ਹੁਣ ਵਿੱਤ ਮੰਤਰੀ, ਸਰਦਾਰ ਹਰਪਾਲ ਸਿੰਘ ਚੀਮਾ ਜੀ ਸਾਲ 2026-27 ਲਈ ਬਜਟ ਪੇਸ਼ ਕਰਨਗੇ।

---

## PRESENTATION OF BUDGET ESTIMATES FOR THE YEAR 2026-27

**ਮਾਣਯੋਗ ਸਪੀਕਰ:** ਮੈਂ, ਹੁਣ ਸਰਦਾਰ ਹਰਪਾਲ ਸਿੰਘ ਚੀਮਾ, ਵਿੱਤ ਮੰਤਰੀ ਜੀ ਨੂੰ ਸਾਲ 2026-27 ਲਈ ਬਜਟ ਅਨੁਮਾਨ ਪੇਸ਼ ਕਰਨ ਦੀ ਬੇਨਤੀ ਕਰਦਾ ਹਾਂ। (ਥੰਪਿੰਗ)

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)** : ਸਭ ਤੋਂ ਪਹਿਲਾਂ ਮਾਣਯੋਗ ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਸ਼ੁਕਰੀਆ, ਬਹੁਤ ਬਹੁਤ ਧੰਨਵਾਦ। ਅੱਜ ਮਨੁੱਖੀ ਇਤਿਹਾਸ ਦਾ ਉਹ ਦਿਨ ਹੈ ਜਿਹੜਾ ਸਾਡੀਆਂ ਮਾਵਾਂ-ਭੈਣਾਂ ਨੂੰ ਸਮਰਪਿਤ International Women's Day ਹੈ ਤਾਂ ਮੇਰੇ ਵੱਲੋਂ ਸਾਰੀਆਂ ਮਾਵਾਂ ਭੈਣਾਂ ਬੱਚੀਆਂ ਨੂੰ ਬਹੁਤ ਬਹੁਤ ਮੁਬਾਰਕਬਾਦ। ਉਹ ਸਾਰੀਆਂ ਆਪਣੇ-ਆਪਣੇ ਖੇਤਰ ਵਿੱਚ ਲਗਾਤਾਰ ਤਰੱਕੀ ਕਰਦੀਆਂ ਰਹਿਣ, ਅਜਿਹੀ ਕਾਮਨਾ ਮੈਂ ਇਸ ਪਵਿੱਤਰ ਹਾਊਸ ਵਿੱਚ ਕਰਨਾ ਚਾਹੁੰਦਾ ਹਾਂ। ਮੈਂ ਧੰਨਵਾਦ ਕਰਨਾ ਚਾਹੁੰਦਾ ਹਾਂ ਪੰਜਾਬ ਦੇ ਦੂਰ ਅੰਦੇਸ਼ੀ, ਅਗਾਂਹ ਵਧੂ ਅਤੇ ਇੱਕ ਵੱਖਰੀ ਤੇ ਨਿਵੇਕਲੀ ਸੋਚ ਰੱਖਣ ਵਾਲੇ ਪੰਜਾਬ ਦੇ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਦਾ, ਜਿਨ੍ਹਾਂ ਨੇ ਅੱਜ ਦਾ ਪਵਿੱਤਰ ਦਿਹਾੜਾ ਚੁਣਿਆ ਕਿ ਅੱਜ ਸਾਡੀਆਂ ਮਾਵਾਂ-ਭੈਣਾਂ ਨੂੰ ਬਜਟ ਸਮਰਪਿਤ ਕੀਤਾ ਜਾਵੇ। ਸੋ, ਮੈਂ ਸਭ ਤੋਂ ਪਹਿਲਾਂ ਮਾਨ ਸਾਹਿਬ ਦਾ ਬਹੁਤ ਬਹੁਤ ਸ਼ੁਕਰੀਆ ਅਦਾ ਕਰਨਾ ਚਾਹਾਂਗਾ। ਬਹੁਤ ਬਹੁਤ ਧੰਨਵਾਦ।

ਮਾਣਯੋਗ ਸਪੀਕਰ ਸਾਹਿਬ,

1. ਅੱਜ ਮੈਂ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਪੰਜਵਾਂ ਬਜਟ ਪੇਸ਼ ਕਰਦਿਆਂ, ਇਸ ਪਲ ਦੀ ਜ਼ਿੰਮੇਵਾਰੀ ਤੋਂ ਪੂਰੀ ਤਰ੍ਹਾਂ ਸੁਚੇਤ ਅਤੇ ਬਾ-ਅਦਬ ਆਪ ਦੇ ਸਨਮੁਖ ਹਾਂ। ਸਰਕਾਰ ਦੇ ਚਾਰ ਸਾਲ ਮੁਕੰਮਲ ਹੋਣ ਉਪਰੰਤ ਇਹ ਬਜਟ ਅਜਿਹੇ ਪੜਾਅ 'ਤੇ ਪੇਸ਼ ਕੀਤਾ ਜਾ ਰਿਹਾ ਹੈ, ਜਿੱਥੇ ਦਾਅਵੇ ਨਹੀਂ ਸਗੋਂ ਕੀਤੇ ਕੰਮ ਜ਼ਿਆਦਾ ਮਾਇਨੇ ਰੱਖਦੇ ਹਨ ਅਤੇ ਰਾਜ ਦੀ ਕਾਰਗੁਜ਼ਾਰੀ ਮੂੰਹੋਂ ਬੋਲਣੀ ਚਾਹੀਦੀ ਹੈ। ਇਹ ਬਜਟ ਇਸ ਅਜ਼ੀਮ ਸਦਨ ਦੇ ਸਾਹਮਣੇ ਆਦਰ ਸਹਿਤ ਅਤੇ ਕੀਤੇ ਕਾਰਜਾਂ ਤੋਂ ਮਿਲੇ ਭਰੋਸੇ ਸਦਕਾ ਪੇਸ਼ ਕੀਤਾ ਜਾਂਦਾ ਹੈ। ਮੈਂ ਭਲੀ-ਭਾਂਤ ਜਾਣਦਾ ਹਾਂ ਕਿ ਸ਼ਾਸਨ ਦਾ ਅਸਲੀ ਪੈਮਾਨਾ ਪੁਖ਼ਤਾ ਨਤੀਜਿਆਂ ਅਤੇ ਸਾਡੇ ਨਾਗਰਿਕਾਂ ਦੇ ਰੋਜ਼ਾਨਾ ਦੇ ਅਨੁਭਵ ਵਿੱਚ ਹੁੰਦਾ ਹੈ।

2. ਪੰਜਾਬ ਨੇ ਕਦੇ ਵੀ ਬੇਇਨਸਾਫ਼ੀ ਨੂੰ ਚੁੱਪ-ਚਾਪ ਸਵੀਕਾਰ ਨਹੀਂ ਕੀਤਾ। ਇਹ ਉਸ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦੀ ਧਰਤੀ ਹੈ, ਜਿਸ ਨੇ ਸਾਨੂੰ ਸਿਖਾਇਆ ਕਿ ਅਸਲ ਆਜ਼ਾਦੀ ਸਿਰਫ਼ ਸਿਆਸੀ ਤਾਕਤ ਨਹੀਂ, ਸਗੋਂ ਆਮ ਮਨੁੱਖ ਦੇ ਰੋਜ਼ਾਨਾ ਜੀਵਨ ਵਿੱਚ ਮਾਣ-ਸਤਿਕਾਰ, ਬਰਾਬਰੀ ਅਤੇ ਇਨਸਾਫ਼ ਦਾ ਹੋਣਾ ਹੈ। ਮਾਰਚ, 2016 ਅਤੇ 2022 ਵਿੱਚ ਪੰਜਾਬ ਦੇ ਲੋਕਾਂ ਨੇ ਅਜਿਹੇ ਜਜ਼ਬੇ ਨਾਲ ਬਦਲਾਅ ਲਈ ਵੋਟ ਪਾਈ ਜਿਸ ਰਾਹੀਂ ਉਨ੍ਹਾਂ ਨੇ ਖੋਖਲੀ ਰਾਜਨੀਤੀ ਨੂੰ ਨਕਾਰਦੇ ਹੋਏ ਅਜਿਹੀ ਸਰਕਾਰ ਦੀ ਮੰਗ ਕੀਤੀ ਜੋ ਨੀਤ ਵਿੱਚ ਇਮਾਨਦਾਰ, ਦ੍ਰਿੜ੍ਹ ਇਰਾਦੇ ਵਾਲੀ ਅਤੇ ਕਾਰਵਾਈ ਵਿੱਚ ਫ਼ੈਸਲਾਕੁੰਨ ਹੋਵੇ। 'ਰੰਗਲੇ ਪੰਜਾਬ' ਦਾ ਸਾਡਾ ਸੰਕਲਪ ਇਸੇ ਨੈਤਿਕ ਬੁਨਿਆਦ ਵਿੱਚੋਂ ਉੱਭਰਿਆ ਹੈ।

3. ਮਾਣਯੋਗ ਸਪੀਕਰ ਸਾਹਿਬ, ਬਜਟ ਬਾਰੇ ਗੱਲ ਕਰਨ ਤੋਂ ਪਹਿਲਾਂ ਜੇਕਰ ਮੈਂ ਸਾਡੇ ਸੂਬੇ ਵਿੱਚ ਆਏ ਭਿਆਨਕ ਹੜ੍ਹਾਂ ਦੌਰਾਨ ਪੰਜਾਬ ਦੇ ਲੋਕਾਂ ਦੁਆਰਾ ਦਿਖਾਈ ਗਈ ਦਲੇਰੀ ਅਤੇ ਹਿੰਮਤ ਦਾ ਜ਼ਿਕਰ ਨਾ ਕੀਤਾ ਤਾਂ ਇਹ ਬੇਇਨਸਾਫੀ ਹੋਵੇਗੀ। ਜਦੋਂ ਘਰ ਪਾਣੀ ਵਿੱਚ ਡੁੱਬ ਗਏ ਸਨ ਅਤੇ ਰੋਜ਼ੀ-ਰੋਟੀ ਦੇ ਵਸੀਲੇ ਪ੍ਰਭਾਵਿਤ ਹੋ ਗਏ ਸਨ ਤਾਂ ਪੰਜਾਬ ਦੇ ਲੋਕਾਂ ਨੇ ਬੇਮਿਸਾਲ ਤਾਕਤ ਅਤੇ ਹਮਦਰਦੀ ਨਾਲ ਇੱਕ-ਦੂਜੇ ਦਾ ਸਾਥ ਦਿੱਤਾ ਅਤੇ ਸਬਰ ਤੇ ਦ੍ਰਿੜ੍ਹ ਇਰਾਦੇ ਨਾਲ ਆਪਣੀਆਂ ਜ਼ਿੰਦਗੀਆਂ ਨੂੰ ਮੁੜ ਲੀਹ 'ਤੇ ਲਿਆਂਦਾ। ਸਰਕਾਰ ਨੇ ਪ੍ਰਭਾਵਿਤ ਪਰਿਵਾਰਾਂ ਨਾਲ ਮਿਲ ਕੇ ਰਾਹਤ ਪ੍ਰਦਾਨ ਕਰਨ, ਜ਼ਰੂਰੀ ਸੇਵਾਵਾਂ ਨੂੰ ਬਹਾਲ ਕਰਨ ਅਤੇ ਮੁੜ ਵਸੇਬੇ ਲਈ ਤੁਰੰਤ ਅਤੇ ਸੰਵੇਦਨਸ਼ੀਲਤਾ ਨਾਲ ਕੰਮ ਕੀਤਾ। ਇਸ ਅਜ਼ੀਮ ਸਦਨ ਦੁਆਰਾ ਮੈਂ ਸਾਡੇ ਨਾਗਰਿਕਾਂ, ਵਲੰਟੀਅਰਾਂ, ਅਧਿਕਾਰੀਆਂ ਅਤੇ ਫਰੰਟ ਲਾਈਨ ਦੇ ਵਰਕਰਾਂ ਦਾ ਦਿਲੋਂ ਧੰਨਵਾਦ ਕਰਨਾ ਚਾਹਾਂਗਾ, ਜਿਨ੍ਹਾਂ ਨੇ ਮੌਕੇ 'ਤੇ ਡੱਟ ਕੇ ਕੰਮ ਕੀਤਾ ਅਤੇ ਇੱਕ ਵਾਰ ਸਾਬਤ ਕੀਤਾ ਕਿ ਕੁਦਰਤੀ ਆਫ਼ਤਾਂ ਭਾਵੇਂ ਮੁਸ਼ਕਲਾਂ ਪੈਦਾ ਕਰ ਸਕਦੀਆਂ ਹਨ ਪਰ ਉਹ ਸਾਡੇ ਲੋਕਾਂ ਦੇ ਜਜ਼ਬੇ ਨੂੰ ਕਦੇ ਵੀ ਕਮਜ਼ੋਰ ਨਹੀਂ ਕਰ ਸਕਦੀਆਂ।

4. ਮਾਣਯੋਗ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਯੋਗ ਅਗਵਾਈ ਹੇਠ, ਪੰਜਾਬ ਸਰਕਾਰ ਮੁਸ਼ਕਲ ਦੀ ਘੜੀ ਵਿੱਚ ਲੋਕਾਂ ਦੇ ਨਾਲ ਚਟਾਨ ਵਾਂਗ ਖੜ੍ਹੀ ਰਹੀ ਹੈ। ਲੋਕਾਂ ਨੂੰ ਤੁਰੰਤ ਰਾਹਤ ਅਤੇ ਸਹਾਇਤਾ ਦੇਣ ਲਈ ਰਾਜ ਸਰਕਾਰ ਨੇ ਫ਼ਸਲਾਂ, ਘਰਾਂ ਅਤੇ ਪਸ਼ੂਆਂ ਦੇ ਨੁਕਸਾਨ ਲਈ ਹੁਣ ਤੱਕ ਦੇ ਸਭ ਤੋਂ ਵੱਡੇ ਮੁਆਵਜ਼ਾ ਪੈਕੇਜ ਦਾ ਐਲਾਨ ਕੀਤਾ ਹੈ। ਇਸ ਤੋਂ ਵੀ ਅਹਿਮ ਗੱਲ ਇਹ ਹੈ ਕਿ ਇਹ ਮੁਆਵਜ਼ਾ ਰਿਕਾਰਡ ਸਮੇਂ ਵਿੱਚ ਜਾਰੀ ਕੀਤਾ ਗਿਆ ਤਾਂ ਜੋ ਪ੍ਰਭਾਵਿਤ ਪਰਿਵਾਰਾਂ ਨੂੰ ਉਸ ਵੇਲੇ ਸਹਾਇਤਾ ਮਿਲ ਸਕੇ ਜਦੋਂ ਉਨ੍ਹਾਂ ਨੂੰ ਇਸ ਦੀ ਸਭ ਤੋਂ ਵੱਧ ਲੋੜ ਸੀ।

ਇਹ ਹਰ ਚੁਣੌਤੀ ਵਿੱਚ ਪੰਜਾਬ ਦੇ ਲੋਕਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਨ ਦੀ ਸਾਡੀ ਸਰਕਾਰ ਦੀ ਅਟੱਲ ਵਚਨਬੱਧਤਾ ਨੂੰ ਦਰਸਾਉਂਦਾ ਹੈ ਤਾਂ ਜੋ ਕੋਈ ਵੀ ਨਾਗਰਿਕ ਔਖੇ ਸਮੇਂ ਵਿੱਚ ਬੇਸਹਾਰਾ ਮਹਿਸੂਸ ਨਾ ਕਰੇ।

5. ਅੱਜ ਦਾ ਬਜਟ ਕਈ ਪੱਖਾਂ ਤੋਂ ਇਤਿਹਾਸਕ ਹੈ। ਇਹ 'ਕੌਮਾਂਤਰੀ ਮਹਿਲਾ ਦਿਵਸ' ਦੇ ਸ਼ੁਭ ਅਵਸਰ 'ਤੇ ਪੇਸ਼ ਕੀਤਾ ਜਾ ਰਿਹਾ ਹੈ, ਜੋ ਔਰਤਾਂ ਦੀ ਸ਼ਕਤੀ, ਪ੍ਰਾਪਤੀਆਂ ਅਤੇ ਉਮੀਦਾਂ ਨੂੰ ਸਮਰਪਿਤ ਦਿਨ ਹੈ। ਪੰਜਾਬ ਦੀਆਂ ਧੀਆਂ ਨੇ ਖੇਡਾਂ, ਵਿਗਿਆਨ, ਕਲਾ ਅਤੇ ਜਨਤਕ ਜੀਵਨ ਵਿੱਚ ਰਾਜ ਅਤੇ ਦੇਸ਼ ਦਾ ਮਾਣ ਵਧਾਇਆ ਹੈ। ਹਰਮਨਪ੍ਰੀਤ ਕੌਰ, ਹਰਲੀਨ ਕੌਰ, ਅਮਨਜੋਤ ਕੌਰ ਅਤੇ ਬਹੁਤ ਸਾਰੀਆਂ ਹੋਰ ਖਿਡਾਰਨਾਂ ਜਿਨ੍ਹਾਂ ਨੇ ਦੇਸ਼ ਦਾ ਨਾਮ ਪੂਰੀ ਦੁਨੀਆ ਵਿੱਚ ਚਮਕਾਇਆ ਹੈ। ਅੱਜ ਦੇ ਦਿਨ ਸਾਨੂੰ ਉਨ੍ਹਾਂ ਤੇ ਮਾਣ ਹੈ। ਉੱਘੀਆਂ ਸ਼ਖ਼ਸੀਅਤਾਂ ਉਸ ਹਿੰਮਤ, ਦ੍ਰਿੜ੍ਹਤਾ ਅਤੇ ਉੱਤਮਤਾ ਦਾ ਪ੍ਰਤੀਕ ਹਨ ਜੋ ਪੰਜਾਬ ਦੀਆਂ ਧੀਆਂ ਦੀ ਪਛਾਣ ਹੈ। ਮਾਣਯੋਗ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਹੇਠ ਸਰਕਾਰ ਵੱਲੋਂ ਕੀਤੇ ਗਏ ਹਰ ਸੁਧਾਰ ਪਿੱਛੇ ਇਨ੍ਹਾਂ ਧੀਆਂ ਦੀਆਂ ਉਮੀਦਾਂ ਦੀ ਪ੍ਰੇਰਨਾ ਹੈ, ਜਿਸ ਦਾ ਮਕਸਦ ਉਨ੍ਹਾਂ ਨੂੰ ਸਤਿਕਾਰ, ਸ਼ਕਤੀਕਰਨ ਅਤੇ ਖੁਸ਼ਹਾਲੀ ਦੇ ਮੌਕੇ ਪ੍ਰਦਾਨ ਕਰਨਾ ਹੈ। ਇਹ ਬਜਟ ਪੰਜਾਬ ਦੀਆਂ ਮਾਵਾਂ ਅਤੇ ਧੀਆਂ ਨੂੰ ਸਮਰਪਿਤ ਹੈ ਜੋ ਉਨ੍ਹਾਂ ਦੀ ਸ਼ਕਤੀ ਨੂੰ ਸਿਜਦਾ ਅਤੇ ਸਾਡੇ ਸਮਾਜ ਦੇ ਸੁਨਹਿਰੇ ਭਵਿੱਖ ਵਿੱਚ ਉਨ੍ਹਾਂ ਦੇ ਵਡਮੁੱਲੇ ਯੋਗਦਾਨ ਦਾ ਜਸ਼ਨ ਹੈ। (ਥੰਪਿੰਗ)

6. ਮਾਣਯੋਗ ਸਪੀਕਰ ਸਾਹਿਬ, ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਯੋਗ ਅਗਵਾਈ ਹੇਠ ਜਿਸ ਦਿਨ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਇਸ ਰਾਜ ਦੀ ਜ਼ਿੰਮੇਵਾਰੀ ਸੰਭਾਲੀ ਹੈ, ਅਸੀਂ ਇਹ ਅਹਿਦ ਲਿਆ ਸੀ ਕਿ ਲੋਕਾਂ ਨੂੰ ਦਿੱਤੀਆਂ ਗਈਆਂ ਗਾਰੰਟੀਆਂ ਸਿਰਫ਼ ਕਾਗਜ਼ਾਂ ਦਾ ਸ਼ਿੰਗਾਰ ਨਹੀਂ ਬਣਨਗੀਆਂ ਸਗੋਂ ਸਾਡੇ ਸ਼ਾਸਨ ਦੀ ਅਗਵਾਈ ਕਰਨਗੀਆਂ, ਸਾਡੇ ਬਜਟ ਨੂੰ ਆਕਾਰ ਦੇਣਗੀਆਂ, ਸਾਡੀਆਂ ਤਰਜੀਹਾਂ ਨੂੰ ਪਰਿਭਾਸ਼ਿਤ ਕਰਨਗੀਆਂ ਅਤੇ ਸਾਡੀ ਜਵਾਬਦੇਹੀ ਤੈਅ ਕਰਨਗੀਆਂ। ਮੈਂ ਇਸ ਅਜ਼ੀਮ ਸਦਨ ਦੇ ਸਨਮੁਖ ਬੇਹੱਦ ਫ਼ਖ਼ਰ ਨਾਲ ਕਹਿਣਾ ਚਾਹੁੰਦਾ ਹਾਂ ਕਿ ਸ਼ਾਇਦ ਹੀ ਕੋਈ ਅਜਿਹੀ ਸਰਕਾਰ ਰਹੀ ਹੋਵੇ, ਜਿਸ ਨੇ ਆਪਣੇ ਕਾਰਜਕਾਲ ਦੇ ਪੰਜਵੇਂ ਸਾਲ ਵਿੱਚ ਪੂਰੇ ਵਿਸ਼ਵਾਸ ਅਤੇ ਭਰੋਸੇਯੋਗਤਾ ਨਾਲ ਇਹ ਕਹਿਣ ਦੀ ਹਿੰਮਤ ਕੀਤੀ ਹੋਵੇ ਕਿ "ਪੰਜਾਬ ਦੇ ਲੋਕਾਂ ਨਾਲ ਕੀਤਾ ਗਿਆ ਹਰ ਵਾਅਦਾ ਪੂਰਾ ਕਰ ਦਿੱਤਾ ਗਿਆ ਹੈ।" (ਥੰਪਿੰਗ) ਸਾਡੀ ਸਰਕਾਰ ਨੇ ਇਹ ਯਕੀਨੀ ਬਣਾਇਆ ਹੈ ਕਿ ਇਹ ਗਾਰੰਟੀਆਂ ਮਹਿਜ਼ ਬਿਆਨੀ ਭਰੋਸੇ ਨਹੀਂ ਸਨ, ਸਗੋਂ ਢਾਂਚਾਗਤ ਨੀਤੀ ਦੇ ਤਹਿਤ ਚੁੱਕੇ ਗਏ ਕਦਮ ਸਨ, ਜਿਨ੍ਹਾਂ ਨੂੰ ਬਜਟੀ ਸਹਾਇਤਾ, ਸੰਸਥਾਗਤ ਸੁਧਾਰ ਅਤੇ ਮੁਲਾਂਕਣਯੋਗ ਨਤੀਜਿਆਂ ਦਾ ਸਮਰਥਨ ਸੀ। ਇਸ ਕਰਕੇ ਮੈਂ ਇਸ ਬਜਟ ਦਾ ਨਾਮ “ਸਾਰੀਆਂ ਗਰੰਟੀਆਂ ਪੂਰੀਆਂ ਕਰਨ ਵਾਲਾ ਬਜਟ” ਰੱਖਦਾ ਹਾਂ।

7. ਮਾਣਯੋਗ ਸਪੀਕਰ ਸਾਹਿਬ, ਇਨ੍ਹਾਂ ਗਾਰੰਟੀਆਂ ਦਾ ਪ੍ਰਭਾਵ ਲੋਕਾਂ ਦੇ ਰੋਜ਼ਾਨਾ ਜੀਵਨ ਵਿੱਚ ਸਾਫ਼ ਦਿਖਾਈ ਦੇ ਰਿਹਾ ਹੈ। ਘਰੇਲੂ ਖਪਤਕਾਰਾਂ ਦੇ ਲਗਭਗ 90% ਤੋਂ ਜ਼ੀਰੋ ਬਿਜਲੀ ਬਿੱਲਾਂ ਨੇ ਰਾਜ ਭਰ ਦੇ ਲੱਖਾਂ ਪਰਿਵਾਰਾਂ ਨੂੰ ਨਿਰਵਿਘਨ ਵਿੱਤੀ ਰਾਹਤ ਪ੍ਰਦਾਨ ਕੀਤੀ ਹੈ। ਜਿਹੜੇ ਪਰਿਵਾਰ ਲੰਬੇ ਸਮੇਂ ਤੋਂ ਪਹੁੰਚਯੋਗ ਸਿਹਤ ਸੇਵਾਵਾਂ ਤੋਂ ਵਾਂਝੇ ਸਨ, ਉਨ੍ਹਾਂ ਲਈ 'ਆਮ ਆਦਮੀ ਕਲੀਨਿਕਾਂ' ਨੇ ਘਰਾਂ ਦੇ ਨੇੜੇ ਮੁਫ਼ਤ ਸਲਾਹ-ਮਸ਼ਵਰਾ, ਦਵਾਈਆਂ ਅਤੇ ਟੈਸਟਾਂ ਦੀ ਸਹੂਲਤ ਪ੍ਰਦਾਨ ਕੀਤੀ ਹੈ ਜਿਸ ਨੇ ਮੁਢਲੀ ਡਾਕਟਰੀ ਪਹੁੰਚ ਨੂੰ ਬੁਨਿਆਦੀ ਤੌਰ 'ਤੇ ਨਵਾਂ ਰੂਪ ਦਿੱਤਾ ਹੈ। ਇਸ ਤੋਂ ਇਲਾਵਾ ਪਿਛਲੇ ਬਜਟ ਵਿੱਚ ਦਿੱਤੇ ਭਰੋਸੇ ਅਨੁਸਾਰ ਸਰਕਾਰ ਨੇ ‘ਮੁੱਖ ਮੰਤਰੀ ਸਿਹਤ ਯੋਜਨਾ’ ਸ਼ੁਰੂ ਕਰ ਦਿੱਤੀ ਹੈ। ਇਸ ਯੋਜਨਾ ਵਿੱਚ ਪੰਜਾਬ ਦੇ ਹਰ ਪਰਿਵਾਰ ਨੂੰ 10 ਲੱਖ ਰੁਪਏ ਤੱਕ ਦਾ ਸਿਹਤ ਬੀਮਾ ਮੁਹੱਈਆ ਕਰਵਾਇਆ ਜਾ

ਰਿਹਾ ਹੈ। (ਥੰਪਿੰਗ) ਇਹ ਵਚਨਬੱਧਤਾ ਯਕੀਨੀ ਬਣਾਉਂਦੀ ਹੈ ਕਿ ਹੁਣ ਕਿਸੇ ਵੀ ਨਾਗਰਿਕ ਨੂੰ ਜ਼ਰੂਰੀ ਡਾਕਟਰੀ ਇਲਾਜ ਲਈ ਪੈਸੇ ਦੀ ਤੰਗੀ ਕਾਰਨ ਮਜਬੂਰ ਨਹੀਂ ਹੋਣਾ ਪਵੇਗਾ।

8. ਸਿੱਖਿਆ ਦੇ ਖੇਤਰ ਵਿੱਚ 'ਸਕੂਲ ਆਫ਼ ਐਮੀਨੈਂਸ' ਰਾਹੀਂ ਸਰਕਾਰੀ ਸਕੂਲਾਂ ਦੇ ਰੂਪਾਂਤਰਨ ਨੇ ਸਪੱਸ਼ਟ ਸੰਦੇਸ਼ ਦਿੱਤਾ ਹੈ ਕਿ ਮਿਆਰੀ ਸਿੱਖਿਆ ਕੋਈ ਨਿੱਜੀ ਅਧਿਕਾਰ ਨਾ ਹੋ ਕੇ ਜਨਤਕ ਗਾਰੰਟੀ ਹੋਣੀ ਚਾਹੀਦੀ ਹੈ। ਇਸ ਦੇ ਨਾਲ ਹੀ 'ਮੁੱਖ ਮੰਤਰੀ ਤੀਰਥ ਯਾਤਰਾ ਸਕੀਮ' ਵਰਗੀਆਂ ਸ਼ੁਰੂਆਤਾਂ ਅਜਿਹੇ ਪ੍ਰਸ਼ਾਸਨਿਕ ਫਲਸਫੇ ਨੂੰ ਦਰਸਾਉਂਦੀਆਂ ਹਨ ਜੋ ਆਸਥਾ ਦਾ ਆਦਰ ਕਰਦਾ ਹੈ, ਬਜ਼ੁਰਗਾਂ ਦਾ ਮਾਣ ਵਧਾਉਂਦਾ ਹੈ ਅਤੇ ਪੰਜਾਬੀ ਸਮਾਜ ਦੇ ਭਾਵਨਾਤਮਕ ਅਤੇ ਸੱਭਿਆਚਾਰਕ ਤਾਣੇ-ਬਾਣੇ ਨੂੰ ਮਾਨਤਾ ਦਿੰਦਾ ਹੈ। ਅਸਲ ਵਿੱਚ ਲੋਕ-ਪੱਖੀ ਸਰਕਾਰ ਅਜਿਹੀ ਹੀ ਹੁੰਦੀ ਹੈ।

9. ਮਾਣਯੋਗ ਸਪੀਕਰ ਸਾਹਿਬ, ਵਿਰਸੇ ਵਿੱਚ ਮਿਲੀਆਂ ਚੁਣੌਤੀਆਂ ਬਾਰੇ ਸਪੱਸ਼ਟ ਗੱਲ ਕਰਨੀ ਵੀ ਲਾਜ਼ਮੀ ਹੈ। ਜਦੋਂ ਇਹ ਸਰਕਾਰ ਸੱਤਾ ਵਿੱਚ ਆਈ ਤਾਂ ਪੰਜਾਬ ਦੇ ਸਰਕਾਰੀ ਖਜ਼ਾਨੇ ਦੀ ਹਾਲਤ ਬਹੁਤ ਨਾਜ਼ੁਕ ਸੀ, ਲੋਕਾਂ ਦਾ ਭਰੋਸਾ ਕਮਜ਼ੋਰ ਹੋ ਚੁੱਕਿਆ ਸੀ ਅਤੇ ਨਸ਼ਿਆਂ ਦਾ ਵਧ ਰਿਹਾ ਪ੍ਰਭਾਵ ਪੂਰੀ ਦੀ ਪੂਰੀ ਪੀੜ੍ਹੀ ਨੂੰ ਖੋਖਲਾ ਕਰ ਰਿਹਾ ਸੀ। ਅਸੀਂ ਇਨ੍ਹਾਂ ਚੁਣੌਤੀਆਂ ਤੋਂ ਮੁੱਖ ਨਹੀਂ ਮੋੜਿਆ ਸਗੋਂ ਅਸੀਂ ਅਨੁਸ਼ਾਸਿਤ ਵਿੱਤੀ ਪ੍ਰਬੰਧਨ, ਮਾਲੀਆ ਵਧਾਉਣ ਲਈ ਕੀਤੇ ਗਏ ਸੁਧਾਰਾਂ ਤੇ ਖਰਚਿਆਂ ਨੂੰ ਤਰਕਸੰਗਤ ਬਣਾ ਕੇ ਵਿੱਤੀ ਸਥਿਰਤਾ ਦੀ ਬਹਾਲੀ ਲਈ ਕੰਮ ਕੀਤਾ ਅਤੇ ਲੋਕ-ਭਲਾਈ ਪ੍ਰਤੀ ਆਪਣੀਆਂ ਵਚਨਬੱਧਤਾਵਾਂ ਦੀ ਰਾਖੀ ਕੀਤੀ।

10. ਇਸੇ ਸਮੇਂ ਦੌਰਾਨ ਨਸ਼ਿਆਂ ਵਿਰੁੱਧ ਲੜਾਈ ਨੂੰ ਦ੍ਰਿੜ੍ਹਤਾ ਨਾਲ ਲੜਨ ਲਈ ਮਜ਼ਬੂਤ ਸਿਆਸੀ-ਅਪਰਾਧਕ ਗਠਜੋੜ ਨੂੰ ਤੋੜਿਆ ਗਿਆ; ਕਾਨੂੰਨੀ ਸ਼ਿਕੰਜਾ ਕਸਿਆ ਗਿਆ; ਨਸ਼ਾ ਛੁਡਾਊ ਅਤੇ ਮੁੜ ਵਸੇਬਾ ਯਤਨਾਂ ਦਾ ਵਿਸਥਾਰ ਕੀਤਾ ਗਿਆ। ਇਨ੍ਹਾਂ ਕੋਸ਼ਿਸ਼ਾਂ ਤੋਂ ਜ਼ਾਹਿਰ ਹੈ ਕਿ ਪੰਜਾਬ ਦੇ ਨੌਜਵਾਨਾਂ ਦੇ ਰੌਸ਼ਨ ਭਵਿੱਖ ਲਈ ਹਲਾਤਾਂ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ। ਇਹ ਸੰਘਰਸ਼ ਮੁਸ਼ਕਲ ਹੈ ਪਰ ਲਾਜ਼ਮੀ ਹੈ।

11. ਮਾਣਯੋਗ ਸਪੀਕਰ ਸਾਹਿਬ, ਆਪ ਸਰਕਾਰ ਦਾ ਇਹ ਪੰਜਵਾਂ ਬਜਟ ਸਾਡੇ ਪ੍ਰਸ਼ਾਸਨ ਦੇ ਸਫ਼ਰ ਵਿੱਚ ਫ਼ੈਸਲਾਕੁੰਨ ਮੋੜ ਹੈ। ਇਹ ਪਿਛਲੇ ਚਾਰ ਸਾਲਾਂ ਦੀਆਂ ਪ੍ਰਾਪਤੀਆਂ ਨੂੰ ਸਮੁੱਚੇ ਤੌਰ ਤੇ ਪੇਸ਼ ਕਰਦਾ ਹੈ ਅਤੇ ਪੰਜਾਬ ਦੀ ਤਰੱਕੀ ਦੇ ਅਗਲੇ ਪੜਾਅ ਲਈ ਦਿਸ਼ਾ ਵੀ ਤੈਅ ਕਰਦਾ ਹੈ। ਹੁਣ ਸਾਡਾ ਸਾਰਾ ਧਿਆਨ ਸੁਧਾਰ ਕਿਰਿਆਵਾਂ ਨੂੰ ਹੋਰ ਵਿਆਪਕ ਬਣਾਉਣ, ਸੇਵਾਵਾਂ ਦੀ ਰਸਾਈ ਨੂੰ ਹੋਰ ਮਜ਼ਬੂਤ ਕਰਨ ਅਤੇ ਇਹ ਯਕੀਨੀ ਬਣਾਉਣ 'ਤੇ ਕੇਂਦ੍ਰਿਤ ਹੈ ਕਿ ਪਿਛਲੇ ਚਾਰ ਸਾਲਾਂ ਵਿੱਚ ਰੱਖੀਆਂ ਗਈਆਂ ਬੁਨਿਆਦਾਂ, ਸੂਬੇ ਲਈ ਚਿਰਸਥਾਈ ਅਤੇ ਸਰਬਪੱਖੀ ਵਿਕਾਸ ਦੀ ਹਕੀਕਤ ਵਿੱਚ ਤਬਦੀਲ ਹੋਣ। ਇਹ ਪੰਜਾਬ ਦੇ ਲੋਕਾਂ ਲਈ ਨਵੀਂ ਮਿਸਾਲ ਕਾਇਮ ਕਰਦਾ ਹੈ ਕਿ ਸਿਰਫ਼ ਆਮ ਆਦਮੀ ਪਾਰਟੀ ਦੀ ਸਰਕਾਰ ਹੀ ਜਨਤਾ ਨੂੰ ਦਿੱਤੀ ਹਰ ਗਾਰੰਟੀ ਨੂੰ ਪੂਰਾ ਕਰ ਸਕਦੀ ਹੈ ਜਦੋਂ ਕਿ ਦੂਜੀਆਂ ਪਾਰਟੀਆਂ ਨੇ 75 ਸਾਲਾਂ ਤੱਕ ਲੋਕਾਂ ਨੂੰ ਮੂਰਖ਼ ਬਣਾਇਆ ਅਤੇ ਪੰਜਾਬ ਨੂੰ ਲੁੱਟਿਆ ਹੈ। ਇਸੇ ਦ੍ਰਿੜ੍ਹ ਇਰਾਦੇ ਅਤੇ ਜ਼ਿੰਮੇਵਾਰੀ ਦੀ ਸੱਚੀ ਭਾਵਨਾ ਨਾਲ, ਮੈਂ ਹੁਣ ਵਿੱਤੀ ਸਾਲ 2026-27 ਦਾ ਬਜਟ ਮਾਣਯੋਗ ਸਦਨ ਦੇ ਸਾਹਮਣੇ ਪੇਸ਼ ਕਰਦਾ ਹਾਂ। (ਥੰਪਿੰਗ)

**ਬਜਟ ਵਿੱਤੀ ਸਾਲ 2026-27**

ਮਾਣਯੋਗ ਸਪੀਕਰ ਸਾਹਿਬ,

12. ਪਿਛਲੇ ਸਾਲ ਦੌਰਾਨ ਪੰਜਾਬ ਦੀ ਆਰਥਿਕਤਾ ਨੇ ਸਥਿਰ ਮਜ਼ਬੂਤੀ ਅਤੇ ਢਾਂਚਾਗਤ ਸੰਤੁਲਨ ਦਾ ਪ੍ਰਦਰਸ਼ਨ ਕੀਤਾ ਹੈ। ਵਿੱਤੀ ਸਾਲ 2025-26 ਲਈ ਰਾਜ ਦੀ ਕੁੱਲ ਘਰੇਲੂ ਉਪਜ (ਜੀ.ਐੱਸ.ਡੀ.ਪੀ) 8,91,487 ਕਰੋੜ ਰੁਪਏ ਅਨੁਮਾਨਿਤ ਹੈ। ਵਿੱਤੀ ਸਾਲ 2026-27 ਲਈ ਰਾਜ ਦੀ ਕੁੱਲ ਘਰੇਲੂ ਉਪਜ 9,80,635 ਕਰੋੜ ਰੁਪਏ ਤੱਕ ਪਹੁੰਚਣ ਦਾ ਪੂਰਵ-ਅਨੁਮਾਨ ਹੈ, ਜਿਸ ਵਿੱਚ 10 ਪ੍ਰਤੀਸ਼ਤ ਦੀ ਵਿਕਾਸ ਦਰ ਦਾ ਅੰਦਾਜ਼ਾ ਲਗਾਇਆ ਗਿਆ ਹੈ। ਇਹ ਵਾਧਾ ਖੇਤੀਬਾੜੀ ਦੀ ਬਿਹਤਰ ਪੈਦਾਵਾਰ, ਸੇਵਾ ਖੇਤਰ ਦੇ ਪਸਾਰ ਅਤੇ ਮਜ਼ਬੂਤ ਉਦਯੋਗਿਕ ਵਿਕਾਸ ਦੀ ਰਫ਼ਤਾਰ 'ਤੇ ਅਧਾਰਿਤ ਹੋਵੇਗਾ। (ਥੰਪਿੰਗ)

ਮਾਣਯੋਗ ਸਪੀਕਰ ਸਾਹਿਬ,

13. ਮੈਂ ਵਿੱਤੀ ਸਾਲ 2026-27 ਲਈ 2,60,437 ਕਰੋੜ ਰੁਪਏ ਦੇ ਕੁੱਲ ਬਜਟ ਖਰਚੇ ਦੀ ਤਜਵੀਜ਼ ਪੇਸ਼ ਕਰਦਾ ਹਾਂ। (ਥੰਪਿੰਗ) ਜੀ.ਐੱਸ.ਡੀ.ਪੀ. ਦਾ ਪ੍ਰਭਾਵੀ ਮਾਲੀਆ ਘਾਟਾ 2.06 ਪ੍ਰਤੀਸ਼ਤ ਅਤੇ ਜੀ.ਐੱਸ.ਡੀ.ਪੀ. ਦਾ ਵਿੱਤੀ ਘਾਟਾ 4.08 ਪ੍ਰਤੀਸ਼ਤ ਰਹਿਣ ਦਾ ਅਨੁਮਾਨ ਹੈ। ਇਹ ਬਜਟ ਅਨੁਮਾਨ ਸਾਡੇ ਉਸ ਸੰਕਲਪ ਨੂੰ ਹੋਰ ਦ੍ਰਿੜ੍ਹ ਕਰਦੇ ਹਨ, ਜਿਸ ਵਿੱਚ ਅਸੀਂ ਸੰਤੁਲਿਤ ਵਿੱਤੀ ਪ੍ਰਬੰਧਨ ਦੇ ਨਾਲ-ਨਾਲ ਆਰਥਿਕ ਤਰੱਕੀ ਅਤੇ ਲੋਕ ਭਲਾਈ ਦੇ ਕਾਰਜਾਂ ਨੂੰ ਨਿਰੰਤਰ ਜਾਰੀ ਰੱਖਣ ਲਈ ਵਚਨਬੱਧ ਹਾਂ।

14. ਪੰਜਾਬ ਦੀ ਵਿਕਾਸ ਯਾਤਰਾ ਦੇ ਅਗਲੇ ਪੜਾਅ ਵੱਲ ਵਧਦਿਆਂ, ਹੁਣ ਮੈਂ ਇਸ ਪਵਿੱਤਰ ਸਦਨ ਦੇ ਸਨਮੁੱਖ ਵਿੱਤੀ ਸਾਲ 2026-27 ਲਈ ਵੱਖ-ਵੱਖ ਖੇਤਰਾਂ ਨਾਲ ਸਬੰਧਤ ਮੁੱਖ ਪਹਿਲਕਦਮੀਆਂ ਅਤੇ ਬਜਟ ਪ੍ਰਬੰਧ ਪੇਸ਼ ਕਰ ਰਿਹਾ ਹਾਂ। ਇਸ ਬਜਟ ਦੀ ਹਰ ਵੰਡ ਸੁਧਾਰਾਂ ਦੀ ਪ੍ਰਕਿਰਿਆ ਨੂੰ ਤੇਜ਼ ਕਰਨ, ਪਹੁੰਚ ਦੇ ਦਾਇਰੇ ਨੂੰ ਵਧਾਉਣ ਅਤੇ ਜਨਤਕ ਸੇਵਾਵਾਂ ਦੇ ਮਿਆਰ ਨੂੰ ਹੋਰ ਉੱਚਾ ਚੁੱਕਣ ਦੇ ਸਾਡੇ ਸੁਹਿਰਦ ਯਤਨਾਂ ਦਾ ਪ੍ਰਗਟਾਵਾ ਕਰਦੀ ਹੈ।

## ਸਿੱਖਿਆ

15. ਮਾਣਯੋਗ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਸਿੱਖਿਆ ਦੀ ਗੱਲ ਕਰਦਾ ਹਾਂ ਕਿਉਂਕਿ ਆਮ ਆਦਮੀ ਪਾਰਟੀ ਦੀ ਬੁਨਿਆਦ ਸਿੱਖਿਆ ਅਤੇ ਸਿਹਤ ਤੇ ਟਿਕੀ ਹੈ। ਪੰਜਾਬ ਵਿੱਚ ਸਿੱਖਿਆ ਸੁਧਾਰ ਸਿਰਫ਼ ਵਾਅਦਿਆਂ ਤੋਂ ਅੱਗੇ ਵਧ ਕੇ ਹੁਣ ਢਾਂਚਾਗਤ ਤਬਦੀਲੀ ਦੇ ਪੜਾਅ ਵਿੱਚ ਪਹੁੰਚ ਚੁੱਕੇ ਹਨ। ਪਿਛਲੇ ਚਾਰ ਸਾਲਾਂ ਦੌਰਾਨ ਅਸੀਂ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕਰਨ, ਮੁਢਲੀ ਸਿੱਖਿਆ ਨੂੰ ਮਜ਼ਬੂਤ ਕਰਨ ਅਤੇ ਸਰਕਾਰੀ ਸਕੂਲ ਪ੍ਰਣਾਲੀ ਵਿਚ 'ਸੈਂਟਰ ਆਫ਼ ਐਕਸੀਲੈਂਸ' ਸਥਾਪਿਤ ਕਰਨ 'ਤੇ ਧਿਆਨ ਕੇਂਦਰਿਤ ਕੀਤਾ ਹੈ। ਵਿੱਤੀ ਸਾਲ 2026-27 ਵਿੱਚ, ਇਹ ਸੁਧਾਰ ਯਾਤਰਾ ਆਪਣੇ ਅਗਲੇ ਪੜਾਅ 'ਵਿਸਥਾਰ ਦੇ ਨਾਲ ਮਜ਼ਬੂਤੀ' ਵਿੱਚ ਦਾਖਲ ਹੋ ਰਹੀ ਹੈ। ਮੈਂ ਵਿੱਤੀ ਸਾਲ 2026-27 ਵਿੱਚ ਸਿੱਖਿਆ ਖੇਤਰ ਲਈ 19,279 ਕਰੋੜ ਰੁਪਏ ਦੇ ਬਜਟ ਉਪਬੰਧ ਦੀ ਤਜਵੀਜ਼ ਰੱਖਦਾ ਹਾਂ, ਜੋ ਵਿੱਤੀ ਸਾਲ 2025-26 ਤੋਂ 7% ਵੱਧ ਹੈ। (ਥੰਪਿੰਗ)

## ਸਕੂਲੀ ਸਿੱਖਿਆ

16. ਮਾਣਯੋਗ ਸਪੀਕਰ ਸਾਹਿਬ, ਪੰਜਾਬ ਦਾ ਭਵਿੱਖ ਸਕੂਲਾਂ ਦੀਆਂ ਕਲਾਸਾਂ ਵਿੱਚ ਲਿਖਿਆ ਜਾਵੇਗਾ। ਦੁਨੀਆ ਦੇ ਹਰ ਵਿਕਸਤ ਦੇਸ਼ ਦੀ ਕਾਮਯਾਬੀ ਪਿੱਛੇ ਇੱਕੋ-ਇਕ ਨੀਂਹ ਹੁੰਦੀ ਹੈ, ਉਹ ਹੈ ਉੱਥੋਂ ਦੇ ਬੱਚਿਆਂ ਨੂੰ ਮਿਲਣ ਵਾਲੀ ਮਿਆਰੀ ਸਿੱਖਿਆ। ਜੇਕਰ ਪੰਜਾਬ ਨੇ ਵਿਸ਼ਵ ਪੱਧਰ 'ਤੇ ਮੁਕਾਬਲਾ ਕਰਨਾ ਹੈ, ਰੁਜ਼ਗਾਰ ਦੇ ਮੌਕੇ ਪੈਦਾ ਕਰਨੇ ਹਨ, ਨਿਵੇਸ਼ ਆਕਰਸ਼ਿਤ ਕਰਨਾ ਹੈ ਅਤੇ ਅਗਲੀ ਪੀੜ੍ਹੀ ਲਈ ਖੁਸ਼ਹਾਲੀ ਯਕੀਨੀ ਬਣਾਉਣੀ ਹੈ ਤਾਂ ਸਿੱਖਿਆ ਨੂੰ ਸਿਰਫ਼ ਆਮ ਵਿਭਾਗ ਵਜੋਂ ਨਹੀਂ ਦੇਖਿਆ ਜਾ ਸਕਦਾ। ਇਹ ਮਿਸ਼ਨ ਹੋਣਾ ਚਾਹੀਦਾ ਹੈ। ਇਹ ਪ੍ਰਸ਼ਾਸਨ ਦਾ ਕੇਂਦਰ ਬਿੰਦੂ ਹੋਣਾ ਚਾਹੀਦਾ ਹੈ। ਇਸ ਸਰਕਾਰ ਨੇ ਇਸ ਗੱਲ ਨੂੰ ਸਪੱਸ਼ਟਤਾ, ਦ੍ਰਿੜ੍ਹਤਾ ਅਤੇ ਹਿੰਮਤ ਨਾਲ ਸਮਝਦੇ ਹੋਏ ਇਹ ਕਦਮ ਚੁੱਕਿਆ ਹੈ।

17. ਪੰਜਾਬ ਵਿੱਚ ਹਮੇਸ਼ਾ ਕਾਬਲ ਲੋਕ, ਉੱਦਮੀ ਭਾਵਨਾ ਅਤੇ ਭਰਪੂਰ ਕੁਦਰਤੀ ਸਰੋਤ ਰਹੇ ਹਨ। ਇਸ ਲਈ ਸਿਰਫ਼ ਨਿਰਣਾਇਕ ਲੀਡਰਸ਼ਿਪ ਦੀ ਲੋੜ ਸੀ। ਪੰਜਾਬ ਸਿੱਖਿਆ ਕ੍ਰਾਂਤੀ ਤਹਿਤ, ਅਸੀਂ ਸਿੱਖਿਆ ਨੂੰ ਰਾਜਨੀਤਿਕ ਏਜੰਡੇ 'ਤੇ ਸਭ ਤੋਂ ਉੱਪਰ ਰੱਖਣ ਅਤੇ ਬੇਮਿਸਾਲ ਸੁਧਾਰਾਂ ਅਤੇ ਨਿਵੇਸ਼ਾਂ ਨਾਲ ਇਸ ਨੂੰ ਸਮਰਥਨ ਦੇਣ ਦਾ ਬਹਾਦਰੀ ਭਰਿਆ ਅਤੇ ਇਤਿਹਾਸਕ ਫੈਸਲਾ ਲਿਆ ਹੈ। ਮਾਣਯੋਗ ਸਪੀਕਰ ਸਾਹਿਬ, ਇਸ ਵਚਨਬੱਧਤਾ ਦੇ ਨਤੀਜੇ ਅੱਜ ਸਾਡੇ ਸਾਹਮਣੇ ਹਨ। ਪੰਜਾਬ, ਭਾਰਤ ਸਰਕਾਰ ਦੇ ਪਰਖ ਰਾਸ਼ਟਰੀ ਸਰਵੇਖਣ 2024 ਵਿੱਚ ਜਮਾਤਾਂ ਦੇ ਸਿੱਖਣ ਨਤੀਜਿਆਂ ਵਿੱਚ ਨੰਬਰ ਇੱਕ 'ਤੇ ਰਿਹਾ ਹੈ। ਪੰਜਾਬ ਨੇ ਕੇਰਲ ਵਰਗੇ ਰਾਜ ਨੂੰ ਵੀ ਪਛਾੜ ਦਿੱਤਾ ਹੈ ਜੋ ਕਈ ਸਾਲਾਂ ਤੋਂ ਸਿੱਖਿਆ ਦੇ ਖੇਤਰ ਵਿੱਚ ਚੋਟੀ ਦੇ ਪ੍ਰਦਰਸ਼ਨ ਕਰਨ ਵਾਲੇ ਰਾਜਾਂ ਵਿੱਚ ਲਗਾਤਾਰ ਸ਼ਾਮਲ ਰਿਹਾ ਹੈ। ਪੰਜਾਬ ਦੇ ਸਰਕਾਰੀ ਸਕੂਲਾਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਉੱਤਮਤਾ ਕੁਝ ਚੋਣਵੇਂ ਲੋਕਾਂ ਦਾ ਵਿਸ਼ੇਸ਼ ਅਧਿਕਾਰ ਨਹੀਂ, ਸਗੋਂ ਹਰ ਬੱਚੇ ਦਾ ਅਧਿਕਾਰ ਹੈ।

18. ਰਾਸ਼ਟਰੀ ਪੱਧਰ 'ਤੇ ਮੋਹਰੀ ਸਥਾਨ ਹਾਸਲ ਕਰਨ ਤੋਂ ਬਾਅਦ ਅਸੀਂ ਹੁਣ ਪੰਜਾਬ ਦੀ ਸਿੱਖਿਆ ਪ੍ਰਣਾਲੀ ਨੂੰ ਗਲੋਬਲ ਬੈਂਚਮਾਰਕ ਲਈ ਤਿਆਰ ਕਰ ਰਹੇ ਹਾਂ। ਇੱਕ ਨਿਰਣਾਇਕ ਮੀਲ ਪੱਥਰ ਵਜੋਂ ਪੰਜਾਬ ਸਰਕਾਰ ਨੇ ਸਿੱਖਿਆ ਪ੍ਰਣਾਲੀ ਨੂੰ ਬਦਲਣ ਲਈ 'ਸਿੱਖਿਆ ਕ੍ਰਾਂਤੀ 2.0' ਪਹਿਲਕਦਮੀ ਲਾਂਚ ਕਰਨ ਦਾ ਫੈਸਲਾ ਕੀਤਾ ਹੈ। ਇਸ ਦੇ ਵਾਸਤੇ ਅਗਲੇ 6 ਸਾਲਾਂ ਦੌਰਾਨ 3,500 ਕਰੋੜ ਰੁਪਏ ਦਾ ਬਜਟ ਉਪਬੰਧ ਕੀਤਾ ਹੈ। ਅਸੀਂ ਸਕੂਲੀ ਸਿੱਖਿਆ ਦੇ ਕਾਇਆ-ਕਲਪ ਲਈ ਵਿਸ਼ਵ ਬੈਂਕ ਨਾਲ ਇਤਿਹਾਸਕ ਕੋਲੈਬੋਰੇਸ਼ਨ ਕੀਤਾ ਹੈ। ਇਹ ਪੰਜਾਬ ਦੇ ਇਤਿਹਾਸ ਵਿੱਚ ਸਿੱਖਿਆ ਸੁਧਾਰਾਂ ਲਈ ਕੀਤੇ ਜਾਣ ਵਾਲੇ ਸਭ ਤੋਂ ਵੱਡੇ ਨਿਵੇਸ਼ਾਂ ਵਿੱਚੋਂ ਇੱਕ ਹੈ। ਇਹ ਮਿਸ਼ਨ ਬੁਨਿਆਦੀ ਸਾਖਰਤਾ ਅਤੇ ਅੰਕ ਗਿਆਨ ਨੂੰ ਮਜ਼ਬੂਤ ਕਰੇਗਾ, ਵਿਗਿਆਨ ਅਤੇ ਕਾਮਰਸ ਵਿਸ਼ਿਆਂ ਦਾ ਵਿਸਥਾਰ ਕਰੇਗਾ, ਅਧਿਆਪਕਾਂ ਅਤੇ ਸਕੂਲ ਮੁੱਖੀਆਂ ਨੂੰ ਸਸ਼ਕਤ ਕਰੇਗਾ, ਕੈਰੀਅਰ ਕਾਊਂਸਲਿੰਗ ਨੂੰ ਸੰਸਥਾਗਤ ਰੂਪ ਦੇਵੇਗਾ ਅਤੇ ਪ੍ਰਸ਼ਾਸਨਿਕ ਪ੍ਰਣਾਲੀਆਂ ਨੂੰ ਆਧੁਨਿਕ ਬਣਾਵੇਗਾ। ਪੰਜਾਬ ਸਿਰਫ਼ ਸਕੂਲਾਂ ਵਿੱਚ ਸੁਧਾਰ ਨਹੀਂ ਕਰ ਰਿਹਾ ਸਗੋਂ ਅਸੀਂ ਅਗਲੀ ਪੀੜ੍ਹੀ ਲਈ ਪੂਰੇ ਸਿੱਖਿਆ ਈਕੋ ਸਿਸਟਮ ਨੂੰ ਨਵੇਂ ਸਿਰੇ ਤੋਂ ਡਿਜ਼ਾਈਨ ਕਰ ਰਹੇ ਹਾਂ।

19. ਗੁਣਵੱਤਾ ਵਾਲੀ ਸਿੱਖਿਆ ਲਈ ਸਨਮਾਨਜਨਕ, ਸੁਰੱਖਿਅਤ ਅਤੇ ਮਜ਼ਬੂਤ ਬੁਨਿਆਦੀ ਢਾਂਚਾ ਜ਼ਰੂਰੀ ਹੈ। ਲਗਭਗ 20,000 ਸਰਕਾਰੀ ਸਕੂਲਾਂ ਵਿੱਚ, ਅਸੀਂ ਬੁਨਿਆਦੀ ਅਤੇ ਉੱਨਤ ਦੋਵਾਂ ਮਿਆਰਾਂ ਨੂੰ ਯਕੀਨੀ ਬਣਾਇਆ ਹੈ। ਅੱਜ 99 ਪ੍ਰਤੀਸ਼ਤ ਸਕੂਲਾਂ ਵਿੱਚ ਚਾਰਦੀਵਾਰੀ ਹੈ। 10,095 ਪਖਾਨਿਆਂ ਦਾ ਨਿਰਮਾਣ ਕੀਤਾ ਗਿਆ ਹੈ। ਇੱਕ ਲੱਖ ਤੋਂ ਵੱਧ ਨਵੇਂ ਡੈਸਕਾਂ ਦੀ ਖਰੀਦ ਕਰਕੇ ਯਕੀਨੀ ਬਣਾਇਆ ਹੈ ਕਿ ਕੋਈ ਵੀ ਬੱਚਾ ਫਰਸ਼ 'ਤੇ ਨਾ ਬੈਠੇ।

8,286 ਸਫਾਈ ਕਰਮਚਾਰੀ ਸਕੂਲਾਂ ਵਿੱਚ ਰੋਜ਼ਾਨਾ ਸਫਾਈ ਨੂੰ ਯਕੀਨੀ ਬਣਾ ਰਹੇ ਹਨ। 3,000 ਤੋਂ ਵੱਧ ਸੁਰੱਖਿਆ ਕਰਮਚਾਰੀ ਸਕੂਲ ਕੈਂਪਸਾਂ ਦੀ ਸੁਰੱਖਿਆ ਨੂੰ ਯਕੀਨੀ ਬਣਾ ਰਹੇ ਹਨ। 1,798 ਕੈਂਪਸ ਮੈਨੇਜਰ ਸਕੂਲ ਪ੍ਰਸ਼ਾਸਨ ਵਿੱਚ ਸਹਾਇਤਾ ਕਰਦੇ ਹਨ। ਵਧਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਲਗਭਗ 6,200 ਕਲਾਸ ਰੂਮਾਂ ਦਾ ਨਿਰਮਾਣ ਕੀਤਾ ਗਿਆ ਹੈ ਅਤੇ 4,700 ਦਾ ਨਵੀਨੀਕਰਨ ਕੀਤਾ ਗਿਆ ਹੈ। ਇਸ ਸਾਲ ਸਕੂਲ ਦੇ ਬੁਨਿਆਦੀ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਲਈ 690 ਕਰੋੜ ਰੁਪਏ ਅਲਾਟ ਕੀਤੇ ਗਏ ਹਨ। ਇਹ ਸਾਲ ਵੱਡੇ ਪੱਧਰ 'ਤੇ ਸਕੂਲਾਂ ਦੀ ਸਫ਼ੈਦੀ ਕਰਨ ਅਤੇ ਸੁੰਦਰੀਕਰਨ ਦੀ ਮੁਹਿੰਮ ਤੇ ਕੇਂਦਰਿਤ ਰਹੇਗਾ ਤਾਂ ਜੋ ਹਰ ਸਰਕਾਰੀ ਸਕੂਲ ਮਾਣ, ਸੁਹੱਪਣ ਅਤੇ ਸੁਪਨਿਆਂ ਵਾਲੀ ਥਾਂ ਨੂੰ ਪ੍ਰਗਟਾਵੇ।

20. ਮਾਣਯੋਗ ਸਪੀਕਰ ਸਾਹਿਬ, ਸਾਡੇ 118 ਸਕੂਲ ਆਫ਼ ਐਮੀਨੈਂਸ ਜਨਤਕ ਸਿੱਖਿਆ ਨੂੰ ਪੁਨਰ-ਪਰਿਭਾਸ਼ਤ ਰਹੇ ਹਨ। 193 ਕਰੋੜ ਰੁਪਏ ਦੇ ਅਲਾਟਮੈਂਟ ਨੇ ਪਹਿਲਾਂ ਹੀ ਇਨ੍ਹਾਂ ਸੰਸਥਾਵਾਂ ਵਿੱਚ ਬੁਨਿਆਦੀ ਢਾਂਚੇ, ਤਕਨਾਲੋਜੀ, ਫਰਨੀਚਰ, ਵਰਦੀ ਅਤੇ ਪੇਸ਼ੇਵਰ ਸੇਵਾਵਾਂ ਨੂੰ ਮਜ਼ਬੂਤ ਕੀਤਾ ਹੈ। ਨਤੀਜੇ ਖੁਦ ਬਿਆਨ ਕਰਦੇ ਹਨ ਕਿ ਸਾਲ 2025 ਵਿੱਚ, ਸਰਕਾਰੀ ਸਕੂਲਾਂ ਤੋਂ 267 ਵਿਦਿਆਰਥੀਆਂ ਨੇ ਜੇ.ਈ.ਈ. ਮੇਨਜ਼ ਅਤੇ 847 ਨੇ ਨੀਟ (ਐੱਨ.ਈ.ਈ.ਟੀ.) ਪ੍ਰਤਿਯੋਗਤਾ ਪਾਸ ਕੀਤੀ। ਇਹ ਸਾਲ 2022 ਤੋਂ ਬਾਅਦ ਲਗਭਗ 5 ਗੁਣਾ ਵਾਧਾ ਹੈ। ਅਸੀਂ ਵਿਦਿਆਰਥੀਆਂ ਨੂੰ ਸਰਕਾਰੀ ਸਕੂਲਾਂ ਦੇ ਅੰਦਰ ਹੀ ਵਿਵਸਥਿਤ ਪੇਸ਼ੇਵਰ ਤਿਆਰੀ ਕਰਵਾਉਣ ਲਈ ਵੱਕਾਰੀ ਕੋਚਿੰਗ ਸੰਸਥਾਵਾਂ ਦੇ ਮਾਹਰਾਂ ਨਾਲ ਭਾਈਵਾਲੀ ਕਰ ਰਹੇ ਹਾਂ। ਪੰਜਾਬ ਦੀ ਪ੍ਰਤਿਭਾ ਹੁਣ ਆਮਦਨ ਜਾਂ ਪਿਛੋਕੜ ਦੀ ਪਰਵਾਹ ਕੀਤੇ ਬਿਨਾਂ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਬਰਾਬਰੀ ਕਰੇਗੀ। ਅਸੀਂ ਆਪਣੇ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਨੂੰ ਯਕੀਨੀ ਬਣਾਉਣ ਲਈ ਨਿਵੇਸ਼ ਕਰਨਾ ਜਾਰੀ ਰੱਖਾਂਗੇ।

21. ਸਿੱਖਿਆ ਦਾ ਟੀਚਾ ਸਾਰਥਕ ਭਵਿੱਖ ਵੱਲ ਲੈ ਕੇ ਜਾਣਾ ਹੁੰਦਾ ਹੈ। ਅਸੀਂ ਕਲਾਸ ਨੌਵੀਂ ਤੋਂ ਬਾਰ੍ਹਵੀਂ ਤੱਕ ਦੇ ਲਗਭਗ 7.35 ਲੱਖ ਵਿਦਿਆਰਥੀਆਂ ਲਈ ਸੂਬਾ ਪੱਧਰੀ 'ਕੈਰੀਅਰ ਕੌਂਸਲਿੰਗ ਫਰੇਮਵਰਕ' ਨੂੰ ਅਮਲੀ ਰੂਪ ਦੇ ਰਹੇ ਹਾਂ। ਅਸੀਂ ਆਪਣੇ ਬੱਚਿਆਂ ਨੂੰ ਨੌਕਰੀਆਂ ਅਤੇ ਉੱਚ ਸਿੱਖਿਆ ਦੇ ਫੈਸਲਿਆਂ ਬਾਰੇ ਵਧੇਰੇ ਜਾਗਰੂਕ ਬਣਾਉਣ ਲਈ ਕੈਰੀਅਰ ਸਲਾਹਕਾਰ ਸਹਾਇਤਾ ਪੋਰਟਲ ਸ਼ੁਰੂ ਕਰਾਂਗੇ।

22. ਵਿੱਦਿਅਕ ਸੁਧਾਰਾਂ ਦੇ ਨਾਲ-ਨਾਲ, ਅਸੀਂ ਸਰਕਾਰੀ ਸੈਕੰਡਰੀ ਸਕੂਲਾਂ ਵਿੱਚ ਬੇਮਿਸਾਲ ਡਿਜੀਟਲ ਪਰਿਵਰਤਨ ਸ਼ੁਰੂ ਕੀਤਾ ਹੈ। ਅਸੀਂ ਆਪਣੇ ਸਰਕਾਰੀ ਸਕੂਲਾਂ ਦੇ ਡਿਜੀਟਲ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਵਿੱਚ ਲਗਭਗ 395 ਕਰੋੜ ਰੁਪਏ ਦਾ ਨਿਵੇਸ਼ ਕੀਤਾ ਹੈ। ਇਸ ਸਮੇਂ ਸਰਕਾਰੀ ਸਕੂਲਾਂ ਵਿੱਚ 38,649 ਡੈਸਕਟਾਪ ਕੰਪਿਊਟਰ ਵੰਡੇ ਜਾ ਰਹੇ ਹਨ। ਇਹ ਹਰੇਕ ਸੀਨੀਅਰ ਸੈਕੰਡਰੀ ਅਤੇ ਸੈਕੰਡਰੀ ਸਕੂਲ ਵਿੱਚ ਕੰਪਿਊਟਰ ਲੈਬ ਹੋਣਾ ਯਕੀਨੀ ਬਣਾਏਗਾ। ਇਸ ਤੋਂ ਇਲਾਵਾ 3,694 ਸਕੂਲਾਂ ਵਿੱਚ 8,268 ਇੰਟਰਐਕਟਿਵ ਫਲੈਟ ਪੈਨਲ ਲਗਾਏ ਜਾ ਰਹੇ ਹਨ। ਇਹ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਇਤਿਹਾਸ ਵਿੱਚ ਸਭ ਤੋਂ ਵੱਡੇ ਡਿਜੀਟਲ ਬੁਨਿਆਦੀ ਢਾਂਚੇ ਦੇ ਅੱਪਗ੍ਰੇਡੇਸ਼ਨਾਂ ਵਿੱਚੋਂ ਇੱਕ ਹੈ। ਅਸੀਂ ਨਿਰਣਾਇਕ ਰੂਪ ਵਿੱਚ ਡਿਜੀਟਲ ਪਾੜੇ ਨੂੰ ਖਤਮ ਕਰ ਰਹੇ ਹਾਂ ਅਤੇ ਇਹ ਯਕੀਨੀ ਬਣਾ ਰਹੇ ਹਾਂ ਕਿ ਸਰਕਾਰੀ ਸਕੂਲ ਦੇ ਹਰ ਬੱਚੇ ਦੀ ਆਧੁਨਿਕ 21ਵੀਂ ਸਦੀ ਦੇ ਸਿਖਲਾਈ ਸਾਧਨਾਂ ਤੱਕ ਪਹੁੰਚ ਹੋਵੇ। ਕੁਝ ਲੋਕ ਸਿਰਫ਼ ਆਰਟੀਫਿਸ਼ੀਅਲ ਇੰਟੈਲੀਜੈਂਸ ਦੀ ਗੱਲ ਕਰਦੇ ਹਨ ਪਰ ਅਸੀਂ ਆਪਣੇ ਵਿਦਿਆਰਥੀਆਂ ਤੱਕ ਤਕਨਾਲੋਜੀ ਪਹੁੰਚਾਉਣ ਵਾਸਤੇ ਨਿਵੇਸ਼ ਕਰਦੇ ਹਾਂ।

23. ਮਾਣਯੋਗ ਸਪੀਕਰ ਸਾਹਿਬ, ਸਿੱਖਣ ਦੇ ਨਤੀਜਿਆਂ ਵਿੱਚ ਰਾਸ਼ਟਰੀ ਲੀਡਰਸ਼ਿਪ ਤੋਂ ਲੈ ਕੇ ਵਿਸ਼ਵ ਬੈਂਕ ਨਾਲ ਵਿਸ਼ਵੀ ਸਹਿਯੋਗ ਤੱਕ, ਸਨਮਾਨ-ਅਧਾਰਿਤ ਬੁਨਿਆਦੀ ਢਾਂਚੇ ਤੋਂ ਲੈ ਕੇ ਡਿਜੀਟਲ ਸਸ਼ਕਤੀਕਰਨ ਤੱਕ, ਸਕੂਲ ਆਫ਼ ਐਮੀਨੈਂਸ ਤੋਂ ਲੈ ਕੇ ਢਾਂਚਾਗਤ ਕੈਰੀਅਰ ਮਾਰਗਾਂ ਤੱਕ, ਪੰਜਾਬ ਇੱਕ ਸਧਾਰਨ ਬਦਲਾਅ ਨਹੀਂ, ਸਗੋਂ ਪੂਰਨ ਸਿੱਖਿਆ ਤਬਦੀਲੀ ਦਾ ਗਵਾਹ ਬਣ ਰਿਹਾ ਹੈ। ਪੰਜਾਬ ਦੀ ਅਸਲ ਅਮੀਰੀ ਇਮਾਰਤਾਂ ਜਾਂ ਸੜਕਾਂ ਵਿੱਚ ਨਹੀਂ ਸਗੋਂ ਇਸ ਦੇ ਕਲਾਸ ਰੂਮਾਂ ਅਤੇ ਬੱਚਿਆਂ ਦੇ ਸੁਪਨਿਆਂ ਵਿੱਚ ਹੈ। ਅਸੀਂ ਉਸ ਭਵਿੱਖ ਦੀ ਉਸਾਰੀ ਇੱਟ-ਇੱਟ ਜੋੜ ਕੇ, ਹਰ ਇੱਕ ਕਲਾਸਰੂਮ ਅਤੇ ਹਰ ਇੱਕ ਬੱਚੇ ਦੇ ਰਾਹੀਂ ਕਰ ਰਹੇ ਹਾਂ।

### ਉਚੇਰੀ ਸਿੱਖਿਆ

24. ਮਾਣਯੋਗ ਸਪੀਕਰ ਸਾਹਿਬ, ਗਿਆਨ-ਅਧਾਰਿਤ ਅਤੇ ਹੁਨਰਮੰਦ ਪੰਜਾਬ ਦੇ ਨਿਰਮਾਣ ਲਈ ਉਚੇਰੀ ਸਿੱਖਿਆ ਨੂੰ ਮਜ਼ਬੂਤ ਕਰਨਾ ਜ਼ਰੂਰੀ ਬਣਿਆ ਹੋਇਆ ਹੈ। ਮੌਜੂਦਾ ਸਾਲ ਦੌਰਾਨ, ਸਰਕਾਰੀ ਕਾਲਜਾਂ ਵਿੱਚ ਅਕਾਦਮਿਕ ਅਤੇ ਵਿਦਿਆਰਥੀ ਸਹੂਲਤਾਂ ਵਿੱਚ ਸੁਧਾਰ ਲਈ ਬੁਨਿਆਦੀ ਢਾਂਚੇ ਦੇ ਅੱਪਗ੍ਰੇਡੇਸ਼ਨ, ਮੁਰੰਮਤ ਅਤੇ ਨਵੀਨੀਕਰਨ ਦੇ ਕਾਰਜ ਕੀਤੇ ਗਏ ਹਨ।

25. ਮੈਨੂੰ ਇਸ ਅਜ਼ੀਮ ਸਦਨ ਨੂੰ ਇਹ ਦੱਸਦਿਆਂ ਖੁਸ਼ੀ ਹੋ ਰਹੀ ਹੈ ਕਿ ਸਰਕਾਰ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪਵਿੱਤਰ ਨਾਮ 'ਤੇ ਵਿਸ਼ਵ ਪੱਧਰੀ ਯੂਨੀਵਰਸਿਟੀ ਸਥਾਪਤ ਕਰਨ ਲਈ ਸਿਧਾਂਤਕ ਪ੍ਰਵਾਨਗੀ ਦੇ ਦਿੱਤੀ ਹੈ। ਇਸ ਸੰਸਥਾ ਨੂੰ ਮਿਸ਼ਨ-ਮੋਡ ਵਿੱਚ ਸਥਾਪਤ ਕਰਨ ਦਾ ਪ੍ਰਸਤਾਵ ਹੈ ਤਾਂ ਜੋ ਇਸ ਐਲਾਨ ਨੂੰ ਜ਼ਮੀਨੀ ਪੱਧਰ 'ਤੇ ਹਕੀਕਤ ਵਿੱਚ ਬਦਲਿਆ ਜਾ ਸਕੇ ਕਿਉਂਕਿ ਜਦੋਂ ਅਸੀਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਕੁਰਬਾਨੀ ਨੂੰ ਸਿਜਦਾ ਕਰਨ ਲਈ 350ਵਾਂ ਸ਼ਹਾਦਤ ਦਾ ਦਿਹਾੜਾ ਮਨਾ ਰਹੇ ਸੀ ਤਾਂ ਉਸ ਸਮੇਂ ਮਾਣਯੋਗ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਐਲਾਨ ਕੀਤਾ ਸੀ ਕਿ ਵਿਸ਼ਵ ਪੱਧਰੀ ਯੂਨੀਵਰਸਿਟੀ ਦਾ ਨਿਰਮਾਣ ਕੀਤਾ ਜਾਵੇਗਾ। ਸੋ, ਅੱਜ ਮੈਂ ਸਮਝਦਾ ਹਾਂ ਕਿ ਸਾਡੀ ਉਹ ਡਿਮਾਂਡ ਪੂਰੀ ਹੋਈ ਹੈ। ਮੈਂ ਮਾਣਯੋਗ ਸੀ.ਐਮ. ਸਾਹਿਬ ਦਾ ਬਹੁਤ ਬਹੁਤ ਧੰਨਵਾਦ ਕਰਨਾ ਚਾਹੁੰਦਾ ਹਾਂ।

### ਤਕਨੀਕੀ ਸਿੱਖਿਆ

26. ਸਾਡੀ ਸਰਕਾਰ ਹੁਨਰ ਵਿਕਾਸ ਨੂੰ ਤਰਜੀਹ ਦੇਣਾ ਜਾਰੀ ਰੱਖੇਗੀ, ਇਹ ਮੰਨਦੇ ਹੋਏ ਕਿ ਇੱਕ ਪ੍ਰਤੀਯੋਗੀ ਅਰਥਵਿਵਸਥਾ ਨੂੰ ਸਿਖਿਅਤ ਅਤੇ ਉਦਯੋਗ-ਤਿਆਰ ਕਾਰਜਬਲ ਦੁਆਰਾ ਸਮਰਥਨ ਪ੍ਰਾਪਤ ਹੋਣਾ ਚਾਹੀਦਾ ਹੈ। ਪਿਛਲੇ ਸਾਲ ਦੌਰਾਨ ਸਰਕਾਰੀ ਆਈ.ਟੀ.ਆਈ. ਵਿੱਚ ਸੀਟਾਂ ਵਿੱਚ 35,000 ਤੋਂ 52,000 ਤੱਕ ਮਹੱਤਵਪੂਰਨ ਵਿਸਥਾਰ ਕੀਤਾ ਗਿਆ, ਜਿਸ ਨਾਲ ਰਾਜ ਭਰ ਦੇ ਹਜ਼ਾਰਾਂ ਨੌਜਵਾਨਾਂ ਲਈ ਕਿੱਤਾਮੁਖੀ ਸਿੱਖਿਆ ਤੱਕ ਪਹੁੰਚ ਵਿਆਪਕ ਹੋਈ।

27. ਇਸ ਤੋਂ ਇਲਾਵਾ ਪੰਜਾਬ ਦੀਆਂ 11 ਜੇਲ੍ਹਾਂ ਵਿੱਚ ਆਈ.ਟੀ.ਆਈ. ਸੈਂਟਰ ਸ਼ੁਰੂ ਕੀਤੇ ਗਏ ਹਨ ਤਾਂ ਜੋ ਕੈਦੀਆਂ ਨੂੰ ਹੁਨਰ ਸਿਖਾ ਕੇ ਸਮਾਜ ਵਿੱਚ ਮੁੜ ਵਸਾਇਆ ਜਾ ਸਕੇ। ਇਹ ਆਪਣੀ ਤਰ੍ਹਾਂ ਦੀ ਪਹਿਲੀ ਕੋਸ਼ਿਸ਼ ਹੈ, ਜੋ ਕੈਦੀਆਂ ਨੂੰ ਕਿੱਤਾ-ਮੁੱਖੀ ਸਰਟੀਫਿਕੇਟ ਵਾਲੇ ਕੋਰਸ ਕਰਵਾ ਕੇ ਇੱਜ਼ਤ ਨਾਲ ਜ਼ਿੰਦਗੀ ਜਿਊਣ ਦਾ ਮੌਕਾ ਦਿੰਦੀ ਹੈ। ਪੀ-ਐੱਮ ਸੇਤੂ ਸਕੀਮ ਦੇ ਤਹਿਤ ਹੱਬ-ਐਂਡ-ਸਪੋਕ ਮਾਡਲ ਰਾਹੀਂ ਚੋਣਵੀਆਂ ਆਈ.ਟੀ.ਆਈਜ਼. ਨੂੰ ਸ਼ਾਨਦਾਰ ਸੈਂਟਰਾਂ ਵਿੱਚ ਬਦਲਿਆ ਜਾ ਰਿਹਾ ਹੈ। ਆਈ.ਆਈ.ਟੀ. ਰੋਪੜ ਵਰਗੀਆਂ ਸੰਸਥਾਵਾਂ ਨਾਲ ਇਨੋਵੇਸ਼ਨ ਲੈਬ ਅਤੇ

ਉਦਯੋਗਿਕ ਭਾਈਵਾਲੀ ਦੁਆਰਾ ਨਵੀਆਂ ਲੈਬਾਂ ਰਾਹੀਂ ਬੱਚਿਆਂ ਨੂੰ ਏ.ਆਈ., ਇੰਟਰਨੈਟ ਆਫ਼ ਥਿੰਗਜ਼ ਅਤੇ ਸਾਈਬਰ-ਫਿਜ਼ੀਕਲ ਸਿਸਟਮ ਵਰਗੀਆਂ ਨਵੀਆਂ ਤਕਨਾਲੋਜੀਆਂ ਸਿਖਾਈਆਂ ਜਾ ਰਹੀਆਂ ਹਨ ਤਾਂ ਜੋ ਉਹ ਆਉਣ ਵਾਲੇ ਸਮੇਂ ਲਈ ਤਿਆਰ ਹੋ ਸਕਣ। ਮੈਂ ਵਿੱਤੀ ਸਾਲ 2026-27 ਵਿੱਚ ਤਕਨੀਕੀ ਸਿੱਖਿਆ ਦੇ ਤਹਿਤ ਪਹਿਲਕਦਮੀਆਂ ਲਈ 569 ਕਰੋੜ ਰੁਪਏ ਦੇ ਬਜਟੀ ਅਲਾਟਮੈਂਟ ਦਾ ਪ੍ਰਸਤਾਵ ਰੱਖਦਾ ਹਾਂ।

### ਯੂਨੀਵਰਸਿਟੀਆਂ ਅਤੇ ਕਾਂਸਟੀਚੂਐਂਟ ਕਾਲਜਾਂ ਨੂੰ ਗ੍ਰਾਂਟ-ਇਨ-ਏਡ

28. ਸਾਡੀ ਸਰਕਾਰ ਰਾਜ ਯੂਨੀਵਰਸਿਟੀਆਂ ਜਿਨ੍ਹਾਂ ਵਿੱਚ ਗਡਵਾਸੂ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਪੰਜਾਬ ਯੂਨੀਵਰਸਿਟੀ, ਪੰਜਾਬੀ ਯੂਨੀਵਰਸਿਟੀ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਉਨ੍ਹਾਂ ਦੇ ਸੰਘਟਕ ਕਾਲਜ ਸ਼ਾਮਲ ਹਨ, ਦੀ ਮਜ਼ਬੂਤੀ ਅਤੇ ਵਿਕਾਸ ਨੂੰ ਤਰਜੀਹ ਦਿੰਦੀ ਰਹੇਗੀ। ਇਨ੍ਹਾਂ ਸੰਸਥਾਵਾਂ ਵਿੱਚ ਅਕਾਦਮਿਕ ਉੱਤਮਤਾ, ਖੋਜ ਵਿਕਾਸ ਅਤੇ ਬੁਨਿਆਦੀ ਢਾਂਚੇ ਦੇ ਵਿਸਥਾਰ ਲਈ ਵਿੱਤੀ ਸਾਲ 2026-27 ਵਿੱਚ 1,760 ਕਰੋੜ ਰੁਪਏ ਦਾ ਬਜਟ ਉਪਬੰਧ ਕੀਤਾ ਗਿਆ ਹੈ। ਮਾਣਯੋਗ ਸਪੀਕਰ ਸਾਹਿਬ, ਪਿਛਲੇ ਚਾਰ ਸਾਲ ਤੋਂ ਸਿੱਖਿਆ ਸਾਡੀ ਪ੍ਰਾਇਰਟੀ ਤੇ ਸੀ ਤੇ ਪੰਜਵੇਂ ਸਾਲ ਵਿੱਚ ਵੀ ਇਹ ਕੰਮ ਜਾਰੀ ਹੈ।

### ਸਿਹਤ ਅਤੇ ਪਰਿਵਾਰ ਭਲਾਈ

29. ਮਾਣਯੋਗ ਸਪੀਕਰ ਸਾਹਿਬ, ਜਿਵੇਂ ਕਿ ਪਹਿਲਾਂ ਜ਼ਿਕਰ ਕੀਤਾ ਗਿਆ ਹੈ, ਸਾਡੀ ਸਰਕਾਰ ਨੇ ਪੰਜਾਬ ਦੇ ਲੋਕਾਂ ਨੂੰ ਸਰਵਵਿਆਪੀ ਸਿਹਤ ਬੀਮਾ ਕਵਰੇਜ ਪ੍ਰਦਾਨ ਕਰਕੇ 'ਮੁੱਖ ਮੰਤਰੀ ਸਿਹਤ ਯੋਜਨਾ' ਰਾਹੀਂ ਰਾਜ ਦੇ ਇਤਿਹਾਸ ਵਿੱਚ ਸਭ ਤੋਂ ਵਿਆਪਕ ਸਿਹਤ ਖੇਤਰ ਦੇ ਸੁਧਾਰਾਂ ਨੂੰ ਲਾਗੂ ਕੀਤਾ ਹੈ। ਇਸ ਸਕੀਮ ਅਧੀਨ ਪੰਜਾਬ ਦਾ ਹਰ ਪਰਿਵਾਰ 900 ਤੋਂ ਵੱਧ ਸਰਕਾਰੀ ਅਤੇ ਸੂਚੀਬੱਧ ਨਿੱਜੀ ਹਸਪਤਾਲਾਂ ਵਿੱਚ ਪ੍ਰਤੀ ਸਾਲ 10 ਲੱਖ ਰੁਪਏ ਤੱਕ ਦੇ ਨਕਦ ਰਹਿਤ ਇਲਾਜ ਦਾ ਹੱਕਦਾਰ ਹੈ। ਸਰਲ ਪ੍ਰਕਿਰਿਆਵਾਂ ਅਤੇ 'ਸਿਹਤ ਕਾਰਡ' ਜਾਰੀ ਹੋਣ ਨਾਲ, ਇਲਾਜ ਤੱਕ ਪਹੁੰਚ ਨੂੰ ਸੁਚਾਰੂ ਅਤੇ ਪਾਰਦਰਸ਼ੀ ਬਣਾਇਆ ਗਿਆ ਹੈ। ਵਿੱਤੀ ਸਾਲ 2026-27 ਵਿੱਚ ਇਸ ਲਈ 2000 ਕਰੋੜ ਰੁਪਏ ਦੇ ਬਜਟ ਉਪਬੰਧ ਦੀ ਤਜਵੀਜ਼ ਹੈ; ਇਹ ਸਕੀਮ ਲਗਭਗ 65 ਲੱਖ ਪਰਿਵਾਰਾਂ ਨੂੰ ਲਾਭ ਪਹੁੰਚਾਉਣ ਅਤੇ ਰਾਜ ਭਰ ਦੇ ਘਰਾਂ 'ਤੇ ਗੰਭੀਰ ਡਾਕਟਰੀ ਇਲਾਜ ਦੇ ਵਿੱਤੀ ਬੋਝ ਨੂੰ ਕਾਫ਼ੀ ਹੱਦ ਤੱਕ ਘਟਾਉਣ ਲਈ ਤਿਆਰ ਹੈ।

30. ਮਾਣਯੋਗ ਸਪੀਕਰ ਸਾਹਿਬ, ਬੁਨਿਆਦੀ ਸਿਹਤ ਸੰਭਾਲ ਨੂੰ ਮਜ਼ਬੂਤ ਕਰਨ ਲਈ ਇਸ ਸਰਕਾਰ ਵੱਲੋਂ ਲੋਕਾਂ ਨੂੰ ਪਹੁੰਚਯੋਗ ਅਤੇ ਕਿਫਾਇਤੀ ਸਿਹਤ ਸੇਵਾਵਾਂ ਦੇਣ ਦਾ ਅਹਿਦ ਹੈ। ਪੰਜਾਬ ਭਰ ਵਿੱਚ ਸਿਹਤ ਸੇਵਾਵਾਂ ਲੋਕਾਂ ਕੋਲ ਪਹੁੰਚਾਉਣ ਲਈ 'ਆਮ ਆਦਮੀ ਕਲੀਨਿਕ' ਮਿਸਾਲੀ ਮਾਡਲ ਬਣ ਕੇ ਸਾਹਮਣੇ ਆਏ ਹਨ। ਮੌਜੂਦਾ ਸਮੇਂ 881 ਕਲੀਨਿਕ ਚੱਲ ਰਹੇ ਹਨ, ਜਿਨ੍ਹਾਂ ਵਿੱਚੋਂ 565 ਪਿੰਡਾਂ ਵਿੱਚ ਅਤੇ 316 ਸ਼ਹਿਰਾਂ ਵਿੱਚ ਲੋਕਾਂ ਦੀ ਸੇਵਾ ਕਰ ਰਹੇ ਹਨ। ਇੱਥੇ 107 ਤਰ੍ਹਾਂ ਦੀਆਂ ਜ਼ਰੂਰੀ ਦਵਾਈਆਂ ਅਤੇ 47 ਟੈਸਟ ਬਿਲਕੁਲ ਮੁਫ਼ਤ ਮੁਹੱਈਆ ਕਰਵਾਏ ਜਾਂਦੇ ਹਨ। ਹੁਣ ਤੱਕ ਲਗਭਗ 5 ਕਰੋੜ ਤੋਂ ਵੱਧ ਵਾਰ ਲੋਕ ਇੱਥੇ ਇਲਾਜ ਲਈ ਆ ਚੁੱਕੇ ਹਨ, ਜਿਨ੍ਹਾਂ ਵਿੱਚੋਂ 1.55 ਕਰੋੜ ਖਾਸ ਮਰਜ਼ਾਂ ਦੇ ਮਰੀਜ਼ ਹਨ। ਸਭ ਤੋਂ ਅਹਿਮ ਗੱਲ ਇਹ ਹੈ ਕਿ ਇਨ੍ਹਾਂ ਸਹੂਲਤਾਂ ਦਾ ਲਾਭ ਲੈਣ ਵਾਲਿਆਂ ਵਿੱਚ 55 ਫੀਸਦੀ ਔਰਤਾਂ ਹਨ, ਜਿਸ ਤੋਂ ਸਾਫ਼ ਪਤਾ ਲੱਗਦਾ ਹੈ ਕਿ ਸਰਕਾਰੀ ਸਿਹਤ ਸੇਵਾਵਾਂ ਹੁਣ ਸਭ ਦੀ ਪਹੁੰਚ ਵਿੱਚ ਹਨ ਅਤੇ ਇਸ ਵਿੱਚ ਲੋਕਾਂ ਦਾ ਵਿਸ਼ਵਾਸ ਵਧਿਆ ਹੈ। ਮਾਣਯੋਗ ਸਪੀਕਰ ਸਾਹਿਬ, ਆਪਾਂ ਜਦੋਂ ਵੀ ਕੋਈ ਸਮਾਨ

ਲੈਣਾ ਹੋਵੇ ਤਾਂ ਘਰ ਪੁੱਛਦੇ ਹਾਂ। ਤੁਸੀਂ ਵੀ ਭਾਬੀ ਜੀ ਨੂੰ ਪੁੱਛਦੇ ਹੋ। ਸਾਰੇ ਹੀ ਪੁੱਛਦੇ ਹਨ ਕਿ ਕੀ ਲੈਣਾ ਚਾਹੀਦਾ ਹੈ ਤੇ ਜੇਕਰ ਸਾਡੀਆਂ 55 ਫੀਸਦੀ ਔਰਤਾਂ ਕਹਿ ਰਹੀਆਂ ਹਨ ਤਾਂ ਇਸ ਦਾ ਮਤਲਬ ਹੈ ਕਿ ਇਸ ਵਿੱਚ ਵਿਸ਼ਵਾਸ ਬਹੁਤ ਵਧਿਆ ਹੈ। (ਵਿਘਨ)

---

## WELCOME ANNOUNCEMENT BY THE HON'BLE SPEAKER

**ਮਾਣਯੋਗ ਸਪੀਕਰ:** ਇੱਕ ਮਿੰਟ ਮੰਤਰੀ ਜੀ, ਤੁਸੀਂ ਭਾਬੀ ਜੀ ਦਾ ਨਾਂ ਲਿਆ ਤਾਂ ਯਾਦ ਆਇਆ। ਮੈਨੂੰ ਇਸ ਅਜ਼ੀਮ ਸਦਨ ਨੂੰ ਦੱਸਣ ਵਿੱਚ ਇਹ ਮਾਣ ਮਹਿਸੂਸ ਹੋ ਰਿਹਾ ਹੈ ਕਿ ਸ੍ਰੀਮਤੀ ਮਨਜੀਤ ਕੌਰ, ਸੁਪਤਨੀ, ਵਿੱਤ ਮੰਤਰੀ, ਪੰਜਾਬ ਔਰ ਸਾਡੇ ਬਹੁਤ ਹੀ ਸਤਿਕਾਰਯੋਗ ਡਾਕਟਰ ਗੁਰਪ੍ਰੀਤ ਕੌਰ, ਸੁਪਤਨੀ, ਮਾਣਯੋਗ ਮੁੱਖ ਮੰਤਰੀ, ਪੰਜਾਬ ਇਸ ਸਦਨ ਦੀ ਕਾਰਵਾਈ ਦੇਖਣ ਲਈ ਗਵਰਨਰ ਬਾਕਸ ਵਿੱਚ ਮੌਜੂਦ ਹਨ। ਆਓ, ਅਸੀਂ ਉਨ੍ਹਾਂ ਦਾ ਨਿੱਘਾ ਸਵਾਗਤ ਕਰੀਏ (ਥੰਪਿੰਗ)

ਮੈਂ ਅੱਜ ਬੜੇ ਮਾਣ ਨਾਲ ਕਹਿ ਰਿਹਾ ਹਾਂ ਕਿ ਸਾਡੀਆਂ ਮਾਤਾਵਾਂ, ਭੈਣਾਂ ਵੀ ਪੰਜਾਬ ਦੇ ਵੱਖ-ਵੱਖ ਕੋਨਿਆਂ ਤੋਂ ਅੱਜ ਇਸ ਬਜਟ ਸੈਸ਼ਨ ਨੂੰ ਵੇਖਣ ਆਈਆਂ ਹਨ। ਅਸੀਂ ਉਨ੍ਹਾਂ ਦਾ ਵੀ ਇਸਤਕਬਾਲ ਕਰਦੇ ਹਾਂ। ਕੋਟਕਪੂਰਾ, ਫਰੀਦਕੋਟ ਹਲਕੇ ਤੋਂ ਸਾਡੇ ਸਤਿਕਾਰਯੋਗ ਡਾਕਟਰ ਸਾਹਿਬਾਨ, ਟੀਚਰ ਸਾਹਿਬਾਨ ਵੀ ਵਿਸ਼ੇਸ਼ ਕਿਰਪਾ ਕਰਕੇ ਇਸ ਸਦਨ ਦੀ ਕਾਰਵਾਈ ਦੇਖਣ ਲਈ ਆਏ ਹਨ। ਆਓ, ਉਨ੍ਹਾਂ ਦਾ ਵੀ ਸਨਮਾਨ ਕਰੀਏ। ਬਹੁਤ ਬਹੁਤ ਧੰਨਵਾਦ। (ਥੰਪਿੰਗ) ਜੀ ਮੰਤਰੀ ਜੀ।

---

## PRESENTATION OF THE BUDGET ESTIMATES FOR THE YEAR 2026-27
***(Resumption)***

**ਵਿੱਤ ਮੰਤਰੀ:**

31. ਇਸ ਨੈੱਟਵਰਕ ਨੂੰ ਹੋਰ ਮਜ਼ਬੂਤ ਕਰਨ ਲਈ, ਮੌਜੂਦਾ ਸਾਲ ਦੌਰਾਨ 100 ਵਾਧੂ ਆਮ ਆਦਮੀ ਕਲੀਨਿਕ ਸ਼ੁਰੂ ਕੀਤੇ ਜਾ ਰਹੇ ਹਨ। ਵਿੱਤੀ ਸਾਲ 2026-27 ਵਿੱਚ ਸੂਬੇ ਭਰ ਵਿੱਚ 143 ਹੋਰ ਕਲੀਨਿਕ ਸਥਾਪਤ ਕਰਨ ਦੀ ਤਜਵੀਜ਼ ਹੈ। ਇਸ ਤੋਂ ਇਲਾਵਾ ਸਿਹਤ ਸੇਵਾਵਾਂ ਦੇ ਦਾਇਰੇ ਨੂੰ ਵਧਾਉਣ ਅਤੇ ਬਿਹਤਰ ਬਣਾਉਣ ਲਈ 308 ਸਬਸਿਡਰੀ ਹੈਲਥ ਸੈਂਟਰਾਂ ਨੂੰ ਆਮ ਆਦਮੀ ਕਲੀਨਿਕਾਂ ਵਿੱਚ ਅੱਪਗ੍ਰੇਡ ਕੀਤਾ ਜਾਵੇਗਾ। ਪੰਜ ਸਾਲਾਂ ਵਿਚ ਸਰਦਾਰ ਭਗਵੰਤ ਮਾਨ ਜੀ ਦੀ ਸਰਕਾਰ ਦੁਆਰਾ ਕੁੱਲ 1,432 ਆਮ ਆਦਮੀ ਕਲੀਨਿਕ ਸਥਾਪਤ ਕੀਤੇ ਜਾਣਗੇ। ਇਹ ਕਦਮ ਸੂਬੇ ਭਰ ਵਿੱਚ ਪੰਜਾਬ ਦੇ ਕਮਿਊਨਟੀ-ਬੇਸਡ ਪ੍ਰਾਇਮਰੀ ਹੈਲਥ ਕੇਅਰ ਨੈੱਟਵਰਕ ਨੂੰ ਹੋਰ ਮਜ਼ਬੂਤ ਕਰਨਗੇ। ਮੈਂ ਵਿੱਤੀ ਸਾਲ 2026-27 ਵਿੱਚ ਇਸ ਮੰਤਵ ਲਈ 351 ਕਰੋੜ ਰੁਪਏ ਦੀ ਰਾਸ਼ੀ ਤਜਵੀਜ਼ ਕਰਦਾ ਹਾਂ।

32. ਮਾਣਯੋਗ ਸਪੀਕਰ ਸਾਹਿਬ, 23 ਜ਼ਿਲ੍ਹਾ ਹਸਪਤਾਲਾਂ ਅਤੇ 42 ਸਬ-ਡਵੀਜ਼ਨਲ ਹਸਪਤਾਲਾਂ ਵਿੱਚ ਜਨਤਕ ਸਿਹਤ ਢਾਂਚੇ ਨੂੰ ਮਜ਼ਬੂਤ ਕਰਨ ਲਈ ਮਹੱਤਵਪੂਰਨ ਯਤਨ ਕੀਤੇ ਗਏ ਹਨ। ਇਨ੍ਹਾਂ ਵਿੱਚ ਸਫਾਈ, ਸਵੱਛਤਾ, ਮਰੀਜ਼ਾਂ ਦੇ ਆਰਾਮ ਅਤੇ ਸੇਵਾਵਾਂ ਦੀ ਕੁਸ਼ਲਤਾ 'ਤੇ ਕੇਂਦਰਿਤ ਵੱਡੇ ਸੁਧਾਰ ਕੀਤੇ ਗਏ ਹਨ। ਇਸ ਦੇ

ਨਾਲ ਹੀ ਜੱਚਾ-ਬੱਚਾ ਦੀ ਸੰਭਾਲ ਨੂੰ ਬਿਹਤਰ ਬਣਾਉਣ ਲਈ ਸਰਕਾਰੀ ਹਸਪਤਾਲਾਂ ਵਿੱਚ ਵਿਸ਼ੇਸ਼ 'ਜੱਚਾ-ਬੱਚਾ ਸਿਹਤ ਵਿੰਗ' ਸਥਾਪਤ ਕੀਤੇ ਜਾ ਰਹੇ ਹਨ ਅਤੇ ਉਨ੍ਹਾਂ ਨੂੰ ਕਾਰਜਸ਼ੀਲ ਕੀਤਾ ਜਾ ਰਿਹਾ ਹੈ। ਇਹ ਕਦਮ ਪੂਰੇ ਰਾਜ ਵਿੱਚ ਸੁਰੱਖਿਅਤ ਸਿਹਤ ਸੇਵਾਵਾਂ ਤੱਕ ਪਹੁੰਚ ਨੂੰ ਹੋਰ ਵਧਾਉਣਗੇ।

33. ਮੌਜੂਦਾ ਵਿੱਤੀ ਸਾਲ ਦੌਰਾਨ, ਰਾਜ ਸਰਕਾਰ ਵੱਲੋਂ ਸਰਕਾਰੀ ਹਸਪਤਾਲਾਂ ਵਿੱਚ ਡਾਇਗਨੋਸਟਿਕ, ਐਮਰਜੈਂਸੀ ਅਤੇ ਕ੍ਰਿਟੀਕਲ ਕੇਅਰ ਸੇਵਾਵਾਂ ਨੂੰ ਬਿਹਤਰ ਬਣਾਉਣ ਲਈ 300 ਕਰੋੜ ਰੁਪਏ ਦੀ ਲਾਗਤ ਨਾਲ ਉੱਨਤ ਡਾਕਟਰੀ ਉਪਕਰਨਾਂ ਅਤੇ ਮਸ਼ੀਨਰੀ ਦੀ ਵੱਡੇ ਪੱਧਰ 'ਤੇ ਖਰੀਦ ਕੀਤੀ ਜਾ ਰਹੀ ਹੈ। ਇਹ ਅੱਪਗ੍ਰੇਡੇਸ਼ਨ ਮੁਕੰਮਲ ਹੋਣ ਦੇ ਨੇੜੇ ਹੈ ਅਤੇ ਇਸ ਨਾਲ ਸਿਹਤ ਸੰਭਾਲ ਦੀ ਸਮਰੱਥਾ ਵਿੱਚ ਵੱਡਾ ਵਾਧਾ ਹੋਵੇਗਾ, ਜਿਸ ਨਾਲ ਪੂਰੇ ਪੰਜਾਬ ਦੇ ਨਾਗਰਿਕਾਂ ਲਈ ਸਮੇਂ ਸਿਰ, ਕਿਫਾਇਤੀ ਅਤੇ ਮਿਆਰੀ ਇਲਾਜ ਨੂੰ ਯਕੀਨੀ ਬਣਾਇਆ ਜਾਵੇਗਾ।

34. ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350ਵੀਂ ਸ਼ਹੀਦੀ ਸ਼ਤਾਬਦੀ 'ਤੇ ਸਰਕਾਰ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਮਰਪਿਤ ਜੱਚਾ-ਬੱਚਾ ਸੰਭਾਲ ਹਸਪਤਾਲ ਦੇ ਨਾਲ ਆਧੁਨਿਕ ਟਰੋਮਾ ਸੈਂਟਰ ਸਥਾਪਤ ਕਰਨ ਦੀ ਤਜਵੀਜ਼ ਕੀਤੀ ਗਈ ਹੈ। ਇਹ ਅਤਿ-ਆਧੁਨਿਕ ਸਹੂਲਤ ਐਮਰਜੈਂਸੀ ਅਤੇ ਮਹੱਤਵਪੂਰਨ ਦੇਖਭਾਲ ਸੇਵਾਵਾਂ ਨੂੰ ਮਜ਼ਬੂਤ ਕਰੇਗੀ, ਜੱਚਾ-ਬੱਚਾ ਸਿਹਤ ਸੰਭਾਲ ਦੇ ਬੁਨਿਆਦੀ ਢਾਂਚੇ ਵਿੱਚ ਮਹੱਤਵਪੂਰਨ ਵਾਧਾ ਕਰੇਗੀ। ਇਸ ਨਾਲ ਸਥਾਨਕ ਨਿਵਾਸੀਆਂ ਦੇ ਨਾਲ-ਨਾਲ ਇੱਥੇ ਆਉਣ ਵਾਲੇ ਸ਼ਰਧਾਲੂਆਂ ਨੂੰ ਵੀ ਇਸ ਪਵਿੱਤਰ ਨਗਰੀ ਅੰਦਰ ਮਿਆਰੀ ਡਾਕਟਰੀ ਸੇਵਾਵਾਂ ਤੁਰੰਤ ਉਪਲਬਧ ਹੋਣਗੀਆਂ, ਜਿਸ ਨਾਲ ਦੂਰ-ਦੁਰਾਡੇ ਦੇ ਕੇਂਦਰਾਂ ਵਿੱਚ ਰੈਫਰ ਕਰਨ ਦੀ ਲੋੜ ਘੱਟ ਜਾਵੇਗੀ।

35. ਸਾਡੀ ਸਰਕਾਰ ਨੇ ਸਰਕਾਰੀ ਹਸਪਤਾਲਾਂ ਵਿੱਚ ਸਟਾਫ਼ ਦੀ ਕਮੀ ਨੂੰ ਪੂਰਾ ਕਰਨ ਲਈ ਪੰਜਾਬ ਦੀ ਜਨਤਕ ਸਿਹਤ ਪ੍ਰਣਾਲੀ ਵਿੱਚ ਹੁਣ ਤੱਕ ਦੀ ਸਭ ਤੋਂ ਵੱਡੀ ਭਰਤੀ ਮੁਹਿੰਮ ਚਲਾਈ ਹੈ। 2022 ਤੋਂ ਹੁਣ ਤੱਕ 934 ਡਾਕਟਰਾਂ ਦੀ ਭਰਤੀ ਕੀਤੀ ਗਈ, ਜਿਸ ਨਾਲ ਦੂਰ-ਦੁਰਾਡੇ ਦੇ ਇਲਾਕਿਆਂ ਸਮੇਤ ਸਾਰੇ ਜ਼ਿਲ੍ਹਿਆਂ ਵਿੱਚ ਡਾਕਟਰਾਂ ਦੀ ਉਪਲੱਬਧਤਾ ਵਿੱਚ ਕਾਫੀ ਸੁਧਾਰ ਹੋਇਆ ਹੈ। ਵਿਸ਼ੇਸ਼ ਦੇਖਭਾਲ ਨੂੰ ਹੋਰ ਬਿਹਤਰ ਬਣਾਉਣ ਲਈ ਲਗਭਗ 400 ਸਪੈਸ਼ਲਿਸਟ ਡਾਕਟਰ ਹੋਰ ਭਰਤੀ ਕੀਤੇ ਜਾ ਰਹੇ ਹਨ। ਇਸ ਦੇ ਨਾਲ ਹੀ ਤਕਰੀਬਨ 400 ਨਰਸਿੰਗ ਸਟਾਫ਼ ਦੀ ਭਰਤੀ ਕੀਤੀ ਗਈ ਹੈ ਅਤੇ 500 ਹੋਰ ਭਰਤੀਆਂ ਪ੍ਰਕਿਰਿਆ ਅਧੀਨ ਹਨ। ਇਹ ਕਦਮ ਜਨਤਕ ਸਿਹਤ ਸੰਸਥਾਵਾਂ ਵਿੱਚ ਮਰੀਜ਼ਾਂ ਦੀ ਦੇਖਭਾਲ ਅਤੇ ਮੁੱਢਲੀਆਂ ਸਿਹਤ ਸੇਵਾਵਾਂ ਨੂੰ ਬਿਹਤਰ ਬਣਾਉਣਗੇ। ਇਸ ਦੇ ਨਾਲ ਹੀ ਸਰਕਾਰ ਨੇ ਸੈਕੰਡਰੀ ਹਸਪਤਾਲਾਂ ਵਿੱਚ ਚੌਵੀ ਘੰਟੇ ਸਿਹਤ ਸੇਵਾਵਾਂ ਯਕੀਨੀ ਬਣਾਉਣ ਲਈ ਡਿਊਟੀ ਦੇ ਸਮੇਂ ਤੋਂ ਬਾਅਦ ਐਮਰਜੈਂਸੀ ਸੇਵਾਵਾਂ ਦੇਣ ਵਾਲੇ ਮਾਹਿਰ ਡਾਕਟਰਾਂ ਲਈ 'ਆਨ-ਕਾਲ ਇੰਸੈਂਟਿਵ' ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ।

36. ਮੈਂ ਵਿੱਤੀ ਸਾਲ 2026-27 ਵਿੱਚ ਸਿਹਤ ਖੇਤਰ ਲਈ 6,879 ਕਰੋੜ ਰੁਪਏ ਦੇ ਬਜਟ ਦੀ ਤਜਵੀਜ਼ ਰੱਖਦਾ ਹਾਂ। ਇਹ ਫੈਸਲਾ ਸਾਡੇ ਜਨਤਕ ਸਿਹਤ ਢਾਂਚੇ ਨੂੰ ਮਜ਼ਬੂਤ ਕਰਨ, ਸਾਰਿਆਂ ਲਈ ਸਿਹਤ ਸੇਵਾਵਾਂ ਦਾ ਦਾਇਰਾ ਵਧਾਉਣ ਅਤੇ ਪੰਜਾਬ ਦੇ ਹਰ ਨਾਗਰਿਕ ਲਈ ਪਹੁੰਚਯੋਗ, ਸਸਤੀਆਂ ਅਤੇ ਮਿਆਰੀ ਡਾਕਟਰੀ ਸੇਵਾਵਾਂ ਯਕੀਨੀ ਬਣਾਉਣ ਦੇ ਸਾਡੇ ਦ੍ਰਿੜ੍ਹ ਇਰਾਦੇ ਨੂੰ ਦਰਸਾਉਂਦਾ ਹੈ।

## ਮੈਡੀਕਲ ਸਿੱਖਿਆ ਅਤੇ ਖੋਜ

37. ਸਰਕਾਰ ਵੱਲੋਂ ਸਮੁੱਚੇ ਰਾਜ ਵਿੱਚ ਮੈਡੀਕਲ ਸਿੱਖਿਆ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨਾ ਜਾਰੀ ਹੈ। ਪਟਿਆਲਾ ਅਤੇ ਅੰਮ੍ਰਿਤਸਰ ਦੇ ਸਰਕਾਰੀ ਮੈਡੀਕਲ ਕਾਲਜਾਂ ਵਿੱਚ, ਟਰੋਮਾ ਸੈਂਟਰਾਂ, ਹੋਸਟਲਾਂ ਅਤੇ ਰਿਹਾਇਸ਼ੀ ਸਹੂਲਤਾਂ 'ਤੇ ਕੰਮ ਚੱਲ ਰਿਹਾ ਹੈ, ਜਿਸ ਲਈ ਵਿੱਤੀ ਸਾਲ 2026-27 ਵਿੱਚ ਢੁੱਕਵੀਂ ਬਜਟ ਸਹਾਇਤਾ ਪ੍ਰਦਾਨ ਕੀਤੀ ਗਈ ਹੈ। ਮੈਨੂੰ ਇਸ ਮਾਣਯੋਗ ਸਦਨ ਨੂੰ ਇਹ ਦੱਸਦਿਆਂ ਬਹੁਤ ਖੁਸ਼ੀ ਹੋ ਰਹੀ ਹੈ ਕਿ ਨਵੰਬਰ, 2025 ਵਿੱਚ 'ਪੰਜਾਬ ਇੰਸਟੀਚਿਊਟ ਆਫ਼ ਲਿਵਰ ਐਂਡ ਬਿਲੀਅਰੀ ਸਾਇੰਸਿਜ਼', ਮੋਹਾਲੀ ਵਿਖੇ ਪਹਿਲਾ ਸਫਲਤਾਪੂਰਵਕ ਲਿਵਰ ਟ੍ਰਾਂਸਪਲਾਂਟ ਕੀਤਾ ਗਿਆ। ਸਭ ਤੋਂ ਅਹਿਮ ਗੱਲ ਇਹ ਹੈ ਕਿ ਇਸ ਲਿਵਰ ਟ੍ਰਾਂਸਪਲਾਂਟ ਦਾ ਖਰਚਾ ਸਿਰਫ 10 ਲੱਖ ਰੁਪਏ ਆਇਆ ਹੈ। ਪੰਜਾਬ ਪਹਿਲਾ ਸੂਬਾ ਬਣ ਗਿਆ ਹੈ, ਜਿੱਥੇ ਮੋਹਾਲੀ ਵਿੱਚ ਲਿਵਰ ਟ੍ਰਾਂਸਪਲਾਂਟ ਸੁਵਿਧਾ ਸ਼ੁਰੂ ਹੋ ਚੁੱਕੀ ਹੈ। ਇਹ ਜੋ ਪੀ.ਜੀ.ਆਈ. ਵਿੱਚ ਹੁੰਦਾ ਸੀ, ਉਹ ਹੁਣ ਸਾਡੇ ਐਮ.ਐਲ.ਏ. ਸਾਹਿਬ ਨੇ ਪੂਰੀ ਮਿਹਨਤ ਕਰਕੇ ਇੱਥੇ ਹਸਪਤਾਲ ਸ਼ੁਰੂ ਕਰਵਾਇਆ। ਮੈਂ ਹੈਲਥ ਮਨਿਸਟਰ ਸਾਹਿਬ ਦਾ ਇਸ ਦੇ ਲਈ ਧੰਨਵਾਦ ਕਰਨਾ ਚਾਹੁੰਦਾ ਹਾਂ। ਸੂਬੇ ਵਿੱਚ ਟਰਸ਼ਰੀ ਕੇਅਰ ਸੇਵਾਵਾਂ ਨੂੰ ਹੋਰ ਮਜ਼ਬੂਤ ਕਰਨ ਲਈ ਇਸ ਸੰਸਥਾ ਦਾ ਵਿਸਥਾਰ ਕੀਤਾ ਜਾ ਰਿਹਾ ਹੈ, ਜਿਸ ਵਿੱਚ ਡਾਇਗਨੋਸਟਿਕ ਬਲਾਕ ਦਾ ਕੰਮ ਮੁਕੰਮਲ ਹੋ ਗਿਆ ਹੈ ਅਤੇ 175 ਬਿਸਤਰਿਆਂ ਵਾਲਾ ਹਸਪਤਾਲ ਤਿਆਰ ਕੀਤਾ ਜਾ ਰਿਹਾ ਹੈ।

38. ਮਾਣਯੋਗ ਸਪੀਕਰ ਸਾਹਿਬ, ਪੰਜਾਬ ਤੇਜ਼ੀ ਨਾਲ ਉੱਤਰੀ ਭਾਰਤ ਵਿੱਚ ਮੈਡੀਕਲ ਸਿੱਖਿਆ ਦੇ ਇੱਕ ਪ੍ਰਮੁੱਖ ਕੇਂਦਰ ਵਜੋਂ ਉੱਭਰ ਰਿਹਾ ਹੈ ਕਿਉਂਜੋ ਅਸੀਂ ਸਿਹਤ ਸੰਭਾਲ ਕ੍ਰਾਂਤੀ ਪ੍ਰਤੀ ਆਪਣੀ ਵਚਨਬੱਧਤਾ ਨੂੰ ਪੂਰਾ ਕਰ ਰਹੇ ਹਾਂ। ਸਾਡੀ ਸਰਕਾਰ ਨੇ ਹੁਸ਼ਿਆਰਪੁਰ, ਕਪੂਰਥਲਾ, ਸੰਗਰੂਰ, ਐਸ.ਬੀ.ਐਸ. ਨਗਰ, ਲਹਿਰਾਗਾਗਾ, ਮਲੇਰਕੋਟਲਾ ਅਤੇ ਲੁਧਿਆਣਾ ਵਿੱਚ ਸੱਤ ਨਵੇਂ ਮੈਡੀਕਲ ਕਾਲਜ ਸਥਾਪਤ ਕਰਨ ਲਈ ਨਿਰਣਾਇਕ ਕਦਮ ਚੁੱਕੇ ਹਨ, ਜਿਸ ਨਾਲ ਸਾਡੇ ਰਾਜ ਦੀ ਸਮਰੱਥਾ ਵਿੱਚ ਐਮ.ਬੀ.ਬੀ.ਐਸ. ਦੀਆਂ 600 ਨਵੀਆਂ ਸੀਟਾਂ ਦਾ ਵਾਧਾ ਹੋਵੇਗਾ। ਇਹ ਸੋਚ ਵਿੱਤੀ ਜ਼ਿੰਮੇਵਾਰੀ ਅਤੇ ਬੁਨਿਆਦੀ ਢਾਂਚੇ ਦੀ ਸਰਵਉੱਚਤਾ ਦਰਸਾਉਂਦੀ ਹੈ। ਉਦਾਹਰਣ ਵਜੋਂ ਅਸੀਂ ਹੁਸ਼ਿਆਰਪੁਰ ਮੈਡੀਕਲ ਕਾਲਜ ਦੀ ਪ੍ਰੋਜੈਕਟ ਲਾਗਤ ਨੂੰ 550 ਕਰੋੜ ਰੁਪਏ ਤੋਂ ਘਟਾ ਕੇ 275 ਕਰੋੜ ਰੁਪਏ ਕਰ ਦਿੱਤਾ ਹੈ ਜਿਸ ਨਾਲ ਵਿਸ਼ਵ ਪੱਧਰੀ ਮਿਆਰਾਂ ਨੂੰ ਬਰਕਰਾਰ ਰੱਖਦੇ ਹੋਏ ਜਨਤਕ ਪੈਸੇ ਦੇ ਲਗਭਗ 250 ਕਰੋੜ ਰੁਪਏ ਦੀ ਬੱਚਤ ਹੋਈ ਹੈ। ਇਹ ਰਣਨੀਤਕ ਵਿਸਤਾਰ ਇਹ ਯਕੀਨੀ ਬਣਾਉਂਦਾ ਹੈ ਕਿ ਸਾਡੇ ਹੋਣਹਾਰ ਵਿਦਿਆਰਥੀਆਂ ਨੂੰ ਹੁਣ ਆਪਣੀ ਪੜ੍ਹਾਈ ਲਈ ਯੂਕਰੇਨ ਜਾਂ ਚੀਨ ਵਰਗੇ ਦੇਸ਼ਾਂ ਵੱਲ ਦੇਖਣ ਦੀ ਲੋੜ ਨਹੀਂ ਪਵੇਗੀ; ਇਸ ਦੀ ਬਜਾਏ ਉਨ੍ਹਾਂ ਨੂੰ ਇੱਥੇ ਪੰਜਾਬ ਵਿੱਚ ਹੀ ਵਿਸ਼ਵ ਪੱਧਰੀ ਸਿਖਲਾਈ ਅਤੇ ਇੱਕ ਸੁਨਹਿਰੀ ਭਵਿੱਖ ਮਿਲੇਗਾ।

39. ਮੈਨੂੰ ਇਸ ਅਜ਼ੀਮ ਸਦਨ ਨੂੰ ਇਹ ਦੱਸਦਿਆਂ ਖੁਸ਼ੀ ਹੋ ਰਹੀ ਹੈ ਕਿ ਰਾਜ ਵਿੱਚ ਮੈਡੀਕਲ ਸਿੱਖਿਆ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਸਰਕਾਰ ਨੇ ਇੱਕ ਨਵਾਂ ਮੈਡੀਕਲ ਕਾਲਜ ਸਥਾਪਿਤ ਕਰਨ ਲਈ ਮਲੇਰਕੋਟਲਾ ਵਿਖੇ 49 ਕਰੋੜ ਰੁਪਏ ਦੀ ਲਾਗਤ ਨਾਲ 38.50 ਏਕੜ ਜ਼ਮੀਨ ਖਰੀਦੀ ਹੈ।

40. ਇਸ ਦੇ ਨਾਲ ਹੀ ਮੈਡੀਕਲ ਸਿੱਖਿਆ ਵਿੱਚ ਸਮਰੱਥਾ ਦਾ ਵਿਸਥਾਰ ਨਵੇਂ ਸਰਕਾਰੀ ਮੈਡੀਕਲ ਕਾਲਜਾਂ ਦੀ ਸਥਾਪਨਾ ਅਤੇ ਚੁਣੇ ਗਏ ਜ਼ਿਲ੍ਹਿਆਂ ਵਿੱਚ ਪੜਾਅਵਾਰ ਬੁਨਿਆਦੀ ਢਾਂਚੇ ਦੇ ਵਿਕਾਸ ਰਾਹੀਂ ਇਸ ਨੂੰ ਅੱਗੇ ਵਧਾਇਆ ਜਾ ਰਿਹਾ ਹੈ। ਇਹ ਪਹਿਲਕਦਮੀਆਂ ਐਮ.ਬੀ.ਬੀ.ਐਸ. ਸੀਟਾਂ ਵਿੱਚ ਮਹੱਤਵਪੂਰਨ ਵਾਧਾ ਕਰਨਗੀਆਂ, ਆਧੁਨਿਕ

ਸਿੱਖਿਆ ਹਸਪਤਾਲਾਂ ਦਾ ਨਿਰਮਾਣ ਕਰਨਗੀਆਂ ਅਤੇ ਇਹ ਯਕੀਨੀ ਬਣਾਉਣਗੀਆਂ ਕਿ ਉੱਨਤ ਮੈਡੀਕਲ ਸਿੱਖਿਆ ਅਤੇ ਵਿਸ਼ੇਸ਼ ਸਿਹਤ ਸੰਭਾਲ ਸਹੂਲਤਾਂ ਰਾਜ ਦੇ ਸਾਰੇ ਇਲਾਕਿਆਂ ਵਿਚ ਪਹੁੰਚਯੋਗ ਹੋਣ। ਵਿੱਤੀ ਸਾਲ 2026-27 ਲਈ ਮੈਡੀਕਲ ਸਿੱਖਿਆ ਅਤੇ ਖੋਜ ਖੇਤਰ ਲਈ 1,220 ਕਰੋੜ ਰੁਪਏ ਦਾ ਬਜਟ ਉਪਬੰਧ ਕੀਤਾ ਗਿਆ ਹੈ। (ਥੰਪਿੰਗ)

---

## WELCOME ANNOUCEMENT BY THE HON'BLE SPEAKER

**ਮਾਣਯੋਗ ਸਪੀਕਰ:** ਮੈਨੂੰ ਅੱਜ ਇਸ ਪਵਿੱਤਰ ਸਦਨ ਨੂੰ ਇਹ ਦੱਸਣ ਵਿੱਚ ਮਾਣ ਮਹਿਸੂਸ ਹੋ ਰਿਹਾ ਹੈ ਕਿ ਇਸ ਸਦਨ ਦੇ ਨੇਤਾ ਅਤੇ ਮਾਣਯੋਗ ਮੁੱਖ ਮੰਤਰੀ, ਪੰਜਾਬ ਦੇ ਸਤਿਕਾਰਯੋਗ ਮਾਤਾ ਸ੍ਰੀਮਤੀ ਹਰਪਾਲ ਕੌਰ ਜੀ ਇਸ ਸਦਨ ਦੀ ਕਾਰਵਾਈ ਦੇਖਣ ਲਈ ਗਵਰਨਰ ਬਾਕਸ ਵਿੱਚ ਮੌਜੂਦ ਹਨ। ਆਓ, ਉਨ੍ਹਾਂ ਦਾ ਨਿੱਘਾ ਸਵਾਗਤ ਕਰੀਏ। (ਥੰਪਿੰਗ)

---

## PRESENTATION OF BUDGET ESTIMATES FOR THE YEAR 2026-27

***(Resumption)***

**ਵਿੱਤ ਮੰਤਰੀ:**

### ਖੇਤੀਬਾੜੀ ਅਤੇ ਕਿਸਾਨ ਭਲਾਈ

41. ਸਪੀਕਰ ਸਾਹਿਬ, ਭਾਵੇਂ ਪੰਜਾਬ ਕੋਲ ਦੇਸ਼ ਦੇ ਕੁੱਲ ਖੇਤੀਬਾੜੀ ਖੇਤਰ ਦਾ ਲਗਭਗ 3 ਪ੍ਰਤੀਸ਼ਤ ਹੈ ਪਰ ਇਹ ਲਗਭਗ 40 ਪ੍ਰਤੀਸ਼ਤ ਕਣਕ ਅਤੇ 31 ਪ੍ਰਤੀਸ਼ਤ ਚੌਲਾਂ ਦਾ ਯੋਗਦਾਨ ਪਾ ਰਿਹਾ ਹੈ। ਦੇਸ਼ ਦੇ ਸਭ ਤੋਂ ਮਜ਼ਬੂਤ ਖੇਤੀਬਾੜੀ ਮੰਡੀਕਰਨ ਨੈਟਵਰਕਾਂ ਵਿੱਚੋਂ ਇੱਕ ਦੇ ਸਮਰਥਨ ਨਾਲ ਪੰਜਾਬ ਆਪਣੀ ਖੇਤੀਬਾੜੀ ਆਰਥਿਕਤਾ ਨੂੰ ਕਾਇਮ ਰੱਖ ਕੇ ਰਾਸ਼ਟਰੀ ਭੋਜਨ ਸਥਿਰਤਾ ਨੂੰ ਯਕੀਨੀ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਿਹਾ ਹੈ।

42. ਕਿਸਾਨੀ ਦੇ ਮਹੱਤਵਪੂਰਨ ਯੋਗਦਾਨ ਨੂੰ ਬਚਾਉਣ ਤੇ ਮੁੜ ਉਭਾਰ ਅਤੇ ਪ੍ਰਫੁੱਲਤਾ ਲਈ ਹੱਲਾਸ਼ੇਰੀ ਦੇ ਰੂਪ ਵਿੱਚ ਵਿੱਤੀ ਸਾਲ 2026-27 ਵਿੱਚ ਖੇਤੀਬਾੜੀ ਅਤੇ ਸਬੰਧਿਤ ਖੇਤਰਾਂ ਲਈ 15,377 ਕਰੋੜ ਰੁਪਏ ਦੀ ਰਕਮ ਰਾਖਵੀਂ ਕੀਤੀ ਗਈ ਹੈ। ਇਹ ਰਕਮ ਫਸਲ ਵਿਭਿੰਨਤਾ, ਸਥਿਰਤਾ, ਮੰਡੀ ਸੁਧਾਰਾਂ ਅਤੇ ਕਿਸਾਨ ਭਲਾਈ ਸਬੰਧੀ ਟੀਚਾਬੱਧ ਕਦਮਾਂ ਨੂੰ ਸਹਿਯੋਗ ਦੇਵੇਗੀ। (ਥੰਪਿੰਗ)

43. ਸਾਲ 2025-26 ਦੌਰਾਨ ਨਰਮਾ ਉਤਪਾਦਕਾਂ ਦੀ ਸਹਾਇਤਾ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੁਆਰਾ ਪ੍ਰਮਾਣਿਤ ਬੀ.ਟੀ. ਕਾਟਨ ਦੇ ਹਾਈਬ੍ਰਿਡ ਬੀਜਾਂ 'ਤੇ 33 ਫੀਸਦੀ ਸਬਸਿਡੀ ਪ੍ਰਦਾਨ ਕੀਤੀ ਗਈ। ਇਸ ਯੋਜਨਾ ਅਧੀਨ 11 ਕਰੋੜ ਰੁਪਏ ਦੀ ਰਕਮ ਡਾਇਰੈਕਟ ਟ੍ਰਾਂਸਫ਼ਰ ਰਾਹੀਂ 52,000 ਤੋਂ ਵੱਧ ਕਿਸਾਨਾਂ ਨੂੰ ਲਾਭ ਪ੍ਰਦਾਨ ਕੀਤਾ ਗਿਆ ਜਿਸ ਦੇ ਨਤੀਜੇ ਵਜੋਂ ਮੌਜੂਦਾ ਸੀਜ਼ਨ ਵਿੱਚ ਨਰਮੇ ਦੇ ਰਕਬੇ ਵਿਚ 19 ਫੀਸਦੀ ਵਾਧਾ ਹੋਇਆ ਹੈ। (ਥੰਪਿੰਗ)

44. ਪਾਣੀ ਦੀ ਬੱਚਤ ਕਰਨ ਵਾਲੀਆਂ ਖੇਤੀ ਤਕਨੀਕਾਂ ਨੂੰ ਉਤਸ਼ਾਹਿਤ ਕਰਨ ਲਈ ਸਿੱਧੀ ਬਿਜਾਈ ਵਾਲੇ ਝੋਨੇ ਨੂੰ ਅਪਣਾਉਣ ਵਾਲੇ ਕਿਸਾਨਾਂ ਨੂੰ 1,500 ਰੁਪਏ ਪ੍ਰਤੀ ਏਕੜ ਦੀ ਵਿੱਤੀ ਸਹਾਇਤਾ ਦਿੱਤੀ ਜਾ ਰਹੀ ਹੈ। ਵਿੱਤੀ ਸਾਲ 2025-26 ਦੌਰਾਨ 35 ਕਰੋੜ ਰੁਪਏ ਦੀ ਮਦਦ ਪ੍ਰਦਾਨ ਕੀਤੀ ਗਈ। ਲੇਬਰ ਦੀ ਘਾਟ ਨੂੰ ਪੂਰਾ ਕਰਨ ਅਤੇ ਜ਼ਮੀਨ ਹੇਠਲੇ ਪਾਣੀ ਦੀ ਬੱਚਤ ਕਰਨ ਵਿੱਚ ਇਸ ਦੇ ਫਾਇਦਿਆਂ ਨੂੰ ਪਛਾਣਦੇ ਹੋਏ ਝੋਨੇ ਦੀ ਰਵਾਇਤੀ ਬਿਜਾਈ ਦੇ ਇਸ ਟਿਕਾਊ ਬਦਲ ਨੂੰ ਹੋਰ ਉਤਸ਼ਾਹਿਤ ਕਰਨ ਲਈ ਵਿੱਤੀ ਸਾਲ 2026-27 ਵਿੱਚ 40 ਕਰੋੜ ਰੁਪਏ ਦਾ ਉਪਬੰਧ ਤਜਵੀਜ਼ ਕੀਤਾ ਹੈ।

45. ਟਿਕਾਊ ਫ਼ਸਲੀ ਚੱਕਰਾਂ ਨੂੰ ਉਤਸ਼ਾਹਿਤ ਕਰਨ ਦੇ ਆਪਣੇ ਨਿਰੰਤਰ ਯਤਨਾਂ ਦੇ ਹਿੱਸੇ ਵਜੋਂ ਛੇ ਜ਼ਿਲ੍ਹਿਆਂ ਪਠਾਨਕੋਟ, ਗੁਰਦਾਸਪੁਰ, ਬਠਿੰਡਾ, ਸੰਗਰੂਰ, ਜਲੰਧਰ ਅਤੇ ਕਪੂਰਥਲਾ ਵਿੱਚ ਝੋਨੇ ਤੋਂ ਸਾਉਣੀ ਮੱਕੀ ਵੱਲ ਤਬਦੀਲੀ ਲਈ ਪਾਇਲਟ ਪ੍ਰੋਜੈਕਟ ਲਾਗੂ ਕੀਤਾ ਗਿਆ ਹੈ। ਵਿੱਤੀ ਸਾਲ 2026-27 ਵਿੱਚ ਇਸ ਉਦੇਸ਼ ਲਈ 17,500 ਰੁਪਏ ਪ੍ਰਤੀ ਹੈਕਟੇਅਰ ਦੇ ਇਨਸੈਂਟਿਵ ਨਾਲ 15 ਕਰੋੜ ਰੁਪਏ ਅਲਾਟ ਕੀਤੇ ਗਏ ਹਨ।

46. ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਸਾੜਨ ਦੀ ਚੁਣੌਤੀ ਨਾਲ ਨਜਿੱਠਣ ਲਈ ਸਰਕਾਰ ਪੰਚਾਇਤਾਂ ਨੂੰ 80 ਪ੍ਰਤੀਸ਼ਤ ਅਤੇ ਵਿਅਕਤੀਗਤ ਕਿਸਾਨਾਂ ਨੂੰ 50 ਪ੍ਰਤੀਸ਼ਤ ਸਬਸਿਡੀ ਪਰਾਲੀ ਪ੍ਰਬੰਧਨ ਮਸ਼ੀਨਰੀ ਦੀ ਖਰੀਦ ਲਈ ਦੇਣਾ ਜਾਰੀ ਰੱਖੇਗੀ। ਵਿੱਤੀ ਸਾਲ 2025-26 ਦੌਰਾਨ ਅਜਿਹੇ ਉਪਕਰਨਾਂ 'ਤੇ ਸਬਸਿਡੀ ਲਈ 402 ਕਰੋੜ ਰੁਪਏ ਦੀ ਵਰਤੋਂ ਕੀਤੀ ਗਈ ਹੈ ਅਤੇ ਵਿੱਤੀ ਸਾਲ 2026-27 ਵਿੱਚ 600 ਕਰੋੜ ਰੁਪਏ ਦੇ ਬਜਟ ਉਪਬੰਧ ਦੀ ਤਜਵੀਜ਼ ਰੱਖੀ ਗਈ ਹੈ। (ਥੰਪਿੰਗ)

## ਕਿਸਾਨਾਂ ਨੂੰ ਮੁਫ਼ਤ ਬਿਜਲੀ

47. ਖੇਤੀ ਭਾਈਚਾਰੇ ਪ੍ਰਤੀ ਆਪਣੀ ਮਜ਼ਬੂਤ ਵਚਨਬੱਧਤਾ ਨੂੰ ਜਾਰੀ ਰੱਖਦੇ ਹੋਏ ਮੁਫਤ ਅਤੇ ਸਬਸਿਡੀ ਵਾਲੀ ਬਿਜਲੀ ਦੀ ਉਪਲਬਧਤਾ ਲਈ, ਖੇਤੀਬਾੜੀ ਲਈ ਬਿਜਲੀ ਸਬਸਿਡੀ ਹਿੱਤ 7,715 ਕਰੋੜ ਰੁਪਏ ਅਲਾਟ ਕੀਤੇ ਗਏ ਹਨ। (ਥੰਪਿੰਗ)

## ਬਾਗਬਾਨੀ

48. ਬਾਗ਼ਬਾਨੀ ਦੇ ਖੇਤਰ ਵਿੱਚ ਵੱਡੀ ਤਬਦੀਲੀ ਲਿਆਉਣ ਲਈ ਸੂਬਾ ਸਰਕਾਰ JICA ਦੀ ਸਹਾਇਤਾ ਨਾਲ ਅਗਲੇ 10 ਸਾਲਾਂ ਵਿੱਚ 1,300 ਕਰੋੜ ਰੁਪਏ ਦੀ ਲਾਗਤ ਵਾਲਾ ਵਿਸ਼ੇਸ਼ ਪ੍ਰੋਗਰਾਮ ਲਾਗੂ ਕਰੇਗੀ। ਇਸ ਦਾ ਮੁੱਖ ਮਕਸਦ ਪੂਰੇ ਪੰਜਾਬ ਵਿੱਚ ਜਲਵਾਯੂ-ਅਨੁਕੂਲ ਅਤੇ ਵੱਧ ਮੁਨਾਫ਼ੇ ਵਾਲੀ ਬਾਗ਼ਬਾਨੀ ਨੂੰ ਉਤਸ਼ਾਹਿਤ ਕਰਨਾ ਹੈ। ਮੈਨੂੰ ਪੰਜਾਬ ਵਿੱਚ ਇਸ ਪਰਿਵਰਤਨਕਾਰੀ ਪਹਿਲਕਦਮੀ ਦੀ ਸ਼ੁਰੂਆਤ ਦਾ ਐਲਾਨ ਕਰਦਿਆਂ ਬੇਹੱਦ ਮਾਣ ਮਹਿਸੂਸ ਹੋ ਰਿਹਾ ਹੈ ਜੋ ਸਾਲ 2035 ਤੱਕ ਫਲਾਂ, ਸਬਜ਼ੀਆਂ, ਫੁੱਲਾਂ ਅਤੇ ਔਸ਼ਧੀ ਫਸਲਾਂ ਹੇਠ ਰਕਬੇ ਨੂੰ 4.59 ਲੱਖ ਹੈਕਟੇਅਰ ਤੋਂ ਵਧਾ ਕੇ 17.34 ਲੱਖ ਹੈਕਟੇਅਰ ਕਰਨ ਦਾ ਟੀਚਾ ਰੱਖੇਗੀ। ਇਹ ਲਗਭਗ 300% ਦਾ ਵਾਧਾ ਹੋਵੇਗਾ। ਇਸ ਦੇ ਨਾਲ ਹੀ ਪਾਣੀ ਦੀ ਬੱਚਤ ਲਈ ਕੁਸ਼ਲ ਸਿੰਚਾਈ, ਕੀਟਾਂ ਦੇ ਕੁਦਰਤੀ ਪ੍ਰਬੰਧਨ ਅਤੇ ਜੈਵਿਕ ਖੇਤੀ ਵਰਗੇ ਟਿਕਾਊ ਅਭਿਆਸਾਂ ਨੂੰ ਪੂਰੀ ਮਜ਼ਬੂਤੀ ਨਾਲ ਲਾਗੂ ਕੀਤਾ ਜਾਵੇਗਾ। ਇਹ ਪ੍ਰੋਜੈਕਟ ਬਾਗ਼ਬਾਨੀ ਦੇ ਖੇਤਰ ਵਿੱਚ ਬਹੁਤ ਲੋੜੀਂਦੀ ਪੂੰਜੀ ਲਿਆਏਗਾ। ਇਸ ਰਾਹੀਂ ਅਸੀਂ ਨਵੀਨਤਮ ਬੀਜਾਂ, ਨਰਸਰੀਆਂ ਅਤੇ ਖੋਜ, ਅਤਿ-

ਆਧੁਨਿਕ ਮੰਡੀ ਬੁਨਿਆਦੀ ਢਾਂਚੇ, ਕੋਲਡ ਸਟੋਰੇਜ ਅਤੇ ਪ੍ਰੋਸੈਸਿੰਗ ਯੂਨਿਟਾਂ ਅਤੇ ਕਿਸਾਨ ਸਿਖਲਾਈ ਅਤੇ ਵਿਸਥਾਰ ਵਿੱਚ ਨਿਵੇਸ਼ ਕਰਾਂਗੇ।

49. ਮੈਨੂੰ ਇਹ ਵੀ ਦੱਸਦਿਆਂ ਬੜੀ ਖੁਸ਼ੀ ਹੋ ਰਹੀ ਹੈ ਕਿ ਮੇਰੇ ਆਪਣੇ ਹਲਕੇ ਵਿੱਚ, ਜਿਹੜੇ ਪ੍ਰੋਗਰੈਸਿਵ ਫਾਰਮ ਹਨ ਜਾਂ ਤੁਹਾਡੇ ਹਲਕੇ ਵਿੱਚ ਜਾਂ ਹੋਰਨਾਂ ਸਾਰੇ ਮੈਂਬਰਜ਼ ਦੇ ਹਲਕਿਆਂ ਵਿੱਚ ਪੰਜਾਬ ਦੇ ਕਿਸਾਨਾਂ ਵੱਲੋਂ ਡਰੈਗਨ ਫਰੂਟ ਦੀ ਖੇਤੀ ਬਹੁਤ ਤੇਜ਼ੀ ਨਾਲ ਅਪਣਾਈ ਜਾ ਰਹੀ ਹੈ। ਮੇਰੇ ਆਪਣੇ ਹਲਕੇ ਵਿੱਚ ਵੀ ਅਗਾਂਹਵਧੂ ਕਿਸਾਨਾਂ ਵੱਲੋਂ ਡਰੈਗਨ ਫਰੂਟ ਦੀ ਖੇਤੀ ਬਹੁਤ ਤੇਜ਼ੀ ਨਾਲ ਅਪਣਾਈ ਜਾ ਰਹੀ ਹੈ ਅਤੇ ਹੋਰ ਕਿਸਾਨ ਵੀ ਇਸ ਵੱਧ ਮੁਨਾਫ਼ੇ ਵਾਲੀ ਫ਼ਸਲ ਵੱਲ ਵੱਧ ਰਹੇ ਹਨ। ਸਿਖਲਾਈ ਅਤੇ ਬਿਹਤਰ ਖੇਤੀ ਸੇਵਾਵਾਂ ਰਾਹੀਂ ਪੰਜਾਬ ਭਰ ਦੇ ਕਿਸਾਨਾਂ ਨੂੰ ਨਵੀਆਂ ਤਕਨੀਕਾਂ ਅਪਣਾਉਣ ਅਤੇ ਪੈਦਾਵਾਰ ਵਧਾਉਣ ਲਈ ਪੂਰੀ ਮਦਦ ਦਿੱਤੀ ਜਾਵੇਗੀ। ਬਾਗ਼ਬਾਨੀ ਵੱਲ ਇਹ ਕਦਮ ਨਾ ਸਿਰਫ਼ ਕਿਸਾਨਾਂ ਦੀ ਆਮਦਨ ਵਧਾਏਗਾ ਸਗੋਂ ਕੁਦਰਤੀ ਸਰੋਤਾਂ ਦੀ ਬੱਚਤ ਅਤੇ ਵਾਤਾਵਰਣ ਨੂੰ ਸੰਭਾਲਣ ਵਿੱਚ ਵੀ ਵੱਡਾ ਯੋਗਦਾਨ ਪਾਵੇਗਾ। ਮਾਣਯੋਗ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਡਰੈਗਨ ਫਰੂਟ ਦੀ ਖੇਤੀ ਤੋਂ ਘੱਟੋ-ਘੱਟ 3 ਲੱਖ ਰੁਪਏ ਤੋਂ ਲੈ ਕੇ 5 ਲੱਖ ਰੁਪਏ ਪ੍ਰਤੀ ਏਕੜ ਸਾਨੂੰ ਕਮਾਈ ਹੁੰਦੀ ਹੈ ਕਿਉਂਕਿ ਮੇਰੇ ਇਲਾਕੇ ਦੇ ਲਗਭਗ 25-30 ਕਿਸਾਨਾਂ ਨੇ ਇਹ ਖੇਤੀ ਪਿਛਲੇ 5 ਸਾਲਾਂ ਵਿੱਚ ਅਪਣਾਈ ਹੈ, ਬਰਨਾਲਾ ਵਿੱਚ ਵੀ ਅਪਣਾਈ ਹੈ ਅਤੇ ਕਾਫੀ ਸਾਰੇ ਐਮ.ਐਲ.ਏ. ਸਾਹਿਬਾਨ ਬੈਠੇ ਹਨ, ਇਨ੍ਹਾਂ ਦੇ ਇਲਾਕੇ ਵਿੱਚ ਵੀ ਇਸ ਖੇਤੀ ਨੂੰ ਅਪਣਾਇਆ ਗਿਆ ਹੈ।

### ਪਸ਼ੂ ਪਾਲਣ

50. ਸਹਾਇਕ ਖੇਤਰ ਰਾਜ ਭਰ ਵਿੱਚ ਪੇਂਡੂ ਅਜੀਵਿਕਾ ਅਤੇ ਸਵੈ-ਰੁਜ਼ਗਾਰ ਦੇ ਮੌਕਿਆਂ ਨੂੰ ਮਜ਼ਬੂਤ ਕਰ ਰਹੇ ਹਨ। ਡੇਅਰੀ ਵਿਕਾਸ ਦੇ ਖੇਤਰ ਵਿੱਚ 2,000 ਤੋਂ ਵੱਧ ਨਵੀਆਂ ਡੇਅਰੀ ਇਕਾਈਆਂ ਸਥਾਪਿਤ ਕੀਤੀਆਂ ਗਈਆਂ ਹਨ ਅਤੇ ਡੇਅਰੀ ਉੱਦਮਤਾ ਪ੍ਰੋਗਰਾਮਾਂ ਤਹਿਤ 6,500 ਤੋਂ ਵੱਧ ਨੌਜਵਾਨਾਂ ਨੂੰ ਸਿਖਲਾਈ ਦਿੱਤੀ ਗਈ ਹੈ, ਜਿਸ ਦੇ ਵਾਧੂ ਟੀਚੇ ਵਿੱਤੀ ਸਾਲ ਦੇ ਅੰਤ ਤੱਕ ਪੂਰੇ ਕੀਤੇ ਜਾਣਗੇ। ਜ਼ਿਲ੍ਹਿਆਂ ਵਿੱਚ ਦੁੱਧ ਉਤਪਾਦਕ ਅਤੇ ਖਪਤਕਾਰ ਜਾਗਰੂਕਤਾ ਕੈਂਪ ਲਗਾਏ ਗਏ ਹਨ। ਇਸ ਖੇਤਰ ਦੇ ਆਧੁਨਿਕੀਕਰਨ ਲਈ ਡੇਅਰੀ ਇਕਾਈਆਂ ਦੀ ਸਥਾਪਨਾ, ਮਸ਼ੀਨੀਕਰਨ ਅਤੇ ਮਾਡਲ ਕੈਟਲ ਸ਼ੈੱਡ ਬਣਾਉਣ ਲਈ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਗਈ ਹੈ।

51. ਡੇਅਰੀ ਖੇਤਰ ਵਿੱਚ ਲਾਹੇਵੰਦ ਭਾਅ ਅਤੇ ਸਥਿਰਤਾ ਯਕੀਨੀ ਬਣਾਉਣ ਲਈ ਵਿੱਤੀ ਸਾਲ 2026-27 ਵਿੱਚ 100 ਕਰੋੜ ਰੁਪਏ ਦੀ ਵਿਵਸਥਾ ਕੀਤੀ ਗਈ ਹੈ ਤਾਂ ਜੋ ਡੇਅਰੀ ਉਤਪਾਦਕਾਂ ਨੂੰ ਦੁੱਧ ਦੀ ਵਾਜਬ ਕੀਮਤ ਮਿਲ ਸਕੇ। ਸਰਕਾਰ ਦੇ ਇਸ ਕਦਮ ਦਾ ਮਕਸਦ ਡੇਅਰੀ ਉਤਪਾਦਕਾਂ ਨੂੰ ਮਾਰਕੀਟ ਦੇ ਉਤਾਰ-ਚੜ੍ਹਾਅ ਤੋਂ ਸੁਰੱਖਿਅਤ ਕਰਨਾ, ਸਹਿਕਾਰੀ ਖਰੀਦ ਪ੍ਰਣਾਲੀ ਨੂੰ ਮਜ਼ਬੂਤ ਕਰਨਾ ਅਤੇ ਸੂਬੇ ਦੇ ਛੋਟੇ ਅਤੇ ਹਾਸ਼ੀਆਗਤ ਡੇਅਰੀ ਉਤਪਾਦਕਾਂ ਲਈ ਨਿਯਮਤ ਆਮਦਨ ਨੂੰ ਬਰਕਰਾਰ ਰੱਖਣਾ ਹੈ।

52. ਮੱਛੀ ਪਾਲਣ ਦੇ ਖੇਤਰ ਵਿੱਚ ਨਿਰੰਤਰ ਯਤਨਾਂ ਸਦਕਾ ਐਕੁਆਕਲਚਰ ਦਾ ਵਿਸਤਾਰ ਹੋਇਆ ਅਤੇ ਕਿਸਾਨਾਂ ਦੀ ਸਮਰੱਥਾ ਦਾ ਨਿਰਮਾਣ ਹੋਇਆ ਹੈ। ਸਰਕਾਰੀ ਫਾਰਮਾਂ ਰਾਹੀਂ 1,500 ਲੱਖ ਤੋਂ ਵੱਧ ਮਿਆਰੀ ਮੱਛੀ ਪੂੰਗ (ਬੀਜ) ਦੀ ਪੈਦਾਵਾਰ ਕੀਤੀ ਗਈ ਹੈ, ਲਗਭਗ 3,000 ਏਕੜ ਨਵਾਂ ਰਕਬਾ ਮੱਛੀ ਪਾਲਣ ਅਧੀਨ ਲਿਆਂਦਾ ਗਿਆ ਹੈ ਅਤੇ ਸਾਲ ਦੌਰਾਨ ਮੱਛੀ ਉਤਪਾਦਨ ਕਾਫ਼ੀ ਵਧਿਆ ਹੈ। ਮੱਛੀ ਪਾਲਣ, ਝੀਂਗਾ ਪਾਲਣ, ਬਾਇਓ-ਫਲੌਕ

ਇਕਾਈਆਂ ਅਤੇ ਸਹਾਇਕ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨ ਲਈ ਸਬਸਿਡੀ ਅਤੇ ਬੈਂਕਾਂ ਨਾਲ ਸਬੰਧਤ ਵਿੱਤੀ ਸਹਾਇਤਾ ਪ੍ਰਦਾਨ ਕਰਨ ਦੇ ਨਾਲੋ-ਨਾਲ, ਮੱਛੀ ਪਾਲਕਾਂ ਅਤੇ ਚਾਹਵਾਨ ਉੱਦਮੀਆਂ ਲਈ ਵਿਆਪਕ ਪੱਧਰ 'ਤੇ ਸਿਖਲਾਈ ਪ੍ਰੋਗਰਾਮ ਚਲਾਏ ਗਏ ਹਨ। ਜਲ ਸਰੋਤਾਂ ਦੀ ਸਥਿਰਤਾ ਯਕੀਨੀ ਬਣਾਉਣ ਲਈ 'ਰੀਵਰ ਰੈਂਚਿੰਗ' ਜਿਹੀਆਂ ਪਹਿਲਕਦਮੀਆਂ ਵੀ ਕੀਤੀਆਂ ਗਈਆਂ ਹਨ। ਸਮੂਹਿਕ ਤੌਰ 'ਤੇ, ਇਹ ਉਪਾਅ ਖੇਤੀਬਾੜੀ ਦੇ ਸਹਾਇਕ ਖੇਤਰਾਂ ਵਿੱਚ ਆਮਦਨ ਦੇ ਵਿਭਿੰਨਤਾ, ਰੁਜ਼ਗਾਰ ਉਤਪੱਤੀ ਅਤੇ ਲਚਕਤਾ ਨੂੰ ਮਜ਼ਬੂਤ ਕਰ ਰਹੇ ਹਨ।

## ਸਹਿਕਾਰਤਾ

53. ਇਸੇ ਤਰੀਕੇ ਹੀ ਮੈਂ ਪੰਜਾਬ ਦੇ ਸਹਿਕਾਰਤਾ ਖੇਤਰ ਦੀ ਗੱਲ ਕਰਨੀ ਚਾਹੁੰਦਾ ਹਾਂ ਕਿਉਂਕਿ ਸਰਦਾਰ ਭਗਵੰਤ ਸਿੰਘ ਮਾਨ, ਪੰਜਾਬ ਦੇ ਮੁੱਖ ਮੰਤਰੀ ਸਾਹਿਬ ਕਿਸਾਨੀ ਨੂੰ ਬਹੁਤ ਜ਼ਿਆਦਾ ਪਿਆਰ ਕਰਦੇ ਹਨ ਕਿਉਂਕਿ ਉਹ ਆਪ ਇੱਕ ਕਿਸਾਨੀ ਪਰਿਵਾਰ ਵਿੱਚੋਂ ਆਉਂਦੇ ਹਨ। ਸਾਡੀ ਸਰਕਾਰ ਗੰਨਾ ਉਤਪਾਦਕਾਂ ਨੂੰ ਲਗਾਤਾਰ ਅਤੇ ਪੁਰਜ਼ੋਰ ਸਮਰਥਨ ਦੇ ਰਹੀ ਹੈ। ਆਗਾਮੀ ਪਿੜਾਈ ਸੀਜ਼ਨ ਲਈ ਗੰਨੇ ਦਾ ਰਾਜ ਨਿਰਧਾਰਤ ਮੁੱਲ 416 ਰੁਪਏ ਪ੍ਰਤੀ ਕੁਇੰਟਲ ਤੱਕ ਵਧਾਇਆ ਗਿਆ ਹੈ, ਜੋ ਦੇਸ਼ ਵਿੱਚ ਗੰਨੇ ਦੇ ਵੱਧ ਮੁੱਲਾਂ ਵਿੱਚੋਂ ਇੱਕ ਹੈ। ਜੋ ਦੇਸ਼ ਵਿੱਚ ਗੰਨੇ ਦੇ ਵੱਧ ਮੁੱਲਾਂ ਵਿੱਚੋਂ ਇੱਕ ਹੈ ਯਾਨੀ ਪੰਜਾਬ ਰਾਜ ਦੇਸ਼ ਦੇ ਅੰਦਰ ਪਹਿਲਾ ਸਟੇਟ ਹੈ, ਜਿਸ ਵਿੱਚ ਸਭ ਤੋਂ ਵੱਧ ਗੰਨੇ ਦਾ ਭਾਅ ਪੰਜਾਬ ਦੇ ਕਿਸਾਨਾਂ ਨੂੰ ਸਰਦਾਰ ਭਗਵੰਤ ਸਿੰਘ ਮਾਨ ਜੀ ਦੇ ਰਹੇ ਹਨ। (ਥੰਪਿੰਗ) ਮੈਨੂੰ ਇਸ ਅਜ਼ੀਮ ਸਦਨ ਨੂੰ ਇਹ ਦੱਸਦਿਆਂ ਵੀ ਬੜੀ ਖੁਸ਼ੀ ਹੋ ਰਹੀ ਹੈ ਕਿ ਪਿਛਲੇ ਸਾਲਾਂ ਦੇ ਗੰਨੇ ਦੇ ਸਾਰੇ ਬਕਾਏ ਇਸੇ ਮੌਜੂਦਾ ਸਾਲ ਦੌਰਾਨ ਅਦਾ ਕੀਤੇ ਜਾ ਰਹੇ ਹਨ, ਜਿਸ ਨਾਲ ਗੰਨਾ ਉਤਪਾਦਕ ਕਿਸਾਨਾਂ ਨੂੰ ਬਹੁਤ ਵੱਡੀ ਅਤੇ ਲੋੜੀਂਦੀ ਰਾਹਤ ਮਿਲੇਗੀ। ਸਾਡੀ ਸਰਕਾਰ ਗੰਨੇ ਦੇ ਬਕਾਏ ਦੀ ਸਮੇਂ ਸਿਰ ਅਦਾਇਗੀ ਅਤੇ ਖੰਡ ਖੇਤਰ ਦੀ ਸਥਿਰਤਾ ਲਈ ਵਚਨਬੱਧ ਹੈ। ਇਸ ਸਹਾਇਤਾ ਦੀ ਨਿਰੰਤਰਤਾ ਲਈ ਵਿੱਤੀ ਸਾਲ 2026-27 ਵਿੱਚ 270 ਕਰੋੜ ਰੁਪਏ ਦਾ ਬਜਟ ਉਪਬੰਧ ਕੀਤਾ ਗਿਆ ਹੈ।

## ਜੰਗਲਾਤ ਅਤੇ ਜੰਗਲੀ ਜੀਵ

54. ਸਰਕਾਰ ਵੱਲੋਂ ਸੂਬੇ ਦੇ ਸਾਰੇ ਜ਼ਿਲ੍ਹਿਆਂ ਵਿੱਚ ਹਰਿਆਲੀ ਨੂੰ ਵਧਾਉਣ ਅਤੇ ਵਾਤਾਵਰਨ ਸੰਤੁਲਨ ਬਣਾਈ ਰੱਖਣ ਲਈ "ਸ੍ਰੀ ਗੁਰੂ ਤੇਗ ਬਹਾਦਰ ਹਰਿਆਵਲ ਸੰਕਲਪ" ਮੁਹਿੰਮ ਸ਼ੁਰੂ ਕੀਤੀ ਗਈ, ਜਿਸ ਤਹਿਤ ਹੁਣ ਤੱਕ 1.11 ਕਰੋੜ ਤੋਂ ਵੱਧ ਬੂਟੇ ਲਗਾਏ ਜਾ ਚੁੱਕੇ ਹਨ। 'ਪੰਜਾਬ ਹਰਿਆਵਲ ਮਿਸ਼ਨ' ਅਧੀਨ ਸ਼ਹਿਰੀ ਅਤੇ ਸਾਂਝੀਆਂ ਹਰਿਆਲੀ ਦੀਆਂ ਥਾਵਾਂ ਨੂੰ ਵਧਾਉਣ ਲਈ ਨਾਨਕ ਬਗੀਚੀਆਂ, ਪਵਿੱਤਰ ਵਣ ਅਤੇ ਵਾਤਾਵਰਨ ਪਾਰਕ ਵਿਕਸਿਤ ਕੀਤੇ ਜਾ ਰਹੇ ਹਨ। ਵਿੱਤੀ ਸਾਲ 2026-27 ਵਿੱਚ ਪਨਕੈਂਪਾ (PUNCAMPA) ਸਕੀਮ ਤਹਿਤ 4,150 ਹੈਕਟੇਅਰ ਰਕਬੇ ਵਿੱਚ ਬੂਟੇ ਲਗਾਉਣ ਦੀ ਤਜਵੀਜ਼ ਹੈ। ਇਸ ਦੇ ਨਾਲ ਹੀ ਮਨਜ਼ੂਰਸ਼ੁਦਾ ਸਕੀਮਾਂ ਅਧੀਨ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਉਪਰਾਲੇ ਕੀਤੇ ਜਾਣਗੇ। ਇਸ ਦੇ ਲਈ 238 ਕਰੋੜ ਰੁਪਏ ਦੀ ਵੰਡ ਕੀਤੀ ਗਈ ਹੈ।

55. ਇਸ ਦੇ ਨਾਲ ਹੀ ਰਾਜ ਵੱਲੋਂ JICA ਦੀ ਸਹਾਇਤਾ ਨਾਲ 760 ਕਰੋੜ ਰੁਪਏ ਦਾ ਪ੍ਰੋਜੈਕਟ ਸ਼ੁਰੂ ਕੀਤਾ ਜਾ ਰਿਹਾ ਹੈ, ਜਿਸ ਨੂੰ ਅਗਲੇ ਅੱਠ ਸਾਲਾਂ ਵਿੱਚ ਲਾਗੂ ਕੀਤਾ ਜਾਵੇਗਾ। ਇਸ ਦਾ ਉਦੇਸ਼ ਭਾਈਚਾਰਕ ਭਾਗੀਦਾਰੀ ਰਾਹੀਂ ਜੰਗਲਾਂ ਤੋਂ ਬਾਹਰ ਰੁੱਖ ਲਗਾਉਣਾ, ਜੈਵ-ਵਿਵਿਧਤਾ ਦੀ ਸੰਭਾਲ ਅਤੇ ਜਲਵਾਯੂ ਪਰਿਵਰਤਨ ਦੇ ਪ੍ਰਭਾਵਾਂ ਨੂੰ ਸਹਿਣ

ਦੀ ਸਮਰੱਥਾ ਪੈਦਾ ਕਰਨਾ ਹੈ, ਜਿਸ ਨਾਲ ਪੰਜਾਬ ਦੀ ਲੰਬੇ ਸਮੇਂ ਦੀ ਵਾਤਾਵਰਣ ਸਥਿਰਤਾ ਨੂੰ ਮਜ਼ਬੂਤ ਕੀਤਾ ਜਾ ਸਕੇ।

## ਪੇਂਡੂ ਵਿਕਾਸ

56. ਮਾਣਯੋਗ ਸਪੀਕਰ ਸਾਹਿਬ, ਪੇਂਡੂ ਲਿੰਕ ਸੜਕਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨਾ ਸਾਡੀ ਸਰਕਾਰ ਦੀ ਪ੍ਰਮੁੱਖ ਤਰਜੀਹ ਹੈ ਕਿਉਂਕਿ ਇਹ ਖੇਤੀਬਾੜੀ, ਵਪਾਰ ਅਤੇ ਪੇਂਡੂ ਸੰਪਰਕ ਨੂੰ ਹੁਲਾਰਾ ਦੇਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਪੰਜਾਬ ਵਿੱਚ 68,000 ਕਿਲੋਮੀਟਰ ਤੋਂ ਵੱਧ ਦਾ ਵਿਸ਼ਾਲ ਪੇਂਡੂ ਲਿੰਕ ਸੜਕਾਂ ਦਾ ਨੈੱਟਵਰਕ ਹੈ। ਇਸ ਸਮੇਂ ਵੱਖ-ਵੱਖ ਯੋਜਨਾਵਾਂ ਅਧੀਨ 40,103 ਕਿਲੋਮੀਟਰ ਖਰਾਬ ਸੜਕਾਂ ਦੀ ਮੁਰੰਮਤ, ਆਧੁਨਿਕੀਕਰਨ ਅਤੇ ਅਪਗ੍ਰੇਡੇਸ਼ਨ ਦਾ ਕੰਮ 12,597 ਕਰੋੜ ਰੁਪਏ ਦੀ ਕੁੱਲ ਲਾਗਤ ਨਾਲ ਕੀਤਾ ਜਾ ਰਿਹਾ ਹੈ, ਜਿਸ ਵਿੱਚ ਨਾਬਾਰਡ ਸਹਾਇਤਾ ਪ੍ਰਾਪਤ ਪ੍ਰੋਜੈਕਟਾਂ ਅਤੇ ਲਿੰਕ ਸੜਕਾਂ ਦੇ ਆਧੁਨਿਕੀਕਰਨ ਦੀਆਂ ਪਹਿਲਕਦਮੀਆਂ ਵੀ ਸ਼ਾਮਲ ਹਨ। ਬਿਨਾਂ ਸ਼ੱਕ ਪੰਜਾਬ ਦੇ ਇਤਿਹਾਸ ਵਿੱਚ ਇਹ ਕਿਸੇ ਵੀ ਸਰਕਾਰ ਵੱਲੋਂ ਇੱਕ ਸਾਲ ਦੇ ਅੰਦਰ ਚਲਾਇਆ ਗਿਆ ਸੜਕਾਂ ਦੇ ਅੱਪਗ੍ਰੇਡੇਸ਼ਨ ਦਾ ਸਭ ਤੋਂ ਵੱਡਾ ਪ੍ਰੋਗਰਾਮ ਹੈ।

57. ਮੌਜੂਦਾ ਸਾਲ ਦੌਰਾਨ 8,325 ਕਿ.ਮੀ. ਲੰਬਾਈ ਵਾਲੀਆਂ ਸੜਕਾਂ ਦੇ ਆਧੁਨਿਕੀਕਰਨ ਦੇ ਕਾਰਜ 2,393 ਕਰੋੜ ਰੁਪਏ ਦੀ ਅਨੁਮਾਨਤ ਲਾਗਤ ਨਾਲ ਕੀਤੇ ਜਾ ਰਹੇ ਹਨ ਤਾਂ ਜੋ ਮੰਡੀਆਂ ਅਤੇ ਪੇਂਡੂ ਬਾਜ਼ਾਰਾਂ ਤੱਕ ਪਹੁੰਚ ਨੂੰ ਬਿਹਤਰ ਬਣਾਇਆ ਜਾ ਸਕੇ। ਮੈਨੂੰ ਇਸ ਮਾਣਯੋਗ ਸਦਨ ਨੂੰ ਇਹ ਜਾਣਕਾਰੀ ਦਿੰਦਿਆਂ ਖੁਸ਼ੀ ਹੋ ਰਹੀ ਹੈ ਕਿ ਰਾਜ ਸਰਕਾਰ ਨੇ ਅੱਪਗ੍ਰੇਡ ਕੀਤੀਆਂ ਪਿੰਡਾਂ ਦੀਆਂ ਸਾਰੀਆਂ ਸੜਕਾਂ ਲਈ ਪੰਜ ਸਾਲਾਂ ਰੱਖ-ਰਖਾਅ ਪ੍ਰਬੰਧ ਵੀ ਸ਼ੁਰੂ ਕੀਤਾ ਹੈ, ਇਹ ਪਹਿਲੀ ਵਾਰ ਹੋਇਆ ਹੈ ਕਿ ਜਿਹੜਾ ਠੇਕੇਦਾਰ ਹੋਵੇਗਾ, ਉਹ ਪੰਜ ਸਾਲ ਉਸ ਸੜਕ ਦੀ ਮੈਨਟੇਨੈਂਸ ਵੀ ਕਰੇਗਾ ਜਿਸ ਨਾਲ ਸੜਕਾਂ ਦੀ ਗੁਣਵੱਤਾ ਅਤੇ ਲੰਬੇ ਸਮੇਂ ਤੱਕ ਮਜ਼ਬੂਤੀ ਨੂੰ ਯਕੀਨੀ ਬਣਾਇਆ ਜਾ ਸਕੇ। ਇਸ ਤੋਂ ਇਲਾਵਾ ਨਾਬਾਰਡ ਦੀ ਸਹਾਇਤਾ ਨਾਲ 2,597 ਕਰੋੜ ਰੁਪਏ ਦੀ ਲਾਗਤ ਨਾਲ 11,901 ਕਿਲੋਮੀਟਰ ਲਿੰਕ ਸੜਕਾਂ ਨੂੰ ਅੱਪਗ੍ਰੇਡ ਕੀਤਾ ਜਾ ਰਿਹਾ ਹੈ ਅਤੇ ਇਹ ਕੰਮ ਅਕਤੂਬਰ, 2026 ਤੱਕ ਮੁਕੰਮਲ ਕਰਨ ਦਾ ਟੀਚਾ ਰੱਖਿਆ ਗਿਆ ਹੈ। ਸਰ, ਪਹਿਲਾਂ ਤਾਂ ਇਹੀ ਹੁੰਦਾ ਸੀ ਕਿ ਅਸੀਂ ਪਿਛਲੇ ਪੰਜ ਸਾਲਾਂ ਵਿੱਚ ਪੈਚ ਵਰਕ ਕਰ ਲਿਆ, ਹੁਣ ਇਹ ਸਾਰਾ ਕੰਮ ਠੇਕੇਦਾਰ ਹੀ ਕਰਨਗੇ। (ਥੰਪਿੰਗ)

58. ਇਸ ਗਤੀ ਨੂੰ ਬਰਕਰਾਰ ਰੱਖਦੇ ਹੋਏ ਵਿੱਤੀ ਸਾਲ 2026-27 ਵਿੱਚ ਸਰਕਾਰ ਨੇ ਮੰਡੀ ਬੋਰਡ ਅਤੇ ਲੋਕ ਨਿਰਮਾਣ ਵਿਭਾਗ ਰਾਹੀਂ ਬਾਕੀ ਰਹਿੰਦੀਆਂ 19,876 ਕਿਲੋਮੀਟਰ ਪੇਂਡੂ ਸੜਕਾਂ ਦੇ ਕੰਮ ਨੂੰ ਪੂਰਾ ਕਰਨ ਦੀ ਤਜਵੀਜ਼ ਰੱਖੀ ਹੈ। ਇਸ ਪ੍ਰੋਜੈਕਟ 'ਤੇ 7,606 ਕਰੋੜ ਰੁਪਏ ਦੀ ਅਨੁਮਾਨਤ ਲਾਗਤ ਆਵੇਗੀ, ਜਿਸ ਵਿੱਚ ਸੜਕਾਂ ਦੇ ਪੰਜ ਸਾਲਾਂ ਦਾ ਰੱਖ-ਰਖਾਅ ਵੀ ਸ਼ਾਮਲ ਹੈ। ਸੜਕੀ ਨੈੱਟਵਰਕ ਤੋਂ ਇਲਾਵਾ ਕਿਸਾਨਾਂ ਦੀ ਸਹਾਇਤਾ ਅਤੇ ਖੇਤੀਬਾੜੀ ਉਤਪਾਦਾਂ ਦੀ ਸੁਚੱਜੀ ਵਿਕਰੀ ਲਈ ਮੰਡੀਆਂ ਦੇ ਬੁਨਿਆਦੀ ਢਾਂਚੇ ਵਿੱਚ ਵੀ ਸੁਧਾਰ ਲਿਆਂਦਾ ਜਾ ਰਿਹਾ ਹੈ।

59. ਵਿੱਤੀ ਸਾਲ 2025-26 ਦੌਰਾਨ 197 ਕਰੋੜ ਰੁਪਏ ਦੀ ਲਾਗਤ ਨਾਲ ਮੰਡੀਆਂ ਵਿੱਚ 664 ਕਵਰਡ ਸ਼ੈੱਡਾਂ ਦੀ ਉਸਾਰੀ ਕੀਤੀ ਜਾ ਰਹੀ ਹੈ, ਜਿਸ ਵਿੱਚੋਂ ਜ਼ਿਆਦਾਤਰ ਕੰਮ ਮੁਕੰਮਲ ਹੋਣ ਦੇ ਨੇੜੇ ਹੈ। ਇਸ ਤੋਂ ਇਲਾਵਾ,

ਸਵੱਛ ਊਰਜਾ ਨੂੰ ਉਤਸ਼ਾਹਿਤ ਕਰਨ ਅਤੇ ਕੰਮਕਾਜੀ ਖਰਚਿਆਂ ਨੂੰ ਘਟਾਉਣ ਲਈ 36 ਮੰਡੀਆਂ ਵਿੱਚ 24 ਕਰੋੜ ਰੁਪਏ ਦੀ ਲਾਗਤ ਨਾਲ ਸੋਲਰ ਪੈਨਲ ਲਗਾਏ ਜਾ ਰਹੇ ਹਨ। (ਥੰਪਿੰਗ)

60. ਮਾਣਯੋਗ ਸਪੀਕਰ ਸਾਹਿਬ, ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗਾਰੰਟੀ ਐਕਟ (ਮਨਰੇਗਾ) ਨੇ ਪੇਂਡੂ ਪਰਿਵਾਰਾਂ ਲਈ ਰੋਜ਼ੀ-ਰੋਟੀ ਦੀ ਸੁਰੱਖਿਆ ਨੂੰ ਮਜ਼ਬੂਤ ਕਰਨ ਅਤੇ ਸਾਡੇ ਪਿੰਡਾਂ ਵਿੱਚ ਸਥਾਈ ਸੰਪਤੀਆਂ ਦੇ ਨਿਰਮਾਣ ਵਿੱਚ ਸਾਰਥਕ ਭੂਮਿਕਾ ਨਿਭਾਈ ਹੈ। ਹਾਲਾਂਕਿ ਰਾਸ਼ਟਰੀ ਪੱਧਰ 'ਤੇ ਕੁਝ ਬਦਲਾਅ ਕੀਤੇ ਗਏ ਹਨ ਪਰ ਸਾਡਾ ਮੰਨਣਾ ਹੈ ਕਿ ਇਸ ਸਕੀਮ ਨੂੰ ਇਸ ਦੀ ਅਸਲ ਭਾਵਨਾ ਅਤੇ ਵਿਆਪਕ ਢਾਂਚੇ ਵਿੱਚ ਹੀ ਜਾਰੀ ਰੱਖਣਾ ਚਾਹੀਦਾ ਹੈ ਤਾਂ ਜੋ ਪੇਂਡੂ ਕਾਮਿਆਂ ਦੇ ਹਿੱਤ ਸੁਰੱਖਿਅਤ ਰਹਿਣ ਅਤੇ ਸਭ ਤੋਂ ਕਮਜ਼ੋਰ ਵਰਗ ਲਈ ਦਿਹਾੜੀ ਦੇ ਰੁਜ਼ਗਾਰ ਦਾ ਸਹਾਰਾ ਕਮਜ਼ੋਰ ਨਾ ਪਵੇ। (ਥੰਪਿੰਗ)

61. ਮੌਜੂਦਾ ਸਾਲ ਦੌਰਾਨ ਇਸ ਸਕੀਮ ਅਧੀਨ ਲਗਭਗ 1,100 ਕਰੋੜ ਰੁਪਏ ਦਾ ਖਰਚਾ ਕੀਤਾ ਗਿਆ ਹੈ, ਜਿਸ ਨਾਲ 223 ਲੱਖ ਦਿਹਾੜੀਆਂ ਦਾ ਰੁਜ਼ਗਾਰ ਪੈਦਾ ਹੋਇਆ ਹੈ। ਵਿੱਤੀ ਸਾਲ 2026-27 ਲਈ ਇਸ ਸਕੀਮ ਤਹਿਤ ਕੁੱਲ ਪ੍ਰੋਗਰਾਮ ਖਰਚਾ 1,500 ਕਰੋੜ ਰੁਪਏ ਹੋਣ ਦਾ ਅਨੁਮਾਨ ਹੈ। ਰਾਜ ਸਰਕਾਰ ਇਸ ਸਕੀਮ ਨੂੰ ਇਸ ਦੀ ਅਸਲ ਭਾਵਨਾ ਅਨੁਸਾਰ ਚੱਲਦਾ ਰੱਖਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਇਸ ਦੇ ਅਨੁਸਾਰ ਸਕੀਮ ਤਹਿਤ ਰਾਜ ਦੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਣ ਲਈ ਲੋੜੀਂਦੇ ਬਜਟ ਦੀ ਵਿਵਸਥਾ ਕੀਤੀ ਗਈ ਹੈ ਤਾਂ ਜੋ ਕੰਮਾਂ ਦੀ ਨਿਰੰਤਰਤਾ, ਉਜਰਤਾਂ ਦੀ ਸਮੇਂ ਸਿਰ ਅਦਾਇਗੀ ਅਤੇ ਪੂਰੇ ਪੰਜਾਬ ਵਿੱਚ ਪੇਂਡੂ ਰੋਜ਼ੀ-ਰੋਟੀ ਲਈ ਨਿਰੰਤਰ ਸਹਾਇਤਾ ਨੂੰ ਯਕੀਨੀ ਬਣਾਇਆ ਜਾ ਸਕੇ। (ਥੰਪਿੰਗ)

62. 2017 ਤੋਂ ਮਾਰਚ 2022 ਤੱਕ ਪੰਜਾਬ ਵਿੱਚ ਪੀ.ਐਮ.ਏ.ਵਾਈ. (ਗ੍ਰਾਮੀਣ) ਅਧੀਨ ਲਗਭਗ 39,000 ਘਰ ਪੂਰੇ ਕੀਤੇ ਗਏ ਸਨ ਅਤੇ ਸਾਡੀ ਸਰਕਾਰ ਦੇ ਸੱਤਾ ਸੰਭਾਲਣ ਤੋਂ ਬਾਅਦ ਇਸ ਰਫ਼ਤਾਰ ਵਿੱਚ ਫੈਸਲਾਕੁੰਨ ਤੇਜ਼ੀ ਆਈ। ਇਸ ਸਾਲ ਦੌਰਾਨ ਕੁੱਲ 76,000 ਪਰਿਵਾਰਾਂ ਨੂੰ ਰਿਹਾਇਸ਼ ਸਹਾਇਤਾ ਪ੍ਰਦਾਨ ਕੀਤੀ ਗਈ ਹੈ ਜਿਸ ਵਿੱਚ 30,000 ਹੜ੍ਹ ਪ੍ਰਭਾਵਿਤ ਪਰਿਵਾਰ ਸ਼ਾਮਲ ਹਨ। ਇਸ ਗਤੀ ਦੇ ਆਧਾਰ 'ਤੇ ਸਰਕਾਰ ਵਿੱਤੀ ਸਾਲ 2026-27 ਵਿੱਚ ਪੀ.ਐਮ.ਏ.ਵਾਈ. (ਗ੍ਰਾਮੀਣ) ਅਧੀਨ ਇੱਕ ਲੱਖ ਹੋਰ ਘਰਾਂ ਨੂੰ ਕਵਰ ਕਰਨ ਦਾ ਪ੍ਰਸਤਾਵ ਰੱਖਦੀ ਹੈ, ਜਿਸ ਲਈ 800 ਕਰੋੜ ਰੁਪਏ ਦੀ ਵੰਡ ਕੀਤੀ ਗਈ ਹੈ। (ਥੰਪਿੰਗ)

## ਰੰਗਲਾ ਪੰਜਾਬ ਵਿਕਾਸ ਸਕੀਮ

63. ਮਾਣਯੋਗ ਸਪੀਕਰ ਸਾਹਿਬ, ਰਾਜ ਦੇ ਸਾਰੇ ਖੇਤਰਾਂ ਵਿੱਚ ਸੰਤੁਲਿਤ ਅਤੇ ਬਰਾਬਰ ਵਿਕਾਸ ਨੂੰ ਯਕੀਨੀ ਬਣਾਉਣ ਦੇ ਉਦੇਸ਼ ਨਾਲ ਸਾਡੀ ਸਰਕਾਰ ਨੇ ਵਿੱਤੀ ਸਾਲ 2025-26 ਦੌਰਾਨ 'ਰੰਗਲਾ ਪੰਜਾਬ ਵਿਕਾਸ ਸਕੀਮ' ਸ਼ੁਰੂ ਕੀਤੀ ਹੈ, ਇਸ ਤਹਿਤ ਸਾਰੇ 117 ਵਿਧਾਨ ਸਭਾ ਹਲਕਿਆਂ ਵਿੱਚ ਸਥਾਨਕ ਬੁਨਿਆਦੀ ਢਾਂਚੇ ਅਤੇ ਜਨਤਕ ਸੰਪਤੀਆਂ ਦੀ ਸਿਰਜਣਾ ਅਤੇ ਨਵੀਨੀਕਰਨ ਲਈ 585 ਕਰੋੜ ਰੁਪਏ ਭਾਵ ਪ੍ਰਤੀ ਵਿਧਾਨ ਸਭਾ ਹਲਕਾ ਸਾਲਾਨਾ 5 ਕਰੋੜ ਰੁਪਏ ਦਾ ਨਿਰਧਾਰਤ ਉਪਬੰਧ ਕੀਤਾ ਗਿਆ ਹੈ। ਇਸ ਸਕੀਮ ਨੂੰ ਮਿਲੇ ਭਰਵੇਂ ਹੁੰਗਾਰੇ ਅਤੇ ਇਸ ਦੇ ਸੁਚਾਰੂ ਲਾਗੂਕਰਨ ਨੂੰ ਅੱਗੇ ਵਧਾਉਂਦਿਆਂ ਅਸੀਂ ਵਿੱਤੀ ਸਾਲ 2026-27 ਵਿੱਚ ਇਸ ਉਪਰਾਲੇ ਦਾ ਹੋਰ ਵਿਸਥਾਰ ਕਰ ਰਹੇ ਹਾਂ। ਅਸੀਂ ਜ਼ਮੀਨੀ ਪੱਧਰ 'ਤੇ ਵਿਕਾਸ ਕਾਰਜਾਂ ਵਿੱਚ ਤੇਜ਼ੀ ਲਿਆਉਣ ਲਈ, ਇਸ ਤਹਿਤ ਬਜਟ ਰਾਸ਼ੀ ਨੂੰ 585 ਕਰੋੜ ਰੁਪਏ ਤੋਂ ਦੁੱਗਣਾ ਕਰਕੇ 1170 ਕਰੋੜ ਰੁਪਏ ਕਰਨ ਦਾ ਪ੍ਰਸਤਾਵ ਰੱਖਦੇ ਹਾਂ। ਪੂਰੀ ਪਾਰਦਰਸ਼ਤਾ

ਨੂੰ ਯਕੀਨੀ ਬਣਾਉਣ ਲਈ ਰਾਜ ਦੇ ਖਜ਼ਾਨੇ ਤੋਂ ਕਾਰਜਕਾਰੀ ਏਜੰਸੀ ਨੂੰ ਫੰਡਾਂ ਦੀ ਰੀਅਲ-ਟਾਇਮ ਟ੍ਰੈਕਿੰਗ ਲਈ ਇੱਕ ਸਮਰਪਿਤ ਡਿਜੀਟਲ ਪੋਰਟਲ ਚਾਲੂ ਕੀਤਾ ਗਿਆ ਹੈ ਜਿਸ ਵਿਚ ਜੀਓ-ਟੈਗਡ ਨਿਗਰਾਨੀ ਅਤੇ ਕਾਰਜਾਂ ਦੇ ਫੋਟੋਗ੍ਰਾਫ਼ਿਕ ਦਸਤਾਵੇਜ਼ ਸ਼ਾਮਲ ਹਨ। (ਥੰਪਿੰਗ) ਯਾਨੀ ਕਿ ਸਰ, ਜਿਹੜਾ 10 ਕਰੋੜ ਰੁਪਏ ਪ੍ਰਤੀ ਵਿਧਾਨ ਸਭਾ ਹਲਕਾ ਜਾਣਗੇ, ਉਸ ਦੀ ਪੂਰੀ ਨਿਗਰਾਨੀ ਲਈ ਅਸੀਂ ਡਿਜੀਟਲ ਪੋਰਟਲ ਲਾਗੂ ਕੀਤਾ ਹੈ ਤਾਂ ਕਿ ਕਿਸੇ ਕਿਸਮ ਦੀ ਲੀਕੇਜ ਗਰਾਊਂਡ ਲੈਵਲ ਤੇ ਨਾ ਹੋਵੇ।

### ਸ਼ਹਿਰੀ ਵਿਕਾਸ

64. ਮਾਣਯੋਗ ਸਪੀਕਰ ਸਾਹਿਬ, ਬੁਨਿਆਦੀ ਢਾਂਚਾ ਸਿਰਫ਼ ਖਰਚਾ ਨਹੀਂ ਹੈ ਸਗੋਂ ਉਹ ਨੀਂਹ ਹੈ ਜਿਸ 'ਤੇ ਕਾਰੋਬਾਰ ਵਧਦੇ ਹਨ, ਪਰਿਵਾਰ ਖੁਸ਼ਹਾਲ ਹੁੰਦੇ ਹਨ ਅਤੇ ਪੰਜਾਬ ਦਾ ਭਵਿੱਖ ਸੁਰੱਖਿਅਤ ਹੁੰਦਾ ਹੈ। ਇਹ ਬਜਟ ਸਿਰਫ਼ ਵਿੱਤੀ ਵੰਡ ਨੂੰ ਹੀ ਨਹੀਂ ਦਰਸਾਉਂਦਾ, ਸਗੋਂ ਸਾਡੇ ਸ਼ਹਿਰਾਂ ਨੂੰ ਅਵਸਰਾਂ, ਮੁਕਾਬਲੇਬਾਜ਼ੀ, ਨਵੀਨਤਾ ਅਤੇ ਸਮਾਜਿਕ ਬਰਾਬਰੀ ਦੇ ਕੇਂਦਰਾਂ ਵਜੋਂ ਉਭਾਰਨ ਲਈ ਸਪੱਸ਼ਟ ਦ੍ਰਿਸ਼ਟੀਕੋਣ ਵੀ ਪੇਸ਼ ਕਰਦਾ ਹੈ। (ਥੰਪਿੰਗ)

---

## ANNOUNCEMENT BY THE HON'BLE SPEAKER REGARDING PANEL OF CHAIRMEN

**ਮਾਣਯੋਗ ਸਪੀਕਰ**: ਮੈਂ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 13(1) ਦੇ ਅਧੀਨ ਹੇਠ ਲਿਖੇ ਮੈਂਬਰਾਂ ਨੂੰ ਸਭਾਪਤੀ ਨਾਮਾਵਲੀ ਦੇ ਲਈ ਨਾਮਜ਼ਦ ਕਰਦਾ ਹਾਂ:-

1. ਸਰਦਾਰ ਕੁਲਵੰਤ ਸਿੰਘ ਪੰਡੋਰੀ,
2. ਰਾਣਾ ਗੁਰਜੀਤ ਸਿੰਘ,
3. ਸ਼੍ਰੀਮਤੀ ਇੰਦਰਜੀਤ ਕੌਰ ਮਾਨ,
4. ਡਾਕਟਰ ਨਛੱਤਰ ਪਾਲ।

---

## THANKS BY THE HON'BLE SPEAKER

**ਮਾਣਯੋਗ ਸਪੀਕਰ**: ਮੇਰੇ ਧਿਆਨ ਵਿੱਚ ਇੱਕ ਹੋਰ ਗੱਲ ਆਈ ਹੈ ਅਤੇ ਇਸ ਗੱਲ ਨੂੰ ਸਭ ਨਾਲ ਸਾਂਝੀ ਕਰਦੇ ਹੋਏ ਬੜੀ ਖੁਸ਼ੀ ਮਹਿਸੂਸ ਕਰ ਰਿਹਾ ਹਾਂ ਕਿ ਅੱਜ ਮਾਣਯੋਗ ਵਿੱਤ ਮੰਤਰੀ ਸਾਹਿਬ ਵੱਲੋਂ ਜੋ ਬਜਟ ਪੇਸ਼ ਕੀਤਾ ਜਾ ਰਿਹਾ ਹੈ, ਇਸ ਨੂੰ ਸੂਬੇ ਦੇ ਵੱਖ ਵੱਖ ਸ਼ਹਿਰਾਂ ਦੇ ਵਿੱਚ ਸਾਡੀਆਂ ਮਾਤਾਵਾਂ, ਭੈਣਾਂ ਵੀ ਬੜੇ ਹੀ ਉਤਸ਼ਾਹ ਨਾਲ ਵੇਖ ਰਹੀਆਂ ਹਨ। ਅਸੀਂ ਉਨ੍ਹਾਂ ਦਾ ਵੀ ਧੰਨਵਾਦ ਕਰੀਏ, ਇਸਤਕਬਾਲ ਕਰੀਏ।

ਮੈਨੂੰ ਕੋਟਕਪੂਰੇ ਤੋਂ ਵੀ ਮੈਸੇਜ ਆਇਆ ਹੈ ਕਿ ਉੱਥੇ ਵੀ ਮਾਤਾਵਾਂ, ਭੈਣਾਂ ਸਾਰੇ ਇਕੱਠੇ ਹੋ ਕੇ ਬੜੇ ਉਤਸ਼ਾਹ ਨਾਲ ਇਹ ਬਜਟ ਦੇਖ ਰਹੀਆਂ ਹਨ। ਸੋ, ਆਓ ਉਨ੍ਹਾਂ ਦਾ ਵੀ ਇਸਤਕਬਾਲ ਕਰੀਏ। ਬਹੁਤ ਧੰਨਵਾਦ ਜੀ।

______

**PRESENTATION OF BUDGET ESTIMATES FOR THE YEAR 2026-27**
***(RESUMPTION)***

**ਵਿੱਤ ਮੰਤਰੀ:**

65. ਇਸੇ ਭਾਵਨਾ ਦੇ ਤਹਿਤ, ਮੈਨੂੰ ਸਾਡੀਆਂ ਸ਼ਹਿਰੀ ਸਥਾਨਕ ਇਕਾਈਆਂ (Urban Local Bodies) ਲਈ ਸਹਾਇਤਾ ਵਿੱਚ ਮਹੱਤਵਪੂਰਨ ਵਾਧੇ ਦਾ ਐਲਾਨ ਕਰਦਿਆਂ ਖੁਸ਼ੀ ਹੋ ਰਹੀ ਹੈ। ਵਿੱਤੀ ਸਾਲ 2025-26 ਵਿੱਚ ਮਿਊਂਸਿਪਲ ਡਿਵੈਲਪਮੈਂਟ ਫੰਡ (MDF) ਅਧੀਨ 225 ਕਰੋੜ ਰੁਪਏ ਦੀ ਵੰਡ ਦੇ ਮੁਕਾਬਲੇ ਵਿੱਤੀ ਸਾਲ 2026-27 ਵਿੱਚ ਇਸ ਗ੍ਰਾਂਟ ਨੂੰ ਚਾਰ ਗੁਣਾ ਵਧਾ ਕੇ 1,000 ਕਰੋੜ ਰੁਪਏ ਕੀਤਾ ਜਾ ਰਿਹਾ ਹੈ। ਮਿਊਂਸਿਪਲ ਡਿਵੈਲਪਮੈਂਟ ਫੰਡ ਦੀ ਇਹ ਰਾਸ਼ੀ ਸਾਰੀਆਂ ਸ਼ਹਿਰੀ ਸਥਾਨਕ ਇਕਾਈਆਂ ਲਈ ਉਪਲਬਧ ਹੋਵੇਗੀ ਤਾਂ ਜੋ ਜ਼ਰੂਰੀ ਨਾਗਰਿਕ ਬੁਨਿਆਦੀ ਢਾਂਚੇ ਜਿਵੇਂ ਕਿ ਸੜਕਾਂ, ਸਟਰੀਟ ਲਾਈਟਾਂ, ਜਲ ਸਪਲਾਈ, ਸੀਵਰੇਜ, ਡਰੇਨੇਜ, ਠੋਸ ਕੂੜਾ ਪ੍ਰਬੰਧਨ, ਸਫਾਈ, ਜਨਤਕ ਸਹੂਲਤਾਂ, ਜਨਤਕ ਸੁਰੱਖਿਆ ਪ੍ਰਣਾਲੀਆਂ ਅਤੇ ਵਾਤਾਵਰਣ ਪੱਖੋਂ ਟਿਕਾਊ ਬੁਨਿਆਦੀ ਢਾਂਚੇ ਦਾ ਨਿਰਮਾਣ ਅਤੇ ਨਵੀਨੀਕਰਨ ਕੀਤਾ ਜਾ ਸਕੇ। ਇਸ ਦੇ ਨਾਲ ਹੀ ਇਸ ਵੰਡ ਦਾ 20 ਪ੍ਰਤੀਸ਼ਤ ਤੱਕ ਹਿੱਸਾ ਜਲ ਸਪਲਾਈ ਅਤੇ ਸੀਵਰੇਜ ਪ੍ਰੋਜੈਕਟਾਂ ਦੇ ਸੰਚਾਲਨ ਅਤੇ ਰੱਖ-ਰਖਾਅ ਲਈ ਵਰਤਿਆ ਜਾ ਸਕਦਾ ਹੈ। ਇਹ ਨਾ ਸਿਰਫ਼ ਨਵੀਆਂ ਸੰਪਤੀਆਂ ਦੇ ਨਿਰਮਾਣ ਨੂੰ ਯਕੀਨੀ ਬਣਾਏਗਾ ਸਗੋਂ ਸੇਵਾਵਾਂ ਦੀ ਨਿਰੰਤਰ ਸਪਲਾਈ ਨੂੰ ਵੀ ਬਰਕਰਾਰ ਰੱਖੇਗਾ।

*12.07 ਵਜੇ ਬਾਅਦ ਦੁਪਹਿਰ।) (ਇਸ *ਸਮੇਂ ਸਰਦਾਰ ਕੁਲਵੰਤ ਸਿੰਘ ਪੰਡੋਰੀ, ਮੈਂਬਰ, ਪੈਨਲ ਆਫ ਚੈਅਰਮੈੱਨ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

66. ਪੰਜਾਬ ਸਰਕਾਰ, ਵਿਸ਼ਵ ਬੈਂਕ ਅਤੇ ਏ.ਆਈ.ਆਈ.ਬੀ. ਦੇ ਸਹਿਯੋਗ ਨਾਲ ਚੱਲ ਰਹੇ 'ਪੰਜਾਬ ਮਿਊਂਸਿਪਲ ਸਰਵਿਸਿਜ਼ ਇੰਪਰੂਵਮੈਂਟ ਪ੍ਰੋਜੈਕਟ' ਤਹਿਤ ਨਹਿਰੀ ਪਾਣੀ ਦੀ ਸਪਲਾਈ ਦੇ ਪ੍ਰੋਜੈਕਟਾਂ ਰਾਹੀਂ ਲੁਧਿਆਣਾ ਅਤੇ ਅੰਮ੍ਰਿਤਸਰ ਵਿੱਚ ਪਾਣੀ ਦੀ ਕਿੱਲਤ ਨੂੰ ਦੂਰ ਕਰਨ ਅਤੇ ਜਲ ਸੁਰੱਖਿਆ ਯਕੀਨੀ ਬਣਾਉਣ ਲਈ ਵੱਡੇ ਕਾਰਜ ਕੀਤੇ ਜਾ ਰਹੇ ਹਨ। ਸਾਲ 2028 ਤੱਕ ਮੁਕੰਮਲ ਹੋਣ ਵਾਲੇ ਇਸ ਪ੍ਰੋਜੈਕਟ ਵਿੱਚ ਵੱਡੀ ਸਮਰੱਥਾ ਵਾਲੇ ਵਾਟਰ ਟ੍ਰੀਟਮੈਂਟ ਪਲਾਂਟਾਂ, ਪਾਣੀ ਦੀਆਂ ਟੈਂਕੀਆਂ ਅਤੇ ਪਾਈਪਲਾਈਨ ਨੈੱਟਵਰਕ ਦੀ ਉਸਾਰੀ ਸ਼ਾਮਲ ਹੈ। ਸ਼ਹਿਰੀ ਜਲ ਬੁਨਿਆਦੀ ਢਾਂਚੇ ਦੇ ਇਸ ਪਰਿਵਰਤਨਕਾਰੀ ਪ੍ਰੋਗਰਾਮ ਨੂੰ ਜਾਰੀ ਰੱਖਣ ਲਈ ਵਿੱਤੀ ਸਾਲ 2026-27 ਵਾਸਤੇ 500 ਕਰੋੜ ਰੁਪਏ ਦੇ ਬਜਟ ਦੀ ਤਜਵੀਜ਼ ਕੀਤੀ ਗਈ ਹੈ। (ਥੰਪਿੰਗ)

67. 'ਅਮਰੁਤ' (AMRUT) 2.0 ਦੇ ਤਹਿਤ ਪ੍ਰੋਜੈਕਟਾਂ ਨੂੰ ਦੋ ਪੜਾਵਾਂ ਵਿੱਚ ਲਾਗੂ ਕੀਤਾ ਜਾ ਰਿਹਾ ਹੈ, ਜਿਸ ਵਿੱਚ ਨਵੇਂ ਵਾਟਰ ਟ੍ਰੀਟਮੈਂਟ ਪਲਾਂਟਾਂ ਦੀ ਉਸਾਰੀ, ਪਾਣੀ ਸਪਲਾਈ ਨੈੱਟਵਰਕਾਂ ਦੀ ਮਜ਼ਬੂਤੀ ਅਤੇ ਨਵੀਨੀਕਰਨ, ਘਰਾਂ ਦੇ ਨਵੇਂ ਕੁਨੈਕਸ਼ਨ, ਸੀਵਰੇਜ ਦੇ ਕੰਮ, ਸਾਫ਼ ਕੀਤੇ ਗਏ ਪਾਣੀ ਦੀ ਮੁੜ ਵਰਤੋਂ, ਪਾਰਕਾਂ ਅਤੇ ਹਰਿਆਲੀ ਵਾਲੀਆਂ ਥਾਵਾਂ ਦਾ ਵਿਕਾਸ, ਜਲ ਸਰੋਤਾਂ ਨੂੰ ਮੁੜ-ਸੁਰਜੀਤ ਕਰਨਾ ਸ਼ਾਮਲ ਹੈ। ਕੁੱਲ 214 ਪ੍ਰੋਜੈਕਟਾਂ ਨੂੰ ਪ੍ਰਵਾਨਗੀ ਦਿੱਤੀ ਗਈ ਹੈ, ਜਿਨ੍ਹਾਂ ਦੀ ਅਨੁਮਾਨਿਤ ਲਾਗਤ ਲਗਭਗ 3,504 ਕਰੋੜ ਰੁਪਏ ਹੈ। ਇਹ ਪ੍ਰੋਜੈਕਟ ਲਾਗੂ ਹੋਣ ਦੇ

ਵੱਖ-ਵੱਖ ਪੜਾਵਾਂ 'ਤੇ ਹਨ। ਸ਼ਹਿਰੀ ਬੁਨਿਆਦੀ ਢਾਂਚੇ ਦੇ ਸੁਧਾਰਾਂ ਵਿੱਚ ਤੇਜ਼ੀ ਲਿਆਉਣ ਲਈ ਵਿੱਤੀ ਸਾਲ 2026-27 ਵਿੱਚ 149 ਸ਼ਹਿਰੀ ਸਥਾਨਕ ਸੰਸਥਾਵਾਂ ਵਿੱਚ 665 ਕਰੋੜ ਰੁਪਏ ਦੇ ਖਰਚੇ ਦੀ ਤਜਵੀਜ਼ ਹੈ। (ਥੰਪਿੰਗ)

68. ਇਸ ਦੇ ਨਾਲ ਹੀ ਬਿਹਤਰ ਯੋਜਨਾਬੰਦੀ, ਨਿਗਰਾਨੀ ਅਤੇ ਸੇਵਾਵਾਂ ਪ੍ਰਦਾਨ ਕਰਨ ਵਿੱਚ ਸੁਧਾਰ ਲਿਆਉਣ ਲਈ ਰਾਜ ਵੱਲੋਂ ਜੀ.ਆਈ.ਐੱਸ.-ਅਧਾਰਿਤ ਸ਼ਹਿਰੀ ਮੈਪਿੰਗ ਵਿੱਚ ਵੱਡੀ ਮਹੱਤਵਪੂਰਨ ਪ੍ਰਾਪਤੀ ਕੀਤੀ ਗਈ ਹੈ। 163 ਸ਼ਹਿਰੀ ਸਥਾਨਕ ਸੰਸਥਾਵਾਂ ਵਿੱਚ ਵਾਰਡਾਂ ਅਤੇ ਨਗਰ ਨਿਗਮ ਦੀਆਂ ਹੱਦਾਂ ਦਾ ਡਿਜੀਟਲ ਨਕਸ਼ਾ ਤਿਆਰ ਕਰ ਲਿਆ ਗਿਆ ਹੈ। ਇਸ ਦੇ ਨਾਲ ਹੀ 'ਵਨ ਮੈਪ ਪੰਜਾਬ' ਜੀ.ਆਈ.ਐੱਸ. ਪੋਰਟਲ ਵੀ ਸ਼ੁਰੂ ਕਰ ਦਿੱਤਾ ਗਿਆ ਹੈ ਤਾਂ ਜੋ ਕੇਂਦਰੀਕ੍ਰਿਤ ਡਾਟਾ ਏਕੀਕਰਨ ਅਤੇ ਲਗਾਤਾਰ ਰੀਅਲ-ਟਾਈਮ ਟ੍ਰੈਕਿੰਗ ਹੋ ਸਕੇ। (ਥੰਪਿੰਗ)

69. ਯੋਜਨਾਬੱਧ ਸ਼ਹਿਰੀਕਰਨ ਨੂੰ ਹੋਰ ਮਜ਼ਬੂਤ ਕਰਨ ਅਤੇ ਨਾਗਰਿਕ ਬੁਨਿਆਦੀ ਢਾਂਚੇ ਵਿੱਚ ਸੁਧਾਰ ਕਰਨ ਲਈ ਵਿੱਤੀ ਸਾਲ 2026-27 ਵਿੱਚ ਰਿਹਾਇਸ਼ ਅਤੇ ਸ਼ਹਿਰੀ ਵਿਕਾਸ ਖੇਤਰ ਲਈ 7,257 ਕਰੋੜ ਰੁਪਏ ਦੇ ਬਜਟ ਦੀ ਤਜਵੀਜ਼ ਹੈ।

## ਉਦਯੋਗ ਅਤੇ ਵਣਜ

70. ਮਾਣਯੋਗ ਸਭਾਪਤੀ ਸਾਹਿਬ, ਸਾਡੀ ਸਰਕਾਰ ਦੀਆਂ ਸੁਧਾਰ-ਪੱਖੀ ਨੀਤੀਆਂ ਨੇ ਪੰਜਾਬ ਦੀ ਆਰਥਿਕ ਸਮਰੱਥਾ ਵਿੱਚ ਮੁੜ ਵਿਸ਼ਵਾਸ ਜਗਾਉਣਾ ਸ਼ੁਰੂ ਕਰ ਦਿੱਤਾ ਹੈ। ਮਾਰਚ, 2022 ਤੋਂ ਹੁਣ ਤੱਕ ਸੂਬੇ ਨੂੰ 1,45,371 ਲੱਖ ਕਰੋੜ ਰੁਪਏ ਦੇ 8,049 ਨਿਵੇਸ਼ ਪ੍ਰਸਤਾਵ ਪ੍ਰਾਪਤ ਹੋਏ ਹਨ, ਜਿਸ ਨਾਲ 5.21 ਲੱਖ ਤੋਂ ਵੱਧ ਵਿਅਕਤੀਆਂ ਨੂੰ ਰੁਜ਼ਗਾਰ ਮਿਲਣ ਦੀ ਉਮੀਦ ਹੈ। ਇਸ ਤੋਂ ਇਲਾਵਾ, ਵਿਕਾਸ ਦੀ ਰਫ਼ਤਾਰ ਹੋਰ ਵੀ ਤੇਜ਼ ਹੋ ਰਹੀ ਹੈ ਕਿਉਂਕਿ ਸਾਲ 2025 ਵਿੱਚ ਪੰਜਾਬ ਵਿੱਚ 55,000 ਕਰੋੜ ਰੁਪਏ ਦਾ ਨਿਵੇਸ਼ ਹੋਇਆ ਹੈ, ਜੋ ਕਿ ਪੰਜਾਬ ਦੇ ਇਤਿਹਾਸ ਵਿੱਚ ਕਿਸੇ ਵੀ ਇੱਕ ਸਾਲ ਅੰਦਰ ਹੋਇਆ ਸਭ ਤੋਂ ਵੱਡਾ ਨਿਵੇਸ਼ ਹੈ। ਨਿਵੇਸ਼ਕਾਂ ਦੇ ਇਸ ਵਧਦੇ ਭਰੋਸੇ ਦੀ ਝਲਕ ਸੂਬੇ ਵਿੱਚ ਵੱਧ ਰਹੇ ਵਿਦੇਸ਼ੀ ਨਿਵੇਸ਼ ਤੋਂ ਵੀ ਮਿਲਦੀ ਹੈ, ਜੋ ਭਾਰਤ ਸਰਕਾਰ ਦੇ ਅੰਕੜਿਆਂ ਅਨੁਸਾਰ ਸਾਲ 2022 ਦੇ ਮੁਕਾਬਲੇ 2025 ਵਿੱਚ ਦੁੱਗਣਾ ਹੋ ਗਿਆ ਹੈ। ਇਸ ਦੇ ਸਿੱਟੇ ਵਜੋਂ ਰਾਜ ਕੁੱਲ ਐਫ.ਡੀ.ਆਈ. ਇਨਫਲੋਅ ਵਿੱਚ ਪਹਿਲੇ 15ਵੇਂ ਰੈਂਕ ਤੋਂ ਵੱਧ ਕੇ ਹੁਣ 11ਵੇਂ ਰੈਂਕ 'ਤੇ ਆ ਗਿਆ ਹੈ।

71. ਮਾਣਯੋਗ ਸਭਾਪਤੀ ਸਾਹਿਬ, ਮਾਰਚ, 2022 ਤੋਂ ਹੁਣ ਤੱਕ ਲਗਾਤਾਰ ਚਲ ਰਹੇ ਨੀਤੀਗਤ ਢਾਂਚਿਆਂ ਦੇ ਅਧੀਨ ਲਗਭਗ 1,198 ਉਦਯੋਗਿਕ ਇਕਾਈਆਂ ਨੂੰ 14,734 ਕਰੋੜ ਰੁਪਏ ਦੇ ਵਿੱਤੀ ਪ੍ਰੋਤਸਾਹਨ ਪ੍ਰਵਾਨ ਕੀਤੇ ਗਏ ਹਨ। ਇਸ ਦੇ ਨਾਲ ਹੀ ਉਦਯੋਗਿਕ ਮੁਕਾਬਲੇਬਾਜ਼ੀ ਨੂੰ ਬਰਕਰਾਰ ਰੱਖਣ ਲਈ ਰਿਆਇਤੀ ਬਿਜਲੀ ਦਰਾਂ ਦੇ ਮੱਦੇਨਜ਼ਰ ਰਾਜ ਸਰਕਾਰ ਵੱਲੋਂ 9,275 ਕਰੋੜ ਰੁਪਏ ਦਾ ਖਰਚਾ ਕੀਤਾ ਗਿਆ ਹੈ।

72. ਸਰਕਾਰ ਨੇ ਲੰਬੇ ਸਮੇਂ ਤੋਂ ਲਟਕਦੇ ਉਦਯੋਗਿਕ ਬਕਾਏ ਦੇ ਨਿਪਟਾਰੇ ਅਤੇ ਉਦਯੋਗਿਕ ਇਕਾਈਆਂ ਦੀ ਮੁੜ-ਸੁਰਜੀਤੀ ਵਿੱਚ ਸਹਾਇਤਾ ਲਈ 'ਯਕਮੁਸ਼ਤ ਨਿਪਟਾਰਾ' (OTS) ਸਕੀਮਾਂ ਸ਼ੁਰੂ ਕੀਤੀਆਂ ਹਨ। ਇਸ ਪਹਿਲਕਦਮੀ ਨਾਲ ਲਗਭਗ 3,100 ਉਦਯੋਗਿਕ ਇਕਾਈਆਂ ਨੂੰ ਲਾਭ ਹੋਣ ਦੀ ਉਮੀਦ ਹੈ। ਇਸ ਤੋਂ ਇਲਾਵਾ, ਉਦਯੋਗਿਕ ਪਲਾਟਾਂ ਦੀ ਵਧੀ ਹੋਈ ਜ਼ਮੀਨ ਦੀ ਕੀਮਤ ਅਤੇ ਮੂਲ ਲਾਗਤ ਨਾਲ ਸਬੰਧਤ ਬਕਾਇਆ ਰਕਮਾਂ ਦੇ

ਨਿਪਟਾਰੇ ਲਈ ਇੱਕ ਵੱਖਰੀ 'ਯਕਮੁਸ਼ਤ ਨਿਪਟਾਰਾ' ਨੀਤੀ ਪੇਸ਼ ਕੀਤੀ ਗਈ ਹੈ।

73. ਮਾਣਯੋਗ ਸਭਾਪਤੀ ਸਾਹਿਬ, ਪਿਛਲੇ ਚਾਰ ਸਾਲਾਂ ਦੌਰਾਨ ਰੱਖੀ ਗਈ ਮਜ਼ਬੂਤ ਬੁਨਿਆਦ ਨੂੰ ਅੱਗੇ ਵਧਾਉਂਦਿਆਂ ਅਤੇ ਉਦਯੋਗਿਕ ਖੇਤਰ ਵਿੱਚ ਉੱਭਰ ਰਹੇ ਨਵੇਂ ਮੌਕਿਆਂ ਦੇ ਮੱਦੇਨਜ਼ਰ ਸਾਡੀ ਸਰਕਾਰ ਨੇ 'ਉਦਯੋਗਿਕ ਨੀਤੀ 2026' ਨੂੰ ਪ੍ਰਵਾਨਗੀ ਦਿੱਤੀ ਹੈ। ਇਸ ਨਵੀਂ ਨੀਤੀ ਦਾ ਮੁੱਖ ਉਦੇਸ਼ ਕਾਰੋਬਾਰ ਕਰਨ ਦੀ ਸੌਖ ਨੂੰ ਹੋਰ ਮਜ਼ਬੂਤ ਕਰਨਾ, ਵਿਸ਼ੇਸ਼ ਖੇਤਰਾਂ ਲਈ ਰਿਆਇਤਾਂ ਦਾ ਵਿਸਥਾਰ ਕਰਨਾ ਅਤੇ ਨਿਵੇਸ਼-ਅਧਾਰਿਤ ਵਿਕਾਸ ਨੂੰ ਨਵੀਂ ਰਫ਼ਤਾਰ ਦੇਣਾ ਹੈ। ਇਹ ਨੀਤੀ ਕੋਈ ਰਵਾਇਤੀ ਸੁਧਾਰ ਨਹੀਂ, ਸਗੋਂ 'ਪੰਜਾਬ ਉਦਯੋਗ ਕ੍ਰਾਂਤੀ ਪਹਿਲਕਦਮੀ' ਤਹਿਤ ਚਲਾਈ ਗਈ ਵਿਆਪਕ ਅਤੇ ਸਾਂਝੀ ਪ੍ਰਕਿਰਿਆ ਦਾ ਸਿੱਟਾ ਹੈ। ਇਸ ਉਪਰਾਲੇ ਦੇ ਤਹਿਤ 24 ਖੇਤਰੀ ਕਮੇਟੀਆਂ ਦਾ ਗਠਨ ਕੀਤਾ ਗਿਆ ਅਤੇ "ਰਾਈਜ਼ਿੰਗ ਪੰਜਾਬ: ਸੁਝਾਅ ਤੋਂ ਹੱਲ ਤੱਕ" ਅਧੀਨ ਰਾਜ ਪੱਧਰੀ ਸਲਾਹ-ਮਸ਼ਵਰੇ ਕੀਤੇ ਗਏ ਸਨ। ਨੀਤੀ ਨਿਰਮਾਣ ਦੀ ਜ਼ਿੰਮੇਵਾਰੀ ਸਿੱਧੀ ਉਦਯੋਗਿਕ ਭਾਈਵਾਲਾਂ ਦੇ ਹੱਥਾਂ ਵਿੱਚ ਦੇ ਕੇ ਅਸੀਂ ਇਹ ਯਕੀਨੀ ਬਣਾਇਆ ਹੈ ਕਿ ਨਵੀਂ ਉਦਯੋਗਿਕ ਨੀਤੀ 2026 ਅਸਲ ਕਾਰੋਬਾਰੀ ਲੋੜਾਂ ਨੂੰ ਦਰਸਾਵੇ, ਕਾਰਗੁਜ਼ਾਰੀ ਸਬੰਧੀ ਚੁਣੌਤੀਆਂ ਨੂੰ ਹੱਲ ਕਰੇ ਅਤੇ ਪੰਜਾਬ ਨੂੰ ਰੁਜ਼ਗਾਰ ਮੁਖੀ ਅਤੇ ਟਿਕਾਊ ਉਦਯੋਗਿਕ ਵਿਸਥਾਰ ਦੇ ਅਗਲੇ ਪੜਾਅ ਲਈ ਤਿਆਰ ਕਰੇ।

74. ਇਸ ਰਫ਼ਤਾਰ ਅਤੇ ਪਾਲਿਸੀ ਦੇ ਮੂਲ-ਢਾਂਚੇ (ਈਕੋ-ਸਿਸਟਮ) ਨੂੰ ਹੋਰ ਮਜ਼ਬੂਤ ਕਰਦਿਆਂ ਸਾਡੇ ਉਦਯੋਗਿਕ ਪ੍ਰਬੰਧ ਵਿੱਚ ਪਾਰਦਰਸ਼ਤਾ ਲਿਆਉਣ ਅਤੇ ਨਿਵੇਸ਼ਕਾਂ ਦੇ ਭਰੋਸੇ ਨੂੰ ਹੋਰ ਪੱਕਾ ਕਰਨ ਲਈ ਕਈ ਬੁਨਿਆਦੀ ਸੁਧਾਰ ਕੀਤੇ ਗਏ ਹਨ। 'ਫਾਸਟ ਟ੍ਰੈਕ ਪੰਜਾਬ ਪੋਰਟਲ' ਸਮਾਂਬੱਧ, ਸਿੰਗਲ-ਵਿੰਡੋ ਕਲੀਅਰੈਂਸ ਨੂੰ ਡੀਮਡ ਅਪਰੂਵਲ ਵਿਧੀ ਰਾਹੀਂ ਯਕੀਨੀ ਬਣਾਉਂਦਾ ਹੈ। ਇਸ ਦੇ ਨਾਲ ਹੀ 'ਪੰਜਾਬ ਰਾਈਟ ਟੂ ਬਿਜ਼ਨਸ ਐਕਟ' ਵਿੱਚ ਕੀਤੀਆਂ ਸੋਧਾਂ ਯੋਗ ਉੱਦਮਾਂ ਨੂੰ ਸਿਧਾਂਤਕ ਮਨਜ਼ੂਰੀਆਂ ਦੇ ਆਧਾਰ 'ਤੇ ਸਵੈ-ਘੋਸ਼ਣਾ ਰਾਹੀਂ ਕਾਰੋਬਾਰ ਸ਼ੁਰੂ ਕਰਨ ਦੀ ਆਗਿਆ ਦਿੰਦੀਆਂ ਹਨ । ਉਦਯੋਗਿਕ ਜ਼ਮੀਨ ਪ੍ਰਬੰਧਨ ਵਿੱਚ ਕੀਤੇ ਗਏ ਸੁਧਾਰਾਂ ਨੇ ਲੰਬੇ ਸਮੇਂ ਤੋਂ ਚੱਲ ਰਹੀਆਂ ਰੁਕਾਵਟਾਂ ਨੂੰ ਦੂਰ ਕਰ ਦਿੱਤਾ ਹੈ ਜਿਨ੍ਹਾਂ ਵਿੱਚ 'ਵਨ-ਟਾਈਮ ਸੈਟਲਮੈਂਟ' ਦੇ ਪ੍ਰਬੰਧ, ਪਲਾਟਾਂ ਦੀ ਵਰਤੋਂ ਲਈ ਲਚਕਦਾਰ ਨੀਤੀਆਂ ਅਤੇ ਸੁਚਾਰੂ ਰੂਪਾਂਤਰਣ ਵਿਧੀਆਂ ਸ਼ਾਮਲ ਹਨ। ਇਸ ਦੇ ਨਾਲ ਹੀ, ਝਗੜਾ ਨਿਪਟਾਰਾ ਪ੍ਰਣਾਲੀਆਂ, ਕਲੱਸਟਰ ਵਿਕਾਸ ਪਹਿਲਕਦਮੀਆਂ, ਲੌਜਿਸਟਿਕਸ ਵਿੱਚ ਸੁਧਾਰ ਅਤੇ ਡਿਜੀਟਲ ਸਹੂਲਤਾਂ ਵਾਲੇ ਪਲੇਟਫਾਰਮਾਂ ਰਾਹੀਂ ਐੱਮ.ਐੱਸ.ਐੱਮ.ਈਜ਼ (MSMEs) ਨੂੰ ਦਿੱਤੀ ਜਾ ਰਹੀ ਮਜ਼ਬੂਤ ਸਹਾਇਤਾ ਇਹ ਯਕੀਨੀ ਬਣਾ ਰਹੀ ਹੈ ਕਿ ਉਦਯੋਗਿਕ ਵਿਕਾਸ ਵਿਆਪਕ, ਰੁਜ਼ਗਾਰਮੁਖੀ ਅਤੇ ਖੇਤਰੀ ਤੌਰ 'ਤੇ ਸੰਤੁਲਿਤ ਰਹੇ।

75. ਪੰਜਾਬ ਦੀ ਉਦਯੋਗਿਕ ਗਤੀ ਨੂੰ ਹੋਰ ਤੇਜ਼ ਕਰਨ ਲਈ ਵਿੱਤੀ ਸਾਲ 2026–27 ਵਿੱਚ ਉਦਯੋਗ ਅਤੇ ਵਣਜ ਖੇਤਰ ਲਈ 2,805 ਕਰੋੜ ਰੁਪਏ ਅਲਾਟ ਕੀਤੇ ਗਏ ਹਨ। ਇਸ ਵਿੱਚ ਉਦਯੋਗਾਂ ਨੂੰ ਸਬਸਿਡੀ ਵਾਲੀ ਬਿਜਲੀ ਦੀ ਨਿਰੰਤਰ ਸਹਾਇਤਾ ਅਤੇ ਨਿਵੇਸ਼ ਨੂੰ ਉਤਸ਼ਾਹਿਤ ਕਰਨ ਅਤੇ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਲਈ ਵੱਖ-ਵੱਖ ਉਦਯੋਗਾਂ ਨੂੰ ਵਿੱਤੀ ਰਿਆਇਤਾਂ ਦੇਣ ਵਾਸਤੇ 500 ਕਰੋੜ ਰੁਪਏ ਸ਼ਾਮਲ ਹਨ।

## ਰੁਜ਼ਗਾਰ ਉਤਪਤੀ ਅਤੇ ਸਿਖਲਾਈ

76. ਰੁਜ਼ਗਾਰ ਉਤਪਤੀ ਅਤੇ ਨੌਜਵਾਨ ਸਸ਼ਕਤੀਕਰਨ ਸਾਡੀ ਸਰਕਾਰ ਦੀਆਂ ਮੁੱਖ ਤਰਜੀਹਾਂ ਹਨ। ਸਾਡੀ ਸਰਕਾਰ ਨੇ ਆਪਣੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ, ਸਾਲ 2022 ਤੋਂ ਲੈ ਕੇ ਹੁਣ ਤੱਕ ਵੱਖ-ਵੱਖ ਵਿਭਾਗਾਂ

ਵਿੱਚ 63,943 ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਮੁਹੱਈਆ ਕਰਵਾਈਆਂ ਹਨ।

ਮਾਣਯੋਗ ਸਭਾਪਤੀ ਜੀ, ਮੇਰੇ ਯਾਦ ਹੈ ਕਿ ਪਹਿਲੀ ਕੈਬਨਿਟ ਮੀਟਿੰਗ ਵਿੱਚ ਸਰਦਾਰ ਭਗਵੰਤ ਸਿੰਘ ਮਾਨ, ਮਾਣਯੋਗ ਮੁੱਖ ਮੰਤਰੀ ਜੀ ਨੇ ਆਉਂਦਿਆਂ ਕਿਹਾ ਕਿ ਪਹਿਲਾਂ ਏਜੰਡਾ ਮੈਨੂੰ ਦਿਓ, ਜਿਸ ਵਿੱਚ ਮੈਂ ਪੰਜਾਬ ਦੇ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰ ਸਕਾਂ। ਸੋ, ਪਹਿਲੀ ਕੈਬਨਿਟ ਦੌਰਾਨ 30,000 ਨੌਕਰੀਆਂ ਦਾ ਇਸ਼ਤਿਹਾਰ ਜਾਰੀ ਹੋਇਆ ਸੀ, ਜਿਹੜਾ ਅੱਜ ਵੱਧ ਕੇ 64,000 ਨੂੰ ਪਾਰ ਹੋ ਗਿਆ ਹੈ (ਥੰਪਿੰਗ) ਤਾਂ ਹੀ ਅੱਜ ਪੰਜਾਬ ਦੀਆਂ ਸਾਰੀਆਂ ਯੂਨੀਵਰਸਿਟੀਆਂ, ਕਾਲਜ, ਸਾਰੇ ਸਿਖਲਾਈ ਦੇ ਇੰਸਟੀਚਿਊਟਾਂ ਵਿੱਚ ਵਿਦਿਆਰਥੀਆਂ ਦਾ ਦਾਖਲਾ ਵੱਧ ਗਿਆ ਅਤੇ ਡਰਾਪ ਆਊਟ ਖਤਮ ਹੋ ਗਿਆ, ਨਹੀਂ ਤਾਂ ਆਈਲੈਟਸ ਸੈਂਟਰ ਬਹੁਤ ਤੇਜ਼ੀ ਨਾਲ ਅੱਗੇ ਵੱਧ ਰਹੇ ਸੀ।

77. ਵਿੱਤੀ ਸਾਲ 2025-26 ਦੌਰਾਨ ਰਾਜ ਭਰ ਵਿੱਚ ਆਯੋਜਿਤ 1,356 ਤੋਂ ਵੱਧ ਪਲੇਸਮੈਂਟ ਕੈਂਪਾਂ ਅਤੇ ਰੁਜ਼ਗਾਰ ਮੇਲਿਆਂ ਰਾਹੀਂ 70,000 ਤੋਂ ਵੱਧ ਉਮੀਦਵਾਰਾਂ ਨੂੰ ਨੌਕਰੀਆਂ ਲੈਣ ਵਿਚ ਸਹਾਇਤਾ ਮਿਲੀ। ਇਸ ਤੋਂ ਇਲਾਵਾ 261 ਸਵੈ-ਰੁਜ਼ਗਾਰ ਕੈਂਪਾਂ ਨੇ 15,000 ਤੋਂ ਵੱਧ ਨੌਜਵਾਨਾਂ ਨੂੰ ਆਪਣੇ ਸੁਪਨੇ ਸਾਕਾਰ ਕਰਨ ਲਈ ਕਰਜ਼ਾ ਸਹਾਇਤਾ ਪ੍ਰਾਪਤ ਕਰਨ ਦੇ ਯੋਗ ਬਣਾਇਆ, ਜਦ ਕਿ 2.95 ਲੱਖ ਤੋਂ ਵੱਧ ਉਮੀਦਵਾਰਾਂ ਨੂੰ ਵਿਆਪਕ ਕੈਰੀਅਰ ਕਾਊਂਸਲਿੰਗ ਅਤੇ ਕਿੱਤਾਮੁਖੀ ਮਾਰਗਦਰਸ਼ਨ ਪ੍ਰਦਾਨ ਕੀਤਾ ਗਿਆ। ਮਾਣਯੋਗ ਸਭਾਪਤੀ ਜੀ, ਸਰਕਾਰ ਦੁਆਰਾ ਸੰਗਰੂਰ ਅੰਦਰ ਵਿਧਾਨ ਸਭਾ ਹਲਕਾ ਸੁਨਾਮ ਵਿਖੇ ਚੀਮਾ ਵਿੱਚ ਡਿਗਰੀ ਕਾਲਜ ਦੇ ਨਾਲ ਇਕ ਨਵਾਂ ਹਥਿਆਰਬੰਦ ਬਲ ਸੰਸਥਾਨ ਤਿਆਰ ਕਰਨ ਦੀ ਤਜਵੀਜ਼ ਹੈ। (ਥੰਪਿੰਗ) ਪੰਜਾਬ ਦੇ ਨੌਜਵਾਨਾਂ ਨੂੰ ਦੇਸ਼ ਦੀ ਸੇਵਾ ਲਈ ਉਤਸ਼ਾਹਿਤ ਕਰਨ ਲਈ ਲੜਕਿਆਂ ਲਈ ਸੰਤ ਅਤਰ ਸਿੰਘ ਜੀ ਮਹਾਰਾਜ ਹਥਿਆਰਬੰਦ ਬਲ ਤਿਆਰ ਸੰਸਥਾ ਸਥਾਪਤ ਕਰਨ ਦੀ ਤਜਵੀਜ਼ ਕੀਤੀ ਗਈ ਹੈ। ਇਹ ਸੰਸਥਾ ਮਾਲਵਾ ਖੇਤਰ ਦੇ ਮਹਾਨ ਸਿੱਖਿਆ ਸ਼ਾਸਤਰੀ, ਸੁਧਾਰਕ ਅਤੇ ਸੰਨ 1885 ਤੋਂ 1891 ਤੱਕ ਸੇਵਾ ਨਿਭਾਉਣ ਵਾਲੇ 54ਵੇਂ ਸਿੱਖ ਬਟਾਲੀਅਨ ਦੇ ਸਾਬਕਾ ਸਿਪਾਹੀ ਸੰਤ ਅਤਰ ਸਿੰਘ ਜੀ ਮਹਾਰਾਜ ਦੇ ਜਨਮ ਅਸਥਾਨ ਤੇ ਸਥਾਪਤ ਕੀਤੀ ਜਾਵੇਗੀ। ਇਹ ਜ਼ਿਕਰਯੋਗ ਹੈ ਕਿ 31 ਜਨਵਰੀ, 2027 ਨੂੰ ਸੰਤ ਅਤਰ ਸਿੰਘ ਜੀ ਮਹਾਰਾਜ ਜੀ ਦੀ 100ਵੀਂ ਬਰਸੀ ਹੋਵੇਗੀ। ਮੌਜੂਦਾ ਸਮੇਂ ਪੰਜਾਬ ਦੇ ਮੁਹਾਲੀ ਸ਼ਹਿਰ ਵਿੱਚ 11ਵੀਂ ਅਤੇ 12ਵੀਂ ਜਮਾਤ ਦੇ ਲੜਕਿਆਂ ਦਾ 96 ਸੀਟਾਂ ਵਾਲਾ ਹਥਿਆਰਬੰਦ ਬਲ ਤਿਆਰ ਸੰਸਥਾਨ ਹੈ। ਸੂਬੇ ਵਿੱਚ ਕੌਮੀ ਪੱਧਰ ਤੇ ਤਿਆਰੀ ਕਰਨ ਲਈ ਕੋਈ ਵੀ ਸੰਸਥਾ ਨਹੀਂ ਹੈ। ਹਥਿਆਰਬੰਦ ਬਲਾਂ ਵਿੱਚ ਭਰਤੀ ਹੋਣ ਲਈ ਪੰਜਾਬ ਦੇ ਨੌਜਵਾਨਾਂ ਦੇ ਉਤਸ਼ਾਹ ਦੇ ਨਾਲ ਹਰ ਸਾਲ ਸਿਰਫ 48 ਸੀਟਾਂ ਲਈ 5000 ਤੋਂ ਵੱਧ ਵਿਦਿਆਰਥੀ ਅਪਲਾਈ ਕਰ ਸਕਦੇ ਹਨ। ਸੀਮਤ ਸਮਰੱਥਾ ਦੇ ਬਾਵਜੂਦ ਇਸ ਸੰਸਥਾ ਨੇ ਲਗਭਗ 62 ਫੀਸਦੀ ਦੀ ਸਫਲਤਾ ਦਰ ਹਾਸਲ ਕੀਤੀ ਹੈ ਜਿਸ ਦੇ ਬਹੁਤ ਸਾਰੇ ਵਿਦਿਆਰਥੀ ਸੁਰੱਖਿਆ ਬਲਾਂ ਵਿੱਚ ਚੁਣੇ ਗਏ ਹਨ। ਚੀਮਾ ਵਿਖੇ ਤਜਵੀਜ਼ ਕੀਤੀ ਇਹ ਸੰਸਥਾ ਰੱਖਿਆ ਖੇਤਰ ਵਿੱਚ ਜਾਣ ਦੇ ਚਾਹਵਾਨ ਵਿਦਿਆਰਥੀਆਂ ਲਈ ਵੱਡੇ ਮੌਕੇ ਪ੍ਰਦਾਨ ਕਰੇਗੀ ਅਤੇ ਦੇਸ਼ ਦੀਆਂ ਹਥਿਆਰਬੰਦ ਸੈਨਾਵਾਂ ਵਿੱਚ ਯੋਗਦਾਨ ਪਾਉਣ ਲਈ ਪੰਜਾਬ ਦੀਆਂ ਮਾਣਮੱਤੀ ਪਰੰਪਰਾਵਾਂ ਨੂੰ ਹੋਰ ਮਜ਼ਬੂਤੀ ਦੇਵੇਗੀ।

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ (ਸ਼੍ਰੀ ਅਮਨ ਅਰੋੜਾ):** ਸਰ, ਮੈਂ ਸਿਰਫ ਧੰਨਵਾਦ ਕਰਨਾ ਹੈ ਜੀ। ਬਹੁਤ ਬਹੁਤ ਧੰਨਵਾਦ ਜੀ। ਜਿੱਥੇ ਮਾਨ ਸਾਹਿਬ ਦੀ ਅਗਵਾਈ ਵਿੱਚ ਚੀਮਾ ਸਾਹਿਬ ਅੱਜ ਪੰਜਾਬ ਦੇ ਬਹੁਪੱਖੀ

ਵਿਕਾਸ ਵਾਲਾ 5ਵਾਂ ਬਜਟ ਪੇਸ਼ ਕਰ ਰਹੇ ਹਨ ਕਿਉਂਕਿ ਇਹ ਇੰਸਟੀਚਿਊਸ਼ਨ ਮੇਰੇ ਹਲਕੇ ਵਿੱਚ ਪੈਂਦਾ ਹੈ। ਚੀਮਾ ਸੰਤ ਬਾਬਾ ਅਤਰ ਸਿੰਘ ਮਹਾਰਾਜ ਜੀ ਦੀ ਪਵਿੱਤਰ ਧਰਤੀ ਹੈ। ਸੀ.ਐਮ. ਸਾਹਿਬ ਦਾ ਵੀ ਉਹੀ ਇਲਾਕਾ ਪੈਂਦਾ ਹੈ। ਮੇਰੀ ਮੰਗ ਦੇ ਉੱਪਰ ਸੀ.ਐਮ. ਸਾਹਿਬ ਨੇ ਇਸਨੂੰ ਮਨਜ਼ੂਰ ਕੀਤਾ ਹੈ ਔਰ ਚੀਮਾ ਸਾਹਿਬ ਨੇ ਇਸ ਬਜਟ ਦੇ ਵਿੱਚ ਪ੍ਰੋਵੀਜ਼ਨ ਕੀਤੀ ਹੈ। ਮੈਂ ਵਿਸ਼ੇਸ਼ ਤੌਰ ਤੇ ਧੰਨਵਾਦ ਕਰਦਾ ਹਾਂ ਕਿਉਂਕਿ ਸੰਤ ਬਾਬਾ ਅਤਰ ਸਿੰਘ ਜੀ ਮਹਾਰਾਜ ਹਿਸਟਰੀ ਦੇ ਇੱਕ ਅਜਿਹੇ ਮਹਾਨ ਸੰਤ, ਸਿਪਾਹੀ, ਐਜੂਕੇਸ਼ਨਿਸਟ ਅਤੇ ਫਿਲਾਸਫਰ ਹੋਏ ਹਨ, ਜਿਨ੍ਹਾਂ ਨੂੰ ਸਿਰਫ ਸਾਡੇ ਇਲਾਕੇ ਦੇ ਵਿੱਚ ਹੀ ਨਹੀਂ, ਸਗੋਂ ਜਿਹੜਾ ਵੀ ਵਿਅਕਤੀ ਐਜੂਕੇਸ਼ਨ ਨੂੰ ਪਿਆਰ ਕਰਦਾ ਹੈ, ਉਹ ਉਨ੍ਹਾਂ ਨੂੰ ਰੱਬ ਵਾਂਗ ਪੂਜਦਾ ਹੈ। ਸੋ, ਚੀਮਾ ਸਾਹਿਬ ਤੁਹਾਡਾ ਅਤੇ ਮਾਨ ਸਾਹਿਬ ਦਾ, ਚੀਮਾ ਵਿਖੇ ਡਿਗਰੀ ਕਾਲਜ ਦੇਣ ਤੇ ਆਰਮਡ ਫੋਰਸਿਜ਼ ਸੰਸਥਾ ਦੇਣ ਲਈ ਮੈਂ ਧੰਨਵਾਦ ਕਰਦਾ ਹਾਂ। ਜਿਹੜੇ ਬੱਚੇ ਐਨ.ਡੀ.ਏ. ਵਿੱਚ ਜਾਣਾ ਚਾਹੁੰਦੇ ਹਨ, ਉਨ੍ਹਾਂ ਲਈ ਇਹ ਇੰਸਟੀਚਿਊਟ ਦੇਣ ਲਈ ਦਿਲ ਦੀਆਂ ਗਹਿਰਾਈਆਂ ਤੋਂ ਬਹੁਤ ਬਹੁਤ ਧੰਨਵਾਦ ਹੈ ਜੀ।

**ਸ੍ਰੀ ਸਭਾਪਤੀ:** ਚੀਮਾ ਸਾਹਿਬ, ਅੱਜ ਸਭ ਨੂੰ ਖੁਸ਼ ਕਰੀ ਜਾਂਦੇ ਹਨ।

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ:** ਪੂਰਾ ਜੀ ਪੂਰਾ।

**ਵਿੱਤ ਮੰਤਰੀ:**

78. ਪੰਜਾਬ ਹੁਣ ਰੱਖਿਆ ਅਤੇ ਰਣਨੀਤਕ ਖੇਤਰ ਦੇ ਹੁਨਰ ਵਿੱਚ ਮਹਾਨ ਕੇਂਦਰ ਵਜੋਂ ਆਪਣੀ ਵਿਲੱਖਣ ਪਛਾਣ ਬਣਾ ਰਿਹਾ ਹੈ। ਸਿਖਲਾਈ ਪ੍ਰਣਾਲੀਆਂ ਨੂੰ ਉਦਯੋਗਿਕ ਲੋੜਾਂ ਦੇ ਅਨੁਕੂਲ ਢਾਲਣ ਲਈ ਜਨਵਰੀ, 2026 ਵਿੱਚ ਇਤਿਹਾਸਕ 'ਡਿਫੈਂਸ ਸਕਿੱਲ ਸਮਿਟ' ਦਾ ਆਯੋਜਨ ਕੀਤਾ ਗਿਆ, ਜਿਸ ਦੇ ਨਤੀਜੇ ਵਜੋਂ ਦੇਸ਼ ਦੀਆਂ ਪ੍ਰਮੁੱਖ ਉਦਯੋਗਿਕ ਇਕਾਈਆਂ ਨਾਲ ਅਹਿਮ ਭਾਈਵਾਲੀਆਂ ਸਥਾਪਤ ਹੋਈਆਂ ਹਨ। 'ਪੰਜਾਬ ਸਕਿੱਲ ਡਿਵੈਲਪਮੈਂਟ ਮਿਸ਼ਨ' ਤਹਿਤ ਹਜ਼ਾਰਾਂ ਨੌਜਵਾਨਾਂ ਨੂੰ ਸੇਵਾ ਅਤੇ ਨਿਰਮਾਣ ਖੇਤਰਾਂ ਵਿੱਚ ਸਿਖਲਾਈ ਦਿੱਤੀ ਗਈ ਹੈ ਅਤੇ ਉਨ੍ਹਾਂ ਦੀ ਪਲੇਸਮੈਂਟ ਦੀ ਪ੍ਰਕਿਰਿਆ ਨਿਰੰਤਰ ਜਾਰੀ ਹੈ।

79. ਸੀ-ਪਾਈਟ (CPYTE) ਕੇਂਦਰਾਂ ਵੱਲੋਂ ਨੌਜਵਾਨਾਂ ਨੂੰ ਹਥਿਆਰਬੰਦ ਸੈਨਾਵਾਂ ਲਈ ਤਿਆਰ ਕਰਨਾ ਜਾਰੀ ਰੱਖਿਆ ਹੋਇਆ ਹੈ, ਜਦ ਕਿ 'ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟਸ' ਵਿੱਚ ਅਫ਼ਸਰਾਂ ਦੀ ਭਰਤੀ (ਕਮਿਸ਼ਨਿੰਗ) ਦੇ ਮਾਮਲੇ ਵਿੱਚ ਸ਼ਾਨਦਾਰ ਸਫਲਤਾ ਹਾਸਲ ਕੀਤੀ ਹੈ, ਜਿਸ ਵਿੱਚ ਇਸਤਰੀ ਕੈਡੇਟਾਂ ਦੀ ਵਧਦੀ ਭਾਗੀਦਾਰੀ ਵੀ ਸ਼ਾਮਲ ਹੈ। ਹੁਸ਼ਿਆਰਪੁਰ ਦੇ ਬਜਵਾੜਾ ਵਿਖੇ ਨਵਾਂ ਸਥਾਪਿਤ 'ਸਰਦਾਰ ਬਹਾਦਰ ਅਮੀਨ ਚੰਦ ਸੋਨੀ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ' ਲਗਭਗ ਮੁਕੰਮਲ ਹੋ ਚੁੱਕਿਆ ਹੈ। ਇਹ ਵਿੱਤੀ ਸਾਲ 2026-27 ਵਿੱਚ ਦਾਖ਼ਲਾ ਪ੍ਰੀਖਿਆਵਾਂ ਅਤੇ ਐੱਸ.ਐੱਸ.ਬੀ. ਤਿਆਰੀ ਲਈ ਸਮਰਪਿਤ ਵਿੰਗਾਂ ਦੇ ਨਾਲ ਸਿਖਲਾਈ ਸ਼ੁਰੂ ਕਰ ਦੇਵੇਗਾ। ਇਹ ਪੰਜਾਬ ਦੇ ਨੌਜਵਾਨਾਂ ਲਈ ਰੱਖਿਆ ਸੇਵਾਵਾਂ ਵਿੱਚ ਸ਼ਾਮਲ ਹੋਣ ਦੇ ਢਾਂਚਾਗਤ ਰਾਹਾਂ ਨੂੰ ਹੋਰ ਵਿਸਥਾਰ ਦੇਵੇਗਾ। ਇਨ੍ਹਾਂ ਵੱਖ-ਵੱਖ ਉਪਰਾਲਿਆਂ ਨੂੰ ਅੱਗੇ ਵਧਾਉਣ ਲਈ ਵਿੱਤੀ ਸਾਲ 2026-27 ਵਿੱਚ 287 ਕਰੋੜ ਰੁਪਏ ਦਾ ਬਜਟ ਉਪਬੰਧ ਕੀਤਾ ਗਿਆ ਹੈ।

### ਯੁੱਧ ਨਸ਼ਿਆਂ ਦੇ ਵਿਰੁੱਧ

80. ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਵੱਡਾ ਸੁਪਨਾ ਕਿ ਪੰਜਾਬ ਨੂੰ ਨਸ਼ਾ ਮੁਕਤ ਕਿਵੇਂ ਬਣਾਉਣਾ ਹੈ, ਉਸ ਦੇ ਲਈ ਯੁੱਧ ਨਸ਼ਿਆਂ ਦੇ ਵਿਰੁੱਧ ਛੇੜਿਆ ਗਿਆ। ਮਾਣਯੋਗ ਸਪੀਕਰ ਸਾਹਿਬ, ਪਿਛਲੇ ਬਜਟ ਵਿੱਚ ਦਿੱਤੇ ਗਏ ਭਰੋਸੇ ਅਨੁਸਾਰ, "ਯੁੱਧ ਨਸ਼ਿਆਂ ਦੇ ਵਿਰੁੱਧ" ਆਰਜ਼ੀ ਮੁਹਿੰਮ ਨਹੀਂ ਬਲਕਿ ਨਸ਼ਿਆਂ ਦੇ ਖਤਰੇ ਖ਼ਿਲਾਫ਼ ਨਿਰੰਤਰ ਅੰਦੋਲਨ ਵਜੋਂ ਜਾਰੀ ਰੱਖਿਆ ਗਿਆ ਹੈ। ਪਿਛਲੇ ਸਾਲ ਦੌਰਾਨ ਐੱਨ.ਡੀ.ਪੀ.ਐੱਸ. (NDPS) ਐਕਟ ਤਹਿਤ 52,331 ਤਸਕਰਾਂ ਵਿਰੁੱਧ 36,686 ਕੇਸ ਦਰਜ ਕੀਤੇ ਗਏ ਹਨ ਅਤੇ ਖੁਫ਼ੀਆ ਜਾਣਕਾਰੀ 'ਤੇ ਅਧਾਰਤ ਕਾਰਵਾਈਆਂ ਰਾਹੀਂ 33,000 ਕਿਲੋਗ੍ਰਾਮ ਤੋਂ ਵੱਧ ਨਸ਼ੀਲੇ ਪਦਾਰਥ ਜ਼ਬਤ ਕੀਤੇ ਗਏ ਹਨ। (ਥੰਪਿੰਗ) ਨਸ਼ਾ ਤਸਕਰੀ ਤੋਂ ਪ੍ਰਾਪਤ ਨਾਜਾਇਜ਼ ਕਮਾਈ ਤੋਂ ਬਣਾਈਆਂ ਗਈਆਂ ਜਾਇਦਾਦਾਂ ਨੂੰ ਜ਼ਬਤ ਕਰਨ ਲਈ ਵਿੱਤੀ ਜਾਂਚ ਪ੍ਰਣਾਲੀ ਨੂੰ ਮਜ਼ਬੂਤ ਕੀਤਾ ਗਿਆ ਹੈ। ਇਸ ਦੇ ਨਾਲ ਹੀ ਭਾਈਚਾਰਕ ਨਿਗਰਾਨੀ ਰਾਹੀਂ ਕਾਨੂੰਨ ਲਾਗੂ ਕਰਨ ਦੀ ਪ੍ਰਕਿਰਿਆ ਨੂੰ ਹੋਰ ਬਲ ਦੇਣ ਲਈ 1.25 ਲੱਖ ਮੈਂਬਰਾਂ ਸਮੇਤ ਲਗਭਗ 12,000 ਪਿੰਡ ਸੁਰੱਖਿਆ ਕਮੇਟੀਆਂ ਅਤੇ ਹਜ਼ਾਰਾਂ "ਪਿੰਡ ਦੇ ਪਹਿਰੇਦਾਰ" ਵਲੰਟੀਅਰਾਂ ਨੂੰ ਵੀ ਸਰਗਰਮ ਕੀਤਾ ਗਿਆ ਹੈ। ਮੈਨੂੰ ਇਹ ਦੱਸਦਿਆਂ ਖੁਸ਼ੀ ਹੋ ਰਹੀ ਹੈ ਕਿ ਪਿਛਲੇ ਦੋ ਮਹੀਨਿਆਂ ਵਿੱਚ ਹੀ, 350 ਤੋਂ ਵੱਧ ਐੱਫ.ਆਈ.ਆਰਜ਼ ਦਰਜ ਕੀਤੀਆਂ ਗਈਆਂ ਹਨ ਅਤੇ ਪਿੰਡ ਸੁਰੱਖਿਆ ਕਮੇਟੀਆਂ ਦੀ ਪੁਸ਼ਟੀ ਤੇ 510 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। (ਥੰਪਿੰਗ) ਯਾਨੀ ਕਿ ਪਿੰਡਾਂ ਦੇ ਪਹਿਰੇਦਾਰ ਸਰਕਾਰ ਨੂੰ, ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਸੋਚ ਨੂੰ ਵੱਡਾ ਹੁਲਾਰਾ ਦੇ ਰਹੇ ਹਨ ਅਤੇ ਆਪ ਆ ਕੇ ਦੱਸ ਰਹੇ ਹਨ ਕਿ ਫਲਾਣਾ ਵਿਅਕਤੀ ਡਰੱਗ ਸਮਗਲਰ ਹੈ ਜਾਂ ਨਸ਼ਾ ਤਸਕਰ ਹੈ।

81. ਐਂਟੀ-ਗੈਂਗਸਟਰ ਟਾਸਕ ਫੋਰਸ (AGTF) ਲੋਕਾਂ ਦੇ ਭਰੋਸੇ ਨੂੰ ਬਹਾਲ ਕਰਨ ਵਿੱਚ ਅਹਿਮ ਭੂਮਿਕਾ ਨਿਭਾ ਰਹੀ ਹੈ। ਇਸ ਦੇ ਗਠਨ ਤੋਂ ਲੈ ਕੇ ਹੁਣ ਤੱਕ 2,762 ਗੈਂਗਸਟਰਾਂ ਅਤੇ ਅਪਰਾਧੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ, 34 ਮੁਕਾਬਲਿਆਂ ਵਿੱਚ ਖ਼ਤਮ ਕੀਤੇ ਗਏ ਹਨ, 1,062 ਮੋਡਿਊਲਾਂ ਦਾ ਪਰਦਾਫਾਸ਼ ਕੀਤਾ ਹੈ ਅਤੇ 2,203 ਹਥਿਆਰ ਬਰਾਮਦ ਕੀਤੇ ਹਨ। ਸੰਗਠਿਤ ਅਪਰਾਧ ਅਤੇ ਨਸ਼ਾ ਤਸਕਰੀ ਦੇ ਗਠਜੋੜ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਲਈ "ਆਪਰੇਸ਼ਨ ਪ੍ਰਹਾਰ" ਸ਼ੁਰੂ ਕੀਤਾ ਗਿਆ, ਜੋ ਕਿ ਗੈਂਗਸਟਰ ਨੈੱਟਵਰਕਾਂ, ਫਾਇਨੈਂਸਰਜ਼ ਅਤੇ ਸਪਲਾਈ ਲੜੀ ਨੂੰ ਖਤਮ ਕਰਨ ਲਈ ਬਣਾਇਆ ਗਿਆ। ਇਸ ਸਮਕਾਲੀ ਕਾਰਵਾਈ ਨੇ ਉਸ ਢਾਂਚੇ ਨੂੰ ਹਿਲਾ ਕੇ ਰੱਖ ਦਿੱਤਾ ਹੈ, ਜੋ ਨਸ਼ਾ ਤਸਕਰੀ ਅਤੇ ਹਿੰਸਕ ਅਪਰਾਧ ਦੀ ਬੁਨਿਆਦ ਸੀ। ਵਿੱਤੀ ਸਾਲ 2026-27 ਵਿੱਚ ਅਸੀਂ ਇਸ ਕਾਰਜ ਪ੍ਰਣਾਲੀ ਨੂੰ ਹੋਰ ਮਜ਼ਬੂਤ ਕਰਾਂਗੇ ਜਿਸ ਵਿਚ ਬਿਹਤਰ ਸਾਈਬਰ ਅਤੇ ਫੋਰੈਂਸਿਕ ਸਮਰੱਥਾਵਾਂ, ਮਜ਼ਬੂਤ ਐਂਟੀ-ਨਾਰਕੋਟਿਕਸ ਟਾਸਕ ਫੋਰਸ ਕਾਰਵਾਈਆਂ, ਡਿਜੀਟਲ ਨਿਗਰਾਨ ਪ੍ਰਣਾਲੀਆਂ ਅਤੇ ਅਪਰਾਧਕ ਨੈੱਟਵਰਕਾਂ ਦੇ ਵਿੱਤੀ ਢਾਂਚੇ ਨੂੰ ਤੋੜਨਾ ਸ਼ਾਮਲ ਹੋਵੇਗਾ। ਇਸ ਤਰ੍ਹਾਂ "ਯੁੱਧ ਨਸ਼ਿਆਂ ਦੇ ਵਿਰੁੱਧ" ਕੇਵਲ ਕਾਰਵਾਈ ਨਾ ਰਹਿ ਕੇ ਲੰਮੀ-ਮਿਆਦ ਵਾਲੇ ਪ੍ਰਸ਼ਾਸਕੀ ਢਾਂਚੇ ਦੇ ਰੂਪ ਵਿੱਚ ਵਿਕਸਿਤ ਹੋ ਰਿਹਾ ਹੈ। ਇਹ ਮੁਹਿੰਮ ਕਾਰਵਾਈ ਵਿੱਚ ਸਖ਼ਤ, ਖੁਫੀਆ ਜਾਣਕਾਰੀ ਵਿੱਚ ਸਟੀਕ ਅਤੇ ਪੰਜਾਬ ਦੇ ਨੌਜਵਾਨਾਂ ਦੇ ਭਵਿੱਖ ਨੂੰ ਸੁਰੱਖਿਅਤ ਕਰਨ ਦੇ ਆਪਣੇ ਸੰਕਲਪ ਵਿੱਚ ਅਟੱਲ ਹੈ।

82. ਮਾਣਯੋਗ ਸਭਾਪਤੀ ਸਾਹਿਬ, ਪਿਛਲੇ ਬਜਟ ਵਿੱਚ ਕੀਤੇ ਗਏ ਐਲਾਨ ਅਨੁਸਾਰ, ਰਾਜ ਨੇ 'ਜਾਤੀ ਅਤੇ ਨਸ਼ਾ ਮਰਦਮਸ਼ੁਮਾਰੀ' ਦੀ ਪਹਿਲ ਵੱਲ ਨਿਰਣਾਇਕ ਕਦਮ ਚੁੱਕੇ ਹਨ। ਮੌਜੂਦਾ ਸਾਲ ਦੌਰਾਨ ਇਸ ਲਈ ਲੋੜੀਂਦਾ ਮੁੱਢਲਾ ਕੰਮ ਮੁਕੰਮਲ ਕਰ ਲਿਆ ਗਿਆ ਹੈ, ਜਿਸ ਵਿੱਚ ਇੱਕ ਵਿਸ਼ੇਸ਼ ਸਾਫਟਵੇਅਰ ਪਲੇਟਫਾਰਮ ਦਾ ਵਿਕਾਸ ਅਤੇ ਫੀਲਡ ਕਰਮਚਾਰੀਆਂ ਦੀ ਵਿਆਪਕ ਸਿਖਲਾਈ ਸ਼ਾਮਲ ਹੈ ਤਾਂ ਜੋ ਸ਼ੁੱਧਤਾ, ਪਾਰਦਰਸ਼ਤਾ ਅਤੇ ਅੰਕੜਿਆਂ ਦੀ

ਇੰਟੀਗ੍ਰਿਟੀ ਨੂੰ ਯਕੀਨੀ ਬਣਾਇਆ ਜਾ ਸਕੇ। ਇਸ ਤਿਆਰੀ ਨੂੰ ਅੱਗੇ ਵਧਾਉਂਦੇ ਹੋਏ ਅਪ੍ਰੈਲ ਤੋਂ ਮਰਦਮਸ਼ੁਮਾਰੀ ਸ਼ੁਰੂ ਕੀਤੀ ਜਾਵੇਗੀ, ਜੋ ਸਰਕਾਰ ਨੂੰ ਭਰੋਸੇਯੋਗ ਅਤੇ ਤੱਥਾਂ 'ਤੇ ਅਧਾਰਤ ਅੰਕੜੇ ਤਿਆਰ ਕਰਨ ਦੇ ਸਮਰੱਥ ਬਣਾਏਗੀ। ਇਹ ਅੰਕੜੇ ਟੀਚਾਬੱਧ ਭਲਾਈ ਕਾਰਜਾਂ ਵਿੱਚ ਮਾਰਗ ਦਰਸ਼ਨ ਕਰਨਗੇ ਅਤੇ ਨਸ਼ਿਆਂ ਦੇ ਵਿਰੁੱਧ ਸਾਡੀ ਲੜਾਈ ਨੂੰ ਹੋਰ ਮਜ਼ਬੂਤ ਕਰਨਗੇ। ਇਸ ਦੇ ਪ੍ਰਭਾਵੀ ਲਾਗੂਕਰਨ ਲਈ ਵਿੱਤੀ ਸਾਲ 2026-27 ਵਿੱਚ 100 ਕਰੋੜ ਰੁਪਏ ਦਾ ਬਜਟ ਰਾਖਵਾਂ ਕੀਤਾ ਗਿਆ ਹੈ। (ਥੰਪਿੰਗ)

## ਖੇਡਦਾ ਪੰਜਾਬ, ਬਦਲਦਾ ਪੰਜਾਬ

83. ਮਾਣਯੋਗ ਸਭਾਪਤੀ ਸਾਹਿਬ, ਪਿਛਲੇ ਸਾਲ ਇਤਿਹਾਸਕ ਪਹਿਲ "ਖੇਡਦਾ ਪੰਜਾਬ, ਬਦਲਦਾ ਪੰਜਾਬ" ਦੇ ਤਹਿਤ ਅਸੀਂ ਐਲਾਨ ਕੀਤਾ ਸੀ ਕਿ ਨਸ਼ਿਆਂ ਵਿਰੁੱਧ ਜੰਗ ਸਿਰਫ਼ ਕਾਰਵਾਈ ਰਾਹੀਂ ਨਹੀਂ, ਸਗੋਂ ਸਾਡੇ ਨੌਜਵਾਨਾਂ ਨੂੰ ਰਚਨਾਤਮਕ, ਅਨੁਸ਼ਾਸਿਤ ਅਤੇ ਪ੍ਰਤੀਯੋਗੀ ਗਤੀਵਿਧੀਆਂ ਵਿੱਚ ਸ਼ਾਮਲ ਕਰਕੇ ਲੜੀ ਜਾਵੇਗੀ। ਅਸੀਂ ਮੁੱਢਲੇ ਪੱਧਰ ਤੇ ਪਿੰਡਾਂ ਵਿਚ ਮਾਡਲ ਖੇਡ ਮੈਦਾਨ ਅਤੇ ਜਿੰਮ ਬਣਾਉਣ ਅਤੇ ਪੰਜਾਬ ਦੇ ਖੇਡ ਸੱਭਿਆਚਾਰ ਨੂੰ ਮੁੜ ਸੁਰਜੀਤ ਕਰਨ ਦਾ ਅਹਿਦ ਲਿਆ ਸੀ। ਮੌਜੂਦਾ ਵਿੱਤੀ ਸਾਲ ਦੌਰਾਨ ਰਾਜ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਖੇਡ ਬੁਨਿਆਦੀ ਢਾਂਚੇ ਦੀ ਮਜ਼ਬੂਤ ਨੀਂਹ ਰੱਖੀ ਗਈ ਹੈ। ਇਸ ਤਹਿਤ 1,100 ਕਰੋੜ ਰੁਪਏ ਦੀ ਲਾਗਤ ਨਾਲ 3,000 ਤੋਂ ਵੱਧ ਅਤਿ-ਆਧੁਨਿਕ ਪੇਂਡੂ ਖੇਡ ਮੈਦਾਨ ਉਸਾਰੀ ਅਧੀਨ ਹਨ, ਜੋ ਜੂਨ, 2026 ਤੱਕ ਮੁਕੰਮਲ ਕਰ ਲਏ ਜਾਣਗੇ। ਇਹ ਖੇਡ ਮੈਦਾਨ ਲੇਜ਼ਰ-ਲੈਵਲਡ ਮੈਦਾਨਾਂ, ਜੋਗਿੰਗ ਟ੍ਰੈਕਾਂ, ਫੁੱਟਬਾਲ ਤੇ ਵਾਲੀਬਾਲ ਕੋਰਟਾਂ, ਬੱਚਿਆਂ ਦੇ ਖੇਡਣ ਦੇ ਖੇਤਰ, ਮਰਦਾਂ ਤੇ ਮਹਿਲਾਵਾਂ ਲਈ ਵੱਖਰੇ ਪਖਾਨਿਆਂ ਅਤੇ ਹਾਈ-ਮਾਸਟ ਲਾਈਟਾਂ ਵਰਗੀਆਂ ਆਧੁਨਿਕ ਸਹੂਲਤਾਂ ਨਾਲ ਲੈਸ ਹੋਣਗੇ। ਇਸੇ ਲੜੀ ਤਹਿਤ 1,000 ਪੇਂਡੂ ਇਨ-ਡੋਰ ਜਿੰਮ ਵੀ ਬਣਾਏ ਜਾ ਰਹੇ ਹਨ ਜੋ ਅਪ੍ਰੈਲ, 2026 ਤੱਕ ਤਿਆਰ ਹੋ ਜਾਣਗੇ। (ਥੰਪਿੰਗ) ਪੰਜਾਬ ਦੇ ਇਤਿਹਾਸ ਵਿੱਚ ਕਿਸੇ ਵੀ ਸਰਕਾਰ ਵੱਲੋਂ ਖੇਡਾਂ ਦੇ ਖੇਤਰ ਵਿੱਚ ਕੀਤਾ ਗਿਆ ਇਹ ਹੁਣ ਤੱਕ ਦਾ ਸਭ ਤੋਂ ਵੱਡਾ ਨਿਵੇਸ਼ ਹੈ। ਇਨ੍ਹਾਂ ਯਤਨਾਂ ਨੇ ਨੌਜਵਾਨਾਂ ਵਿੱਚ ਨਵਾਂ ਉਤਸ਼ਾਹ ਭਰਿਆ ਹੈ ਅਤੇ ਪਿੰਡਾਂ ਦੇ ਖੇਡ ਮੈਦਾਨਾਂ ਨੂੰ ਜੀਵੰਤ ਭਾਈਚਾਰਕ ਕੇਂਦਰਾਂ ਵਿੱਚ ਬਦਲਣਾ ਸ਼ੁਰੂ ਕਰ ਦਿੱਤਾ ਹੈ।

84. ਮਾਣਯੋਗ ਸਭਾਪਤੀ ਸਾਹਿਬ, ਮੌਜੂਦਾ ਸਾਲ ਦੌਰਾਨ ਹਾਸਲ ਹੋਈ ਰਫ਼ਤਾਰ ਨੂੰ ਬਰਕਰਾਰ ਰੱਖਦੇ ਹੋਏ ਆਉਣ ਵਾਲਾ ਵਿੱਤੀ ਸਾਲ ਸਾਡੇ ਖੇਡ ਬੁਨਿਆਦੀ ਢਾਂਚੇ ਅਤੇ ਖਿਡਾਰੀ ਸਹਾਇਤਾ ਪ੍ਰਣਾਲੀ ਵਿੱਚ ਨਿਰਣਾਇਕ ਵਾਧੇ ਦਾ ਗਵਾਹ ਹੋਵੇਗਾ। ਸਾਡੀ ਸਰਕਾਰ ਨੇ ਰਾਜ ਭਰ ਵਿੱਚ 6,000 ਹੋਰ ਪੇਂਡੂ ਖੇਡ ਮੈਦਾਨ ਅਤੇ 5,000 ਵਾਧੂ ਇਨ-ਡੋਰ ਜਿੰਮ ਬਣਾਉਣ ਦਾ ਫੈਸਲਾ ਕੀਤਾ ਹੈ। (ਥੰਪਿੰਗ) ਹਰੇਕ ਮੁਕੰਮਲ ਹੋਏ ਪੇਂਡੂ ਖੇਡ ਮੈਦਾਨ ਵਿੱਚ ਸਾਡੀ ਸਰਕਾਰ ਸਥਾਨਕ ਯੂਥ ਕਲੱਬ ਨੂੰ ਕ੍ਰਿਕਟ, ਵਾਲੀਬਾਲ ਅਤੇ ਫੁੱਟਬਾਲ ਦੇ ਸਮਾਨ ਵਾਲੀ ਇੱਕ ਸਪੋਰਟਸ ਕਿੱਟ ਸੌਂਪੇਗੀ। ਪੇਂਡੂ ਖੇਡਾਂ ਨੂੰ ਹੁਲਾਰਾ ਦੇਣ ਦੇ ਨਾਲ-ਨਾਲ, ਉਪ-ਪਹਾੜੀ ਖੇਤਰਾਂ ਵਿੱਚ ਪੀ.ਪੀ.ਪੀ. (PPP) ਮੋਡ ਅਧੀਨ ਐਡਵੈਂਚਰ ਸਪੋਰਟਸ ਕੈਂਪ ਵਿਕਸਤ ਕੀਤੇ ਜਾਣਗੇ ਤਾਂ ਜੋ ਪੇਸ਼ੇਵਰ ਅਤੇ ਟਿਕਾਊ ਪ੍ਰਬੰਧਨ ਨੂੰ ਯਕੀਨੀ ਬਣਾਉਂਦੇ ਹੋਏ ਐਡਵੈਂਚਰ ਖੇਡਾਂ ਦੇ ਵਿਵਸਥਿਤ ਐਕਸਪੋਜ਼ਰ ਦਾ ਵਿਸਥਾਰ ਕੀਤਾ ਜਾ ਸਕੇ।

85. ਮਾਣਯੋਗ ਸਭਾਪਤੀ ਸਾਹਿਬ, ਇਸ ਵਿਸਤ੍ਰਿਤ ਦ੍ਰਿਸ਼ਟੀਕੋਣ ਅਤੇ ਉੱਚ ਪੱਧਰੀ ਸੁਧਾਰਾਂ ਨੂੰ ਪ੍ਰਤੀਬਿੰਬਤ ਕਰਦੇ ਹੋਏ ਮੈਨੂੰ ਵਿੱਤੀ ਸਾਲ 2026-27 ਲਈ 1,791 ਕਰੋੜ ਰੁਪਏ ਦੇ ਬਜਟੀ ਵੰਡ ਦੀ ਤਜਵੀਜ਼ ਪੇਸ਼ ਕਰਦਿਆਂ ਖੁਸ਼ੀ ਹੋ ਰਹੀ ਹੈ। ਇਹ ਉਪਬੰਧ ਸਿਰਫ਼ ਖੇਡ ਖਰਚੇ ਵਿੱਚ ਵਾਧਾ ਨਹੀਂ ਹੈ, ਸਗੋਂ ਪੰਜਾਬ ਵਿੱਚ ਖੇਡਾਂ ਦੇ

ਵਿਕਾਸ ਨੂੰ ਸੰਸਥਾਗਤ ਰੂਪ ਦੇਣ ਲਈ ਸਪੱਸ਼ਟ ਨੀਤੀਗਤ ਵਚਨਬੱਧਤਾ ਹੈ। ਇਸ ਵਧੇ ਹੋਏ ਨਿਵੇਸ਼ ਨਾਲ, ਅਸੀਂ ਮੁੱਢਲੀ ਭਾਗੀਦਾਰੀ ਤੋਂ ਲੈ ਕੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਦੀ ਉੱਤਮਤਾ ਤੱਕ ਪਹੁੰਚਾਉਣ ਲਈ ਯੋਜਨਾਬੱਧ ਮਾਰਗ ਤਿਆਰ ਕਰਨ ਜਾ ਰਹੇ ਹਾਂ। ਮਾਣਯੋਗ ਸਭਾਪਤੀ ਜੀ, ਹੁਣ ਤੱਕ ਪੰਜਾਬ ਵਿਚ ਜਿੰਨੀਆਂ ਵੀ ਸਰਕਾਰਾਂ ਰਹੀਆਂ, ਕਿਸੇ ਨੇ ਵੀ ਖੇਡਾਂ ਵਾਸਤੇ ਇੰਨਾ ਵੱਡਾ ਬਜਟ ਨਹੀਂ ਰੱਖਿਆ। ਇਹ ਪਹਿਲੀ ਵਾਰ ਸਾਡੇ ਮਾਣਯੋਗ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਹੇਠ ਸੰਭਵ ਹੋਇਆ ਹੈ। ਪਿਛਲੀਆਂ ਸਰਕਾਰਾਂ ਕੇਵਲ 200-300 ਕਰੋੜ ਦਾ ਹੀ ਬਜਟ ਰੱਖਦੀਆਂ ਸਨ। ਮੈਂ ਸਮਝਦਾ ਹਾਂ ਕਿ ਇਸ ਨਾਲ ਸਾਡੇ ਖਿਡਾਰੀਆਂ ਦਾ ਓਲੰਪਿਕ ਸਫ਼ਰ ਸੁਖਾਲਾ ਹੋਵੇਗਾ। (ਥੰਪਿੰਗ)

## ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲੇ

86. ਇਹ ਸਾਲ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ 350ਵਾਂ ਸਾਲ ਹੈ। ਗੁਰੂ ਸਾਹਿਬ ਜੀ ਦੀ ਮਹਾਨ ਕੁਰਬਾਨੀ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਸਾਡੀ ਸਰਕਾਰ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੂਰੀ ਸ਼ਰਧਾ ਅਤੇ ਸਤਿਕਾਰ ਨਾਲ ਤਿੰਨ ਰੋਜ਼ਾ ਵਿਸ਼ੇਸ਼ ਯਾਦਗਾਰੀ ਸਮਾਗਮ ਕਰਵਾਇਆ। ਇਸ ਦੇ ਨਾਲ ਹੀ ਨਵੰਬਰ, 2025 ਵਿੱਚ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਬੁਲਾਇਆ ਗਿਆ, ਜਿਸ ਵਿੱਚ ਗੁਰੂ ਸਾਹਿਬ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ ਅਤੇ ਪੰਜਾਬ ਦੇ ਸ਼ਾਨਦਾਰ ਇਤਿਹਾਸ ਅਤੇ ਕਦਰਾਂ-ਕੀਮਤਾਂ ਨਾਲ ਜੁੜੇ ਰਹਿਣ ਦੇ ਸਾਡੇ ਸਮੂਹਿਕ ਸੰਕਲਪ ਨੂੰ ਦੁਹਰਾਇਆ ਗਿਆ। ਗੁਰੂ ਸਾਹਿਬਾਨ ਨੇ ਸਾਨੂੰ ਬਰਾਬਰਤਾ ਦਾ ਉਪਦੇਸ਼ ਦਿੱਤਾ ਹੈ। ਸੰਵਿਧਾਨ ਵਿਚ ਵੀ ਬਾਬਾ ਸਾਹਿਬ ਅੰਬੇਦਕਰ ਜੀ ਨੇ ਸਾਨੂੰ ਸਮਾਜਿਕ ਤੇ ਆਰਥਿਕ ਬਰਾਬਰਤਾ ਦਾ ਅਧਿਕਾਰ ਦਿੱਤਾ ਹੈ। ਇਹ ਸਾਡੇ ਮਾਣਯੋਗ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਬਹੁਤ ਵੱਡਾ ਉਪਰਾਲਾ ਹੈ। (ਥੰਪਿੰਗ)

87. ਮਾਣਯੋਗ ਸਭਾਪਤੀ ਸਾਹਿਬ, ਪੰਜਾਬ ਦੀ ਅਧਿਆਤਮਕ ਅਤੇ ਸਮਾਜਿਕ ਬਣਤਰ ਨੂੰ ਮਹਾਨ ਸੰਤਾਂ ਅਤੇ ਸੁਧਾਰਕਾਂ ਦੀਆਂ ਸਦੀਵੀ ਸਿੱਖਿਆਵਾਂ ਨੇ ਨਵਾਂ ਰੂਪ ਦਿੱਤਾ ਹੈ। ਇਸੇ ਭਾਵਨਾ ਦੇ ਤਹਿਤ ਸਰਕਾਰ ਨੇ ਵਿੱਤੀ ਸਾਲ 2026-27 ਦੌਰਾਨ ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਰਾਜ ਪੱਧਰੀ ਸਮਾਗਮ ਵਜੋਂ ਮਨਾਉਣ ਦਾ ਫੈਸਲਾ ਕੀਤਾ ਹੈ।

ਐਸਾ ਚਾਹੂੰ ਰਾਜ ਮੈਂ ਜਹਾਂ ਮਿਲੈ ਸਭਨ ਕੋ ਅੰਨ।
ਛੋਟ ਬੜੇ ਸਭ ਸਮ ਬਸੈ ਰਵਿਦਾਸ ਰਹੇ ਪ੍ਰਸੰਨ।।

88. ਸ੍ਰੀ ਗੁਰੂ ਰਵਿਦਾਸ ਜੀ ਨੇ ਸਮਾਨਤਾ, ਇੱਕ ਰੱਬ ਵਿੱਚ ਆਸਥਾ ਅਤੇ ਜਾਤ-ਪਾਤ ਦੇ ਵਿਤਕਰੇ ਨੂੰ ਨਕਾਰਨ ਦਾ ਸੰਦੇਸ਼ ਦਿੱਤਾ, ਜੋ ਅੱਜ ਵੀ ਲੱਖਾਂ ਲੋਕਾਂ ਲਈ ਪ੍ਰੇਰਨਾ ਸਰੋਤ ਹੈ। ਉਨ੍ਹਾਂ ਦਾ 'ਬੇਗਮਪੁਰਾ' ਦਾ ਸੰਕਲਪ 'ਅਜਿਹਾ ਸਮਾਜ ਜੋ ਦੁੱਖਾਂ ਅਤੇ ਬੇਇਨਸਾਫ਼ੀ ਤੋਂ ਮੁਕਤ ਹੋਵੇ' ਅੱਜ ਦੇ ਸਮੇਂ ਵਿੱਚ ਵੀ ਉੰਨਾ ਹੀ ਸਾਰਥਕ ਹੈ। ਮੁੱਖ ਸਮਾਗਮ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਖੁਰਾਲਗੜ੍ਹ ਵਿਖੇ ਸਥਿਤ ਗੁਰੂ ਰਵਿਦਾਸ ਮੈਮੋਰੀਅਲ ਵਿਖੇ ਕਰਵਾਉਣ ਦੀ ਤਜਵੀਜ਼ ਹੈ, ਜਿਸ ਨੂੰ ਉਨ੍ਹਾਂ ਦੇ 'ਤਪ ਅਸਥਾਨ' ਵਜੋਂ ਸਤਿਕਾਰਿਆ ਜਾਂਦਾ ਹੈ, ਜਿੱਥੋਂ ਉਨ੍ਹਾਂ ਨੇ ਸਮਾਜਿਕ ਸਦਭਾਵਨਾ ਅਤੇ ਮਨੁੱਖੀ ਸਤਿਕਾਰ ਦਾ ਸੰਦੇਸ਼ ਫੈਲਾਇਆ ਸੀ। ਇਸ ਤੋਂ ਇਲਾਵਾ ਸਰਕਾਰ ਵੱਲੋਂ ਪੂਰੇ ਸਾਲ ਪੰਜਾਬ

ਦੇ ਸਾਰੇ ਹਿੱਸਿਆਂ ਵਿੱਚ ਯਾਦਗਾਰੀ ਸਮਾਗਮ ਕਰਵਾਏ ਜਾਣਗੇ, ਜੋ ਨਾ ਸਿਰਫ਼ ਉਨ੍ਹਾਂ ਦੀ ਅਧਿਆਤਮਿਕ ਵਿਰਾਸਤ ਦਾ ਸਤਿਕਾਰ ਕਰਨਗੇ, ਸਗੋਂ ਸਮਾਜਿਕ ਨਿਆਂ ਅਤੇ ਸਰਬਪੱਖੀ ਤਰੱਕੀ ਪ੍ਰਤੀ ਸਾਡੀ ਸਮੂਹਿਕ ਵਚਨਬੱਧਤਾ ਨੂੰ ਵੀ ਦੁਹਰਾਉਣਗੇ। ਇਸ ਮੰਤਵ ਦੀ ਪੂਰਤੀ ਲਈ ਵਿੱਤੀ ਸਾਲ 2026-27 ਵਿੱਚ 100 ਕਰੋੜ ਰੁਪਏ ਦਾ ਬਜਟ ਰਾਖਵਾਂ ਰੱਖਿਆ ਗਿਆ ਹੈ।

89. ਸਾਡੀ ਸਰਕਾਰ ਪੰਜਾਬ ਦੇ ਲੋਕਾਂ, ਖਾਸ ਤੌਰ 'ਤੇ ਬਜ਼ੁਰਗ ਨਾਗਰਿਕਾਂ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਪਰਿਵਾਰਾਂ ਦੀਆਂ ਅਧਿਆਤਮਿਕ ਇੱਛਾਵਾਂ ਨੂੰ ਪੂਰਾ ਕਰਨ ਦਾ ਦ੍ਰਿੜ੍ਹ ਸੰਕਲਪ ਹੈ। ਇਸ ਮੰਤਵ ਲਈ ਸਰਕਾਰ ਨੇ ਇਸ ਸਾਲ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਸ਼ੁਰੂ ਕੀਤੀ ਹੈ, ਜਿਸ ਦਾ ਉਦੇਸ਼ ਪ੍ਰਮੁੱਖ ਦੋ ਧਾਰਮਿਕ ਸਥਾਨਾਂ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਸ੍ਰੀ ਅਨੰਦਪੁਰ ਸਾਹਿਬ ਲਈ ਮੁਫ਼ਤ ਅਤੇ ਪੂਰੀ ਤਰ੍ਹਾਂ ਸਹਾਇਤਾ ਪ੍ਰਾਪਤ ਤੀਰਥ ਯਾਤਰਾਵਾਂ ਪ੍ਰਦਾਨ ਕਰਨਾ ਹੈ। ਵਿੱਤੀ ਸਾਲ 2026-27 ਵਿੱਚ ਲਗਭਗ 7.15 ਲੱਖ ਨਾਗਰਿਕਾਂ ਨੂੰ ਤੀਰਥ ਯਾਤਰਾਵਾਂ ਦੀ ਸਹੂਲਤ ਪ੍ਰਦਾਨ ਕਰਨ ਲਈ 312 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ। (ਥੰਪਿੰਗ)

### ਸੇਵਾਵਾਂ ਦੀ ਡੋਰ-ਸਟੈੱਪ ਡਿਲੀਵਰੀ ਅਤੇ ਸੇਵਾ ਕੇਂਦਰ

90. ਪੰਜਾਬ ਨੇ ਕੇਂਦ੍ਰਿਤ ਡਿਜੀਟਲ ਸੁਧਾਰਾਂ ਰਾਹੀਂ ਲੋਕ ਸੇਵਾ ਡਿਲਿਵਰੀ ਵਿੱਚ ਮਹੱਤਵਪੂਰਨ ਤਬਦੀਲੀ ਲਿਆਂਦੀ ਹੈ, ਜਿਸ ਦਾ ਸਿੱਧਾ ਲਾਭ ਨਾਗਰਿਕਾਂ ਨੂੰ ਹੋਇਆ ਹੈ। ਰਾਜ ਪੈਂਡੈਂਸੀ ਡੈਸ਼ਬੋਰਡ ਨੇ ਵਿਭਾਗਾਂ ਵਿੱਚ ਰੀਅਲ-ਟਾਈਮ ਮੋਨੀਟਰਿੰਗ ਸ਼ੁਰੂ ਕੀਤੀ ਹੈ ਜਿਸ ਬਦੌਲਤ ਅਰਜ਼ੀਆਂ ਦਾ ਤੁਰੰਤ ਨਿਪਟਾਰਾ ਯਕੀਨੀ ਹੋਇਆ ਹੈ ਅਤੇ ਸਾਲ ਦੇ ਅੰਦਰ ਪੈਂਡੈਂਸੀ 14% ਤੋਂ ਘੱਟ ਕੇ 0.33% ਰਹਿ ਗਈ ਹੈ। ਆਮਦਨ, ਰਿਹਾਇਸ਼ ਅਤੇ ਜਾਤੀ ਸਰਟੀਫਿਕੇਟ ਸਮੇਤ 13 ਮੁੱਖ ਸੇਵਾਵਾਂ ਲਈ ਕਾਗਜ਼ੀ ਫਾਰਮਾਂ ਦੀ ਸ਼ਰਤ ਖ਼ਤਮ ਹੋਣ ਨਾਲ ਪੂਰੀ ਤਰ੍ਹਾਂ ਆਨਲਾਈਨ ਅਰਜ਼ੀਆਂ ਸੰਭਵ ਹੋ ਗਈਆਂ ਅਤੇ ਦਫ਼ਤਰੀ ਚੱਕਰ ਘਟ ਗਏ। ਸਾਡੀ ਸਰਕਾਰ ਨੇ ਭਾਰਤ ਦੀ ਪਹਿਲੀ ਪੂਰੀ ਤਰ੍ਹਾਂ ਡਿਜੀਟਲ ਹੜ੍ਹ ਰਾਹਤ ਪ੍ਰਣਾਲੀ ਵੀ ਸ਼ੁਰੂ ਕੀਤੀ ਹੈ, ਜਿਸ ਨਾਲ ਤੇਜ਼ ਸਰਵੇਖਣ ਅਤੇ ਮੁਆਵਜ਼ੇ ਦਾ ਸਿੱਧਾ ਆਨਲਾਈਨ ਟ੍ਰਾਂਸਫਰ ਸੰਭਵ ਹੋਇਆ ਹੈ। ਇਸ ਨਾਲ ਹੜ੍ਹ ਪ੍ਰਭਾਵਿਤ ਪਰਿਵਾਰਾਂ ਨੂੰ ਬਿਨਾਂ ਕਿਸੇ ਦੇਰੀ ਜਾਂ ਵਿਚੋਲੇ ਦੇ ਸਿੱਧਾ ਮੁਆਵਜ਼ਾ ਯਕੀਨੀ ਬਣਾਇਆ ਗਿਆ ਹੈ। ਇੱਥੋਂ ਪਤਾ ਲੱਗਦਾ ਹੈ ਕਿ ਸਾਡੇ ਮਾਣਯੋਗ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਕਿੰਨੀ ਅਗਾਂਹਵਧੂ ਸੋਚ ਦੇ ਮਾਲਕ ਹਨ। (ਥੰਪਿੰਗ)

91. ਸਭਾਪਤੀ ਸਾਹਿਬ, "ਭਗਵੰਤ ਮਾਨ ਸਰਕਾਰ ਤੁਹਾਡੇ ਦੁਆਰ" ਪਹਿਲਕਦਮੀ ਨਾਗਰਿਕ-ਕੇਂਦਰਿਤ ਸ਼ਾਸਨ ਦੇ ਸ਼ਕਤੀਸ਼ਾਲੀ ਸਾਧਨ ਵਜੋਂ ਉਭਰੀ ਹੈ, ਜੋ ਸਰਕਾਰੀ ਸੇਵਾਵਾਂ ਸਿੱਧੇ ਲੋਕਾਂ ਦੇ ਘਰਾਂ ਤੱਕ ਪਹੁੰਚਾ ਰਹੀ ਹੈ। ਸਾਲ 2025 ਵਿੱਚ 43 ਸੇਵਾਵਾਂ ਤੋਂ 412 ਸੇਵਾਵਾਂ ਦੇ ਵਾਧੇ ਨਾਲ ਪੰਜਾਬ ਭਰ ਦੇ ਵਸਨੀਕ ਹੁਣ ਸਰਕਾਰੀ ਦਫ਼ਤਰਾਂ ਵਿੱਚ ਗਏ ਬਿਨਾਂ, ਜ਼ਰੂਰੀ ਸੇਵਾਵਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਤੱਕ ਰਸਾਈ ਕਰ ਸਕਦੇ ਹਨ, ਜਿਸ ਨਾਲ ਸਮਾਂ, ਲਾਗਤ ਅਤੇ ਪਰੇਸ਼ਾਨੀ ਵਿੱਚ ਕਾਫ਼ੀ ਕਮੀ ਆਈ ਹੈ। ਇਸ ਸੁਧਾਰ ਨੂੰ ਹੋਰ ਮਜ਼ਬੂਤ ਕਰਦੇ ਹੋਏ ਸਾਰੀਆਂ 56 ਆਵਾਜਾਈ-ਸਬੰਧਤ ਸੇਵਾਵਾਂ ਨੂੰ ਸੇਵਾ ਕੇਂਦਰਾਂ ਰਾਹੀਂ ਸੁਚਾਰੂ ਬਣਾਇਆ ਗਿਆ ਹੈ, ਜਿਸ ਨਾਲ ਆਰ.ਟੀ.ਏ./ਡੀ.ਟੀ.ਓ. ਦਫ਼ਤਰਾਂ 'ਤੇ ਰਵਾਇਤੀ ਪਬਲਿਕ ਕਾਊਂਟਰਾਂ ਨੂੰ ਹਟਾ ਦਿੱਤਾ ਗਿਆ ਹੈ ਅਤੇ ਸੂਬੇ ਭਰ ਵਿੱਚ ਇੱਕ ਸਮਾਨ, ਪਾਰਦਰਸ਼ੀ ਅਤੇ ਨਾਗਰਿਕ-ਅਨੁਕੂਲ ਸੇਵਾ ਸਪੁਰਦਗੀ ਯਕੀਨੀ ਬਣਾਈ ਗਈ ਹੈ। ਇਹ ਉਪਾਅ ਸਾਂਝੇ ਤੌਰ ਤੇ ਨਾਗਰਿਕ ਸੇਵਾ ਸਪੁਰਦਗੀ ਵਿੱਚ ਪਹੁੰਚਯੋਗਤਾ, ਕੁਸ਼ਲਤਾ ਅਤੇ ਸਨਮਾਨ ਪ੍ਰਤੀ ਸਾਡੀ

ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦੇ ਹਨ। (ਥੰਪਿੰਗ)

**ਮਾਲੀਆ ਅਤੇ ਮੁੜ-ਵਸੇਬਾ**

92. ਮਾਣਯੋਗ ਸਭਾਪਤੀ ਸਾਹਿਬ, ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕਰਦਿਆਂ ਸਰਕਾਰ ਸ੍ਰੀ ਅਨੰਦਪੁਰ ਸਾਹਿਬ ਵਿਖੇ ਨਵਾਂ ਪ੍ਰਸ਼ਾਸਕੀ ਕੰਪਲੈਕਸ ਸਥਾਪਤ ਕਰਨ ਦਾ ਪ੍ਰਸਤਾਵ ਰੱਖਦੀ ਹੈ। ਇਸ ਕੰਪਲੈਕਸ ਦਾ ਡਿਜ਼ਾਇਨ ਵਿਰਾਸਤੀ ਆਰਕੀਟੈਕਚਰ ਸ਼ੈਲੀ ਵਿੱਚ ਤਿਆਰ ਕੀਤਾ ਜਾਵੇਗਾ ਜੋ ਇਸ ਪਵਿੱਤਰ ਸ਼ਹਿਰ ਦੀ ਅਧਿਆਤਮਿਕ ਅਤੇ ਇਤਿਹਾਸਕ ਮਹੱਤਤਾ ਨੂੰ ਦਰਸਾਏਗਾ। ਇਸ ਕੰਪਲੈਕਸ ਵਿੱਚ ਮਹੱਤਵਪੂਰਨ ਸਰਕਾਰੀ ਦਫ਼ਤਰ ਇਕੋ ਛੱਤ ਹੇਠ ਇਕੱਠੇ ਕੀਤੇ ਜਾਣਗੇ, ਜਿਸ ਨਾਲ ਪ੍ਰਸ਼ਾਸਕੀ ਕਾਰਗੁਜ਼ਾਰੀ ਹੋਰ ਸੁਚਾਰੂ ਬਣੇਗੀ, ਜਨਤਕ ਸੇਵਾਵਾਂ ਵਿੱਚ ਸੁਧਾਰ ਹੋਵੇਗਾ ਅਤੇ ਨਾਗਰਿਕਾਂ ਨੂੰ ਵਧੇਰੇ ਸਹੂਲਤ ਪ੍ਰਾਪਤ ਹੋਵੇਗੀ। ਇਸ ਦੇ ਨਾਲ ਹੀ ਇਹ ਪਹਿਲ ਸ੍ਰੀ ਅਨੰਦਪੁਰ ਸਾਹਿਬ ਦੇ ਰਵਾਇਤੀ ਸਰੂਪ ਅਤੇ ਪਵਿੱਤਰ ਪਛਾਣ ਦੀ ਸੰਭਾਲ ਵੀ ਯਕੀਨੀ ਬਣਾਵੇਗੀ। (ਥੰਪਿੰਗ)

93. ਸਾਡੀ ਸਰਕਾਰ ਨੇ ਜ਼ਮੀਨ ਅਤੇ ਜਾਇਦਾਦ ਨਾਲ ਸਬੰਧਤ ਸੇਵਾਵਾਂ ਨੂੰ ਪਾਰਦਰਸ਼ੀ, ਤਕਨਾਲੋਜੀ-ਅਧਾਰਿਤ ਅਤੇ ਨਾਗਰਿਕ-ਕੇਂਦਰਿਤ ਬਣਾਉਣ ਲਈ ਮਹੱਤਵਪੂਰਨ ਸੁਧਾਰ ਕੀਤੇ ਹਨ। ਪੰਜਾਬ ਦੇਸ਼ ਦਾ ਪਹਿਲਾ ਸੂਬਾ ਬਣ ਗਿਆ ਹੈ ਜਿਸ ਨੇ "ਈਜ਼ੀ ਜਮਾਬੰਦੀ" ਦੀ ਪਹਿਲ ਕੀਤੀ ਹੈ, ਜਿਸ ਨਾਲ ਵਸਨੀਕ ਇੱਕ ਆਨਲਾਈਨ ਪੋਰਟਲ ਜਾਂ ਵਟਸਐਪ ਰਾਹੀਂ ਵੀ ਜ਼ਮੀਨੀ ਰਿਕਾਰਡ ਤੱਕ ਪਹੁੰਚ ਕਰ ਸਕਦੇ ਹਨ, ਇੰਤਕਾਲਾਂ ਲਈ ਅਰਜ਼ੀ ਦੇ ਸਕਦੇ ਹਨ, ਰਪਟ ਐਂਟਰੀਆਂ ਦੀ ਮੰਗ ਕਰ ਸਕਦੇ ਹਨ ਅਤੇ ਫ਼ਰਦ ਬਦਰ ਸੇਵਾਵਾਂ ਪ੍ਰਾਪਤ ਕਰ ਸਕਦੇ ਹਨ, ਜਿਸ ਵਿੱਚ ਸੇਵਾ ਸਹਾਇਕਾਂ ਵੱਲੋਂ ਘਰ ਬੈਠੇ ਸਹਾਇਤਾ ਮੁਹੱਈਆ ਕਰਵਾਈ ਜਾਂਦੀ ਹੈ। ਇਸ ਦੇ ਨਾਲ ਹੀ, "ਈਜ਼ੀ ਰਜਿਸਟਰੀ" ਪ੍ਰਾਜੈਕਟ ਨੇ ਡੀਡ ਫਾਰਮੈਟ ਸੁਖਾਲੇ ਕੀਤੇ ਹਨ, ਜ਼ਿਲ੍ਹੇ ਵਿੱਚ ਕਿਤੇ ਵੀ ਰਜਿਸਟਰੀ ਕਰਵਾਉਣ ਦੀ ਸਹੂਲਤ ਦਿੱਤੀ ਹੈ ਅਤੇ ਨਾਗਰਿਕਾਂ ਨੂੰ ਰੀਅਲ-ਟਾਈਮ ਅੱਪਡੇਟ ਪ੍ਰਦਾਨ ਕਰਦਿਆਂ ਪਾਰਦਰਸ਼ਤਾ ਵਧਾਈ ਹੈ ਅਤੇ ਪ੍ਰਕਿਰਿਆਗਤ ਜਟਿਲਤਾ ਘਟਾਈ ਹੈ। ਈਜ਼ੀ ਰਜਿਸਟਰੀ" ਪਹਿਲਕਦਮੀ ਦੇ ਤਹਿਤ ਪੰਜਾਬ ਵਿੱਚ ਕੁੱਲ 6.17 ਲੱਖ ਰਜਿਸਟਰੀਆਂ ਸਫਲਤਾਪੂਰਵਕ ਮੁਕੰਮਲ ਕੀਤੀਆਂ ਗਈਆਂ ਹਨ, ਜੋ ਕਿ ਸਬ-ਰਜਿਸਟਰਾਰ ਦਫ਼ਤਰ ਵਿੱਚ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨ ਦੇ ਉਦੇਸ਼ ਨਾਲ ਕੀਤੇ ਗਏ ਇਸ ਵੱਡੇ ਸੁਧਾਰ ਯਤਨ ਦੀ ਵਿਆਪਕ ਪ੍ਰਵਾਨਗੀ ਦਾ ਪ੍ਰਮਾਣ ਹੈ। ਸਾਡਾ ਮੁੱਖ ਮਕਸਦ ਭ੍ਰਿਸ਼ਟਾਚਾਰ ਨੂੰ ਜੜ੍ਹ ਤੋਂ ਖਤਮ ਕਰਨਾ ਹੈ।

94. ਸਭਾਪਤੀ ਸਾਹਿਬ, ਬੀਤੇ ਵਰ੍ਹੇ ਭਿਆਨਕ ਹੜ੍ਹਾਂ ਨੇ ਸਾਡੇ ਹੌਸਲੇ ਦੀ ਸਖ਼ਤ ਪ੍ਰੀਖਿਆ ਲਈ ਪਰ ਮੈਨੂੰ ਇਹ ਕਹਿੰਦਿਆਂ ਮਾਣ ਮਹਿਸੂਸ ਹੋ ਰਿਹਾ ਹੈ ਕਿ ਸਾਡੀ ਸਰਕਾਰ ਦੀ ਕਾਰਵਾਈ ਬੜੀ ਤੀਬਰ ਅਤੇ ਵਿਊਂਤਬੱਧ ਸੀ। ਵਿੱਤੀ ਸਾਲ 2025-26 ਦੌਰਾਨ ਸਾਡੀ ਸਰਕਾਰ ਨੇ ਵਿਆਪਕ ਤਬਾਹੀ ਤੋਂ ਰਾਹਤ ਅਤੇ ਬਚਾਅ ਕਾਰਜਾਂ ਲਈ 1010 ਕਰੋੜ ਰੁਪਏ ਜਾਰੀ ਕੀਤੇ ਹਨ। ਇਸ ਰਾਸ਼ੀ ਰਾਹੀਂ ਫ਼ਸਲਾਂ, ਮਕਾਨਾਂ ਅਤੇ ਪਸ਼ੂ ਧਨ ਦੇ ਜਾਨੀ ਨੁਕਸਾਨ ਲਈ ਸਿੱਧਾ ਮੁਆਵਜ਼ਾ ਦਿੱਤਾ ਗਿਆ ਹੈ। ਇਸ ਦੇ ਨਾਲ ਹੀ 'ਸਟੇਟ ਮਿਟੀਗੇਸ਼ਨ ਫੰਡ' ਅਧੀਨ ਅਹਿਮ ਨਿਵੇਸ਼ ਕੀਤੇ ਗਏ ਹਨ। ਸਾਡੀ ਇਸ ਕਾਰਵਾਈ ਨੂੰ ਜੋ ਪਹਿਲੂ ਸਭ ਤੋਂ ਵਿਲੱਖਣ ਬਣਾਉਂਦਾ ਹੈ, ਉਹ ਹੈ ਭਾਰਤ ਦੇ ਪਹਿਲੇ ਅਤੇ ਮੁਕੰਮਲ ਤੌਰ 'ਤੇ 'ਡਿਜੀਟਲ ਫਲੱਡ ਰਿਲੀਫ ਸਿਸਟਮ' ਦਾ ਆਗਾਜ਼ ਕਰਨਾ। ਪੁਰਾਣੇ ਕਾਗਜ਼ੀ ਅਤੇ ਦਸਤੀ ਕੰਮਾਂ ਨੂੰ ਛੱਡ ਕੇ ਅਸੀਂ ਜੀਓ-ਟੈਗਡ ਸਰਵੇਖਣਾਂ ਅਤੇ ਰੀਅਲ-ਟਾਈਮ ਮੋਨੀਟਰਿੰਗ ਦਾ ਨਵਾਂ ਦੌਰ ਸ਼ੁਰੂ ਕੀਤਾ ਹੈ। ਇਸ

ਨਾਲ ਅਸੀਂ 'ਵਿਚੋਲਿਆਂ' ਦਾ ਮੁਕੰਮਲ ਖ਼ਾਤਮਾ ਕਰ ਦਿੱਤਾ ਹੈ ਅਤੇ ਮੁਆਵਜ਼ੇ ਦੀ ਗੁੰਝਲਦਾਰ ਪ੍ਰਕਿਰਿਆ ਨੂੰ ਬੇਹੱਦ ਤੇਜ਼ ਕਰ ਦਿੱਤਾ ਹੈ। ਇਹ ਪਲੇਟਫਾਰਮ ਯਕੀਨੀ ਬਣਾਉਂਦਾ ਹੈ ਕਿ ਮੁਆਵਜ਼ੇ ਦਾ ਇੱਕ-ਇੱਕ ਰੁਪਿਆ ਸਿੱਧਾ ਆਨਲਾਈਨ ਟ੍ਰਾਂਸਫਰ ਰਾਹੀਂ ਅਸਲ ਹੱਕਦਾਰ ਤੱਕ ਪਹੁੰਚੇ। ਹਜ਼ਾਰਾਂ ਹੜ੍ਹ ਪ੍ਰਭਾਵਿਤ ਪਰਿਵਾਰਾਂ ਨੂੰ ਬਿਨਾ ਕਿਸੇ ਦੇਰੀ, ਵਿਚੋਲਗੀ ਅਤੇ ਪੂਰੀ ਪਾਰਦਰਸ਼ਤਾ ਨਾਲ ਸਹਾਇਤਾ ਮਿਲੀ ਹੈ, ਜਿਸ ਦੇ ਉਹ ਹੱਕਦਾਰ ਸਨ। ਜਿੱਥੇ ਪਹਿਲਾਂ ਮੁਆਵਜ਼ਾ ਮਿਲਣ ਵਿੱਚ 6 ਮਹੀਨੇ ਤੋਂ ਲੈ ਕੇ ਸਾਲ ਭਰ ਦਾ ਸਮਾਂ ਲੱਗ ਜਾਂਦਾ ਸੀ, ਉੱਥੇ ਹੀ ਸਾਡੀ ਸਰਕਾਰ ਨੇ ਹੜ੍ਹਾਂ ਤੋਂ ਕੁਝ ਮਹੀਨਿਆਂ ਦੇ ਅੰਦਰ-ਅੰਦਰ ਲਗਭਗ ਸਾਰੇ ਲਾਭਪਾਤਰੀਆਂ ਦੇ ਖਾਤਿਆਂ ਵਿੱਚ ਰਾਸ਼ੀ ਪਹੁੰਚਾ ਦਿੱਤੀ ਹੈ।

95. ਪ੍ਰਸ਼ਾਸਨਿਕ ਕਾਰਜਕੁਸ਼ਲਤਾ ਨੂੰ ਮਜ਼ਬੂਤ ਕਰਨ ਲਈ ਨਵੀਆਂ ਸਬ-ਡਵੀਜ਼ਨਾਂ ਅਤੇ ਸਬ-ਤਹਿਸੀਲਾਂ ਬਣਾਈਆਂ ਅਤੇ ਨਵੀਨੀਕਰਨ ਕੀਤਾ ਗਿਆ ਹੈ। ਵੱਖ-ਵੱਖ ਜ਼ਿਲ੍ਹਿਆਂ ਵਿੱਚ ਨਵੇਂ ਐੱਸ.ਡੀ.ਐੱਮ. ਅਤੇ ਤਹਿਸੀਲ ਕੰਪਲੈਕਸਾਂ ਨੂੰ ਕਾਰਜਸ਼ੀਲ ਕਰਕੇ ਸ਼ਾਸਨ ਪ੍ਰਣਾਲੀ ਨੂੰ ਮਜ਼ਬੂਤ ਕੀਤਾ ਹੈ ਜੋ ਲੋਕਾਂ ਪ੍ਰਤੀ ਜਵਾਬਦੇਹ ਹੋਵੇ ਅਤੇ ਜਿਸ ਤੱਕ ਪਹੁੰਚਣਾ ਆਸਾਨ ਹੋਵੇ।

## ਗ੍ਰਹਿ ਮਾਮਲੇ, ਨਿਆਂ ਅਤੇ ਜੇਲ੍ਹਾਂ

96. ਮਾਣਯੋਗ ਸਭਾਪਤੀ ਸਾਹਿਬ, ਅੰਦਰੂਨੀ ਸੁਰੱਖਿਆ ਉਹ ਨੀਂਹ ਹੈ ਜਿਸ 'ਤੇ ਹਰ ਸੁਧਾਰ ਟਿਕਿਆ ਹੁੰਦਾ ਹੈ। ਜਿੱਥੇ ਕਾਨੂੰਨ ਅਤੇ ਵਿਵਸਥਾ ਅਨਿਸ਼ਚਿਤ ਹੋਵੇ, ਉੱਥੇ ਵਿਕਾਸ ਜੜ੍ਹ ਨਹੀਂ ਫੜ੍ਹ ਸਕਦਾ। ਪਿਛਲੇ ਚਾਰ ਸਾਲਾਂ ਵਿੱਚ ਇਸ ਸਰਕਾਰ ਨੇ ਰੀਐਕਟਿਵ ਪੁਲਿਸਿੰਗ ਤੋਂ ਅੱਗੇ ਵੱਧ ਕੇ ਸੰਗਠਿਤ ਅਤੇ ਖੁਫ਼ੀਆ ਜਾਣਕਾਰੀ 'ਤੇ ਅਧਾਰਿਤ ਸੁਰੱਖਿਆ ਢਾਂਚੇ ਵੱਲ ਕਦਮ ਵਧਾਇਆ ਹੈ, ਜਿਸ ਦਾ ਉਦੇਸ਼ ਸਿਰਫ਼ ਅਪਰਾਧਾਂ ਦਾ ਜਵਾਬ ਦੇਣਾ ਨਹੀਂ ਬਲਕਿ ਸੰਗਠਿਤ ਅਪਰਾਧਕ ਨੈੱਟਵਰਕਾਂ ਨੂੰ ਜੜ੍ਹੋਂ ਖ਼ਤਮ ਕਰਨਾ ਹੈ। ਮੈਂ ਵਿੱਤੀ ਸਾਲ 2026-27 ਵਿੱਚ ਗ੍ਰਹਿ ਮਾਮਲੇ, ਨਿਆਂ ਅਤੇ ਜੇਲ੍ਹਾਂ ਵਿਭਾਗ ਲਈ 11,577 ਕਰੋੜ ਰੁਪਏ ਦੇ ਵੰਡ ਦੀ ਤਜਵੀਜ਼ ਰੱਖਦਾ ਹਾਂ, ਜੋ ਸੰਸਥਾਗਤ ਸਮਰੱਥਾ, ਤਕਨੀਕੀ ਮੁਹਾਰਤ ਅਤੇ ਕਾਰਗੁਜ਼ਾਰੀ ਲਈ ਤਿਆਰੀ ਨੂੰ ਮਜ਼ਬੂਤ ਕਰਨ ਲਈ ਸਾਡੀ ਨਿਰੰਤਰ ਵਚਨਬੱਧਤਾ ਨੂੰ ਦਰਸਾਉਂਦਾ ਹੈ।

97. ਪੰਜਾਬ ਦੀ 553 ਕਿਲੋਮੀਟਰ ਲੰਬੀ ਅੰਤਰਰਾਸ਼ਟਰੀ ਸਰਹੱਦ 'ਤੇ ਨਿਰੰਤਰ ਚੌਕਸੀ ਦੀ ਲੋੜ ਹੈ। ਸਰਹੱਦੀ ਜ਼ਿਲ੍ਹਿਆਂ ਵਿੱਚ 636 ਰਣਨੀਤਕ ਸਥਾਨਾਂ 'ਤੇ 2367 ਸੀ.ਸੀ.ਟੀ.ਵੀ. ਕੈਮਰੇ ਲਗਾ ਕੇ ਸੁਰੱਖਿਆ ਦੀ ਦੂਜੀ ਲਾਈਨ ਸਥਾਪਿਤ ਕਰਨਾ, ਤਕਨਾਲੋਜੀ-ਅਧਾਰਿਤ ਨਿਗਰਾਨੀ ਵੱਲ ਨਿਰਣਾਇਕ ਬਦਲਾਅ ਨੂੰ ਦਰਸਾਉਂਦਾ ਹੈ। 1719 ਕੈਮਰੇ ਪਹਿਲਾਂ ਹੀ ਲਗਾਏ ਜਾ ਚੁੱਕੇ ਹਨ ਅਤੇ ਸਬੰਧਤ ਥਾਣਿਆਂ ਵਿੱਚ ਕੰਟਰੋਲ ਰੂਮ ਕਾਰਜਸ਼ੀਲ ਹੋ ਗਏ ਹਨ, ਜਿਸ ਨਾਲ ਚੌਵੀ ਘੰਟੇ ਨਿਗਰਾਨੀ ਨੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਦੇਸ਼ ਵਿਰੋਧੀ ਗਤੀਵਿਧੀਆਂ ਨੂੰ ਰੋਕਣ ਦੇ ਯਤਨਾਂ ਨੂੰ ਕਾਫ਼ੀ ਮਜ਼ਬੂਤ ਕੀਤਾ ਹੈ।

98. ਐਮਰਜੈਂਸੀ ਰਿਸਪਾਂਸ ਸਪੋਰਟ ਸਿਸਟਮ (ERSS)-ਡਾਇਲ 112 ਨੇ ਨਾਗਰਿਕ ਸਹਾਇਤਾ ਲਈ ਇੱਕ ਅਹਿਮ ਪਲੇਟਫਾਰਮ ਵਜੋਂ ਆਪਣੀ ਭੂਮਿਕਾ ਨੂੰ ਮਜ਼ਬੂਤ ਕੀਤਾ ਹੈ, ਜਿਸ ਨੇ ਆਪਣੀ ਸ਼ੁਰੂਆਤ ਤੋਂ ਹੁਣ ਤੱਕ 2.62 ਕਰੋੜ ਤੋਂ ਵੱਧ ਕਾਲਾਂ ਦਾ ਨਿਪਟਾਰਾ ਕੀਤਾ ਹੈ। ਸੜਕ ਸੁਰੱਖਿਆ ਫੋਰਸ (SSF) ਨੇ ਨਿਰਧਾਰਤ ਹਾਈਵੇਅ

ਹਿੱਸਿਆਂ 'ਤੇ ਐਮਰਜੈਂਸੀ ਰਿਸਪਾਂਸ ਸਮੇਂ ਨੂੰ ਘਟਾ ਕੇ 6-7 ਮਿੰਟ ਕਰਕੇ ਜਨਤਕ ਸੁਰੱਖਿਆ ਨੂੰ ਹੋਰ ਵਧਾਇਆ ਹੈ, ਜਿਸ ਨਾਲ ਰਾਜ ਭਰ ਵਿੱਚ ਸੜਕ ਸੁਰੱਖਿਆ ਵਿੱਚ ਸਪੱਸ਼ਟ ਸੁਧਾਰ ਹੋਏ ਹਨ ਅਤੇ ਸੜਕ ਹਾਦਸਿਆਂ ਵਿਚ ਹੋਣ ਵਾਲੀਆਂ ਮੌਤਾਂ ਦੀ ਦਰ ਘਟੀ ਹੈ। ਚਾਲੂ ਸਾਲ ਦੌਰਾਨ ਡਾਇਲ-112 ਦੇ ਤਹਿਤ ਸਹਾਇਤਾ ਪ੍ਰਣਾਲੀ ਨੂੰ ਹੋਰ ਮਜ਼ਬੂਤ ਕਰਨ ਲਈ 508 ਚਾਰ ਪਹੀਆ ਵਾਹਨ ਖਰੀਦੇ ਜਾ ਰਹੇ ਹਨ।

99. ਮਾਣਯੋਗ ਸਭਾਪਤੀ ਸਾਹਿਬ, ਸਰਕਾਰ ਬਿਹਤਰ ਸੁਰੱਖਿਆ ਅਤੇ ਬੁਨਿਆਦੀ ਢਾਂਚੇ ਦੇ ਆਧੁਨਿਕੀਕਰਨ ਰਾਹੀਂ ਜੇਲ੍ਹ ਪ੍ਰਸ਼ਾਸਨ ਨੂੰ ਵੀ ਮਜ਼ਬੂਤ ਕਰ ਰਹੀ ਹੈ। ਪ੍ਰਮੁੱਖ ਅਤੇ ਸੰਵੇਦਨਸ਼ੀਲ ਜੇਲ੍ਹਾਂ ਵਿੱਚ ਅਣਅਧਿਕਾਰਤ ਸੰਚਾਰ ਨੂੰ ਰੋਕਣ ਲਈ ਉੱਨਤ 'ਵੀ-ਕਵਚ 2.0' ਜੈਮਰ ਸਿਸਟਮ ਲਗਾਏ ਜਾ ਰਹੇ ਹਨ। ਇਸ ਤੋਂ ਇਲਾਵਾ, ਨਿਗਰਾਨੀ ਅਤੇ ਅੰਦਰੂਨੀ ਸੁਰੱਖਿਆ ਵਿੱਚ ਸੁਧਾਰ ਕਰਨ ਲਈ AI-ਅਧਾਰਿਤ ਸੀ.ਸੀ.ਟੀ.ਵੀ. ਨਿਗਰਾਨੀ ਦਾ ਵੀ ਵਿਸਥਾਰ ਕੀਤਾ ਜਾ ਰਿਹਾ ਹੈ।

100. ਵਿੱਤੀ ਸਾਲ 2026-27 ਵਿੱਚ ਵੱਖ-ਵੱਖ ਪਹਿਲਾਂ ਨੂੰ ਨੇਪਰੇ ਚਾੜ੍ਹਨ ਲਈ 535 ਕਰੋੜ ਰੁਪਏ ਦੇ ਬਜਟ ਦੀ ਤਜਵੀਜ਼ ਹੈ, ਜਿਸ ਵਿੱਚ ਸੁਰੱਖਿਆ ਦੇ ਆਧੁਨਿਕੀਕਰਨ, ਬੁਨਿਆਦੀ ਢਾਂਚੇ ਦੀ ਮਜ਼ਬੂਤੀ ਅਤੇ ਸਮਰੱਥਾ ਵਿੱਚ ਵਾਧਾ ਕਰਨਾ ਸ਼ਾਮਲ ਹੈ।

### ਬੁਨਿਆਦੀ ਢਾਂਚਾ

#### ਸੜਕਾਂ ਅਤੇ ਪੁਲ

101. ਸਾਡੀ ਸਰਕਾਰ ਨਾ ਸਿਰਫ਼ ਸੂਬੇ ਭਰ ਵਿੱਚ ਸੜਕ ਅਤੇ ਪੁਲਾਂ ਦੇ ਬੁਨਿਆਦੀ ਢਾਂਚੇ ਦੇ ਵਿਸਥਾਰ ਲਈ, ਸਗੋਂ ਮੌਜੂਦਾ ਸੰਪਤੀਆਂ ਦੇ ਯੋਜਨਾਬੱਧ ਰੱਖ-ਰਖਾਅ ਨੂੰ ਯਕੀਨੀ ਬਣਾਉਣ ਲਈ ਵੀ ਦ੍ਰਿੜ੍ਹਤਾ ਨਾਲ ਵਚਨਬੱਧ ਹੈ। ਵਿੱਤੀ ਸਾਲ 2026-27 ਲਈ ਸੜਕਾਂ, ਪੁਲਾਂ ਅਤੇ ਜਨਤਕ ਇਮਾਰਤਾਂ ਦੀ ਉਸਾਰੀ, ਨਵੀਨੀਕਰਨ ਅਤੇ ਰੱਖ-ਰਖਾਅ ਲਈ ਬਜਟ ਨੂੰ 5,440 ਕਰੋੜ ਰੁਪਏ ਕਰ ਦਿੱਤਾ ਗਿਆ ਹੈ ਜੋ ਵਿੱਤੀ ਸਾਲ 2025-26 (ਬਜਟ ਅਨੁਮਾਨ) ਨਾਲੋਂ ਦੁੱਗਣਾ ਹੈ। ਇਹ ਸਾਡੀ ਸਰਕਾਰ ਵੱਲੋਂ ਮਜ਼ਬੂਤ ਅਤੇ ਬਿਹਤਰ ਬੁਨਿਆਦੀ ਢਾਂਚੇ ਨੂੰ ਦਿੱਤੀ ਜਾ ਰਹੀ ਤਰਜੀਹ ਨੂੰ ਮੁੜ ਦੁਹਰਾਉਂਦਾ ਹੈ।

*12.47 ਵਜੇ ਬਾਅਦ ਦੁਪਹਿਰ।) (ਇਸ*ਸਮੇਂ ਮਾਣਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

**ਮਾਣਯੋਗ ਸਪੀਕਰ:** ਤੁਹਾਡਾ ਬਹੁਤ ਬਹੁਤ ਧੰਨਵਾਦ। ਸਾਡੇ ਉਥੋਂ ਦੇ ਲੋਕ ਤੁਹਾਡੇ ਪੂਰੇ ਧੰਨਵਾਦੀ ਹਨ। ਤੁਸੀਂ ਪੁਲ ਬਣਾ ਦਿੱਤਾ। ਕਮਾਲ ਕਰ ਦਿੱਤੀ। ਧੰਨਵਾਦ ਜੀ।

**ਵਿੱਤ ਮੰਤਰੀ:** ਮਾਣਯੋਗ ਸਪੀਕਰ ਸਾਹਿਬ, ਤੁਸੀਂ ਧੰਨਵਾਦ ਤਾਂ ਕੀਤਾ। ਸਾਡੇ ਕਈ ਸਾਥੀ ਤਾਂ ਧੰਨਵਾਦ ਵੀ ਨਹੀਂ ਕਰ ਰਹੇ।

102. ਰਾਜ ਭਰ ਵਿੱਚ 2,570 ਕਿਲੋਮੀਟਰ ਲੰਬੀਆਂ ਪਲਾਨ ਸੜਕਾਂ ਦੇ ਅੱਪਗ੍ਰੇਡੇਸ਼ਨ ਅਤੇ ਸੰਪਰਕ (ਕੁਨੈਕਟੀਵਿਟੀ) ਵਿੱਚ ਸੁਧਾਰ ਲਈ ਵਿੱਤੀ ਸਾਲ 2026-27 ਵਿੱਚ 1500 ਕਰੋੜ ਰੁਪਏ ਦੇ ਸ਼ੁਰੂਆਤੀ ਖਰਚੇ ਦੀ ਤਜਵੀਜ਼ ਹੈ, ਜੋ ਜ਼ਿਲ੍ਹੇ ਦੇ ਅੰਦਰੂਨੀ ਅਤੇ ਅੰਤਰ-ਜ਼ਿਲ੍ਹਾ ਸੜਕੀ ਨੈੱਟਵਰਕ ਨੂੰ ਹੋਰ ਮਜ਼ਬੂਤ ਕਰੇਗਾ। ਇਸ ਤੋਂ

ਇਲਾਵਾ, ਚੱਲ ਰਹੇ 31 ਪੁਲਾਂ ਨੂੰ ਮੁਕੰਮਲ ਕਰਨ ਅਤੇ ਨਵੇਂ ਪੁਲਾਂ ਦੇ ਨਿਰਮਾਣ ਕਾਰਜਾਂ ਲਈ 130 ਕਰੋੜ ਰੁਪਏ ਰਾਖਵੇਂ ਰੱਖੇ ਜਾ ਰਹੇ ਹਨ। (ਥੰਪਿੰਗ)

103. ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ (PMGSY-III) ਦੇ ਤਹਿਤ ਵਿੱਤੀ ਸਾਲ 2025-26 ਦੌਰਾਨ ਲਗਭਗ 500 ਕਿਲੋਮੀਟਰ ਪੇਂਡੂ ਸੜਕਾਂ ਦੇ 290 ਕਰੋੜ ਰੁਪਏ ਦੀ ਅੰਦਾਜ਼ਨ ਲਾਗਤ ਨਾਲ ਮੁਕੰਮਲ ਹੋਣ ਦੀ ਉਮੀਦ ਹੈ। ਇਸ ਤੋਂ ਇਲਾਵਾ, ਵਿੱਤੀ ਸਾਲ 2026-27 ਵਿੱਚ ਇਸ ਸਕੀਮ ਅਧੀਨ 400 ਕਰੋੜ ਰੁਪਏ ਦੇ ਅੰਦਾਜ਼ਨ ਖਰਚੇ ਨਾਲ 400 ਕਿਲੋਮੀਟਰ ਸੜਕਾਂ ਨੂੰ ਅੱਪਗ੍ਰੇਡ ਕਰਨ ਦੀ ਤਜਵੀਜ਼ ਹੈ। ਇਸ ਦੇ ਨਾਲ ਹੀ ਕੇਂਦਰੀ ਸੜਕ ਅਤੇ ਬੁਨਿਆਦੀ ਢਾਂਚਾ ਫੰਡ (CRIF) ਦੇ ਤਹਿਤ 100 ਕਿਲੋਮੀਟਰ ਸੜਕਾਂ ਦੇ ਅੱਪਗ੍ਰੇਡੇਸ਼ਨ ਅਤੇ 06 ਰੇਲਵੇ ਅੰਡਰ ਬ੍ਰਿਜਾਂ/ਓਵਰ ਬ੍ਰਿਜਾਂ ਦੇ ਨਿਰਮਾਣ ਲਈ 300 ਕਰੋੜ ਰੁਪਏ ਦੀ ਰਾਸ਼ੀ ਪ੍ਰਸਤਾਵਿਤ ਹੈ, ਜਿਸ ਨਾਲ ਰਾਜ ਭਰ ਵਿੱਚ ਸੜਕੀ ਸੰਪਰਕ ਅਤੇ ਸੁਰੱਖਿਆ ਨੂੰ ਮਜ਼ਬੂਤੀ ਮਿਲੇਗੀ।

## ਜਲ ਸਪਲਾਈ ਅਤੇ ਸੈਨੀਟੇਸ਼ਨ

104. ਸਾਫ਼ ਪੀਣ ਵਾਲੇ ਪਾਣੀ ਦੀ ਪਹੁੰਚ ਅਤੇ ਬਿਹਤਰ ਸਵੱਛਤਾ ਨੂੰ ਯਕੀਨੀ ਬਣਾਉਣਾ ਸਾਡੀ ਸਰਕਾਰ ਦੀ ਮੁੱਖ ਤਰਜੀਹ ਰਹੀ ਹੈ। ਵਿੱਤੀ ਸਾਲ 2026-27 ਵਿੱਚ 1,230 ਗੁਣਵੱਤਾ-ਪ੍ਰਭਾਵਿਤ ਅਤੇ ਪਾਣੀ ਦੀ ਕਿੱਲਤ ਵਾਲੇ ਪਿੰਡਾਂ ਨੂੰ ਸੁਰੱਖਿਅਤ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਲਈ 11 ਪ੍ਰਮੁੱਖ ਸਤਹੀ ਜਲ ਪ੍ਰਾਜੈਕਟਾਂ ਨੂੰ ਮੁਕੰਮਲ ਅਤੇ ਚਾਲੂ ਕਰਨ 'ਤੇ ਜ਼ੋਰ ਦਿੱਤਾ ਜਾਵੇਗਾ। 125 ਬਸਤੀਆਂ ਵਿੱਚ ਪੀਣ ਵਾਲੇ ਪਾਣੀ ਦੇ ਸੁਧਾਰ ਦੇ ਕਾਰਜ ਕੀਤੇ ਜਾਣਗੇ, ਨਾਲ ਹੀ 88 ਯੂਰੇਨੀਅਮ-ਪ੍ਰਭਾਵਿਤ ਖੇਤਰਾਂ ਵਿੱਚ ਨਵੇਂ ਪ੍ਰੋਜੈਕਟ ਸ਼ੁਰੂ ਕੀਤੇ ਜਾਣਗੇ। ਇਨ੍ਹਾਂ ਪਹਿਲ ਕਦਮੀਆਂ ਨੂੰ ਅੱਗੇ ਵਧਾਉਣ ਲਈ ਮੈਂ ਵੱਖ-ਵੱਖ ਪਾਣੀ ਅਤੇ ਸਫਾਈ ਪ੍ਰੋਗਰਾਮਾਂ ਅਧੀਨ 1,487 ਕਰੋੜ ਰੁਪਏ ਦੇ ਬਜਟ ਦੀ ਤਜਵੀਜ਼ ਰੱਖਦਾ ਹਾਂ। ਇਸ ਦੇ ਨਾਲ ਹੀ ਭਾਈਚਾਰਕ ਪੱਧਰ 'ਤੇ ਪਾਣੀ ਦੀਆਂ ਸਪਲਾਈ ਸੇਵਾਵਾਂ ਨੂੰ ਮਜ਼ਬੂਤ ਕਰਨ ਲਈ 'ਨਲ ਜਲ ਮਿੱਤਰ' ਮੁਹਿੰਮ ਦੀ ਸ਼ੁਰੂਆਤ ਕੀਤੀ ਜਾਵੇਗੀ ਜਿਸ ਤਹਿਤ ਹਰ ਗ੍ਰਾਮ ਪੰਚਾਇਤ ਵਿੱਚ ਇੱਕ ਵਿਅਕਤੀ ਨੂੰ ਸਿਖਲਾਈ ਦਿੱਤੀ ਜਾਵੇਗੀ।

## ਜਲ ਸਰੋਤ

105. ਮਾਣਯੋਗ ਸਪੀਕਰ ਸਾਹਿਬ, ਕਿਸਾਨਾਂ ਪ੍ਰਤੀ ਸਾਡੀ ਵਚਨਬੱਧਤਾ ਦੀ ਸਭ ਤੋਂ ਉੱਤਮ ਝਲਕ ਸਾਡੇ ਮੁੜ ਸੁਰਜੀਤ ਕੀਤੇ ਨਹਿਰੀ ਨੈੱਟਵਰਕ ਦੇ ਵਗਦੇ ਪਾਣੀਆਂ ਵਿੱਚ ਦੇਖਣ ਨੂੰ ਮਿਲਦੀ ਹੈ। ਮਹਿਜ਼ ਤਿੰਨ ਸਾਲਾਂ ਵਿੱਚ ਅਸੀਂ ਆਪਣੀ ਨਹਿਰੀ ਸਿੰਚਾਈ ਸਮਰੱਥਾ ਨੂੰ ਦੁੱਗਣਾ ਕਰਕੇ ਇਤਿਹਾਸਕ ਮੀਲ ਪੱਥਰ ਸਥਾਪਿਤ ਕੀਤਾ ਹੈ। ਨਹਿਰਾਂ ਅਤੇ ਖਾਲਾਂ ਦੇ ਵੱਡੇ ਪੱਧਰ 'ਤੇ ਨਵੀਨੀਕਰਨ ਰਾਹੀਂ ਅਸੀਂ ਆਪਣੀ ਪਹੁੰਚ ਨੂੰ 2022 ਵਿੱਚ 2.23 ਮਿਲੀਅਨ ਏਕੜ ਤੋਂ ਵਧਾ ਕੇ ਅਪ੍ਰੈਲ, 2026 ਤੱਕ 5.3 ਮਿਲੀਅਨ ਏਕੜ ਤੱਕ ਪਹੁੰਚਾ ਦੇਵਾਂਗੇ। (ਥੰਪਿੰਗ) ਇਹ ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਸੁਪਨਾ ਹੈ ਕਿ ਆਖਰੀ ਖੇਤ ਤੱਕ ਨਹਿਰੀ ਪਾਣੀ ਪਹੁੰਚਣਾ ਚਾਹੀਦਾ ਹੈ ਤਾਂ ਕਿ ਅਸੀਂ ਆਪਣਾ ਧਰਤੀ ਹੇਠਲਾ ਪਾਣੀ ਬਚਾ ਸਕੀਏ। ਸਾਨੂੰ ਸਾਡੇ ਗੁਰੂ ਸਾਹਿਬਾਨ ਨੇ ਉਪਦੇਸ਼ ਦਿੱਤਾ ਸੀ-

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥

ਅੱਜ ਉਸ ਸੰਕਲਪ ਤੇ, ਗੁਰੂ ਸਾਹਿਬ ਦੀ ਬਾਣੀ ਉਤੇ ਸਰਦਾਰ ਭਗਵੰਤ ਸਿੰਘ ਮਾਨ ਜੀ ਡੱਟ ਕੇ ਪਹਿਰਾ ਦੇ ਰਹੇ ਹਨ।

106. ਇਹ ਕੇਵਲ ਰਕਬੇ ਦਾ ਪਸਾਰ ਨਹੀਂ, ਸਗੋਂ ਸਾਧਨਾਂ ਦੀ ਸੁਚੱਜੀ ਵਰਤੋਂ ਹੈ। ਵਿਵਸਥਿਤ ਸਫ਼ਾਈ, ਲਾਈਨਿੰਗ ਅਤੇ ਨਵੀਨੀਕਰਨ ਸਦਕਾ ਸਾਡੇ ਨਹਿਰੀ ਪਾਣੀ ਦੀ ਵਰਤੋਂ ਵੱਧ ਕੇ 6.6 MAF ਤੱਕ ਪਹੁੰਚ ਗਈ ਹੈ, ਇਹ 13 ਫ਼ੀਸਦੀ ਦਾ ਵੱਡਾ ਉਛਾਲ ਸਾਡੇ ਖੇਤੀਬਾੜੀ ਦੇ ਭਵਿੱਖ ਨੂੰ ਸੁਰੱਖਿਅਤ ਕਰਦਾ ਹੈ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਅਸੀਂ ਦਹਾਕਿਆਂ ਦੀ ਅਣਗਹਿਲੀ ਨੂੰ ਦੂਰ ਕਰ ਦਿੱਤਾ ਹੈ। ਅੱਜ ਨਹਿਰੀ ਪਾਣੀ ਪਹਿਲੀ ਵਾਰ 1,365 ਟਿਕਾਣਿਆਂ 'ਤੇ ਪਹੁੰਚਿਆ ਹੈ, (ਥੰਪਿੰਗ) ਜਿਸ ਨਾਲ ਉਨ੍ਹਾਂ ਪਿੰਡਾਂ ਵਿੱਚ ਮੁੜ ਜਾਨ ਪੈ ਗਈ ਹੈ ਜੋ 20 ਤੋਂ 50 ਸਾਲਾਂ ਤੋਂ ਪਾਣੀ ਨੂੰ ਤਰਸ ਰਹੇ ਸਨ। ਕੰਕਰੀਟ ਲਾਈਨਿੰਗ, ਨਵੀਆਂ ਪਾਈਪਲਾਈਨਾਂ ਅਤੇ ਮੁਰੰਮਤ ਕੀਤੇ ਮਾਈਨਰਾਂ ਰਾਹੀਂ ਅਸੀਂ ਇਹ ਯਕੀਨੀ ਬਣਾਇਆ ਹੈ ਕਿ ਪਾਣੀ ਹੁਣ ਕੁਝ ਚੋਣਵੇਂ ਲੋਕਾਂ ਦਾ ਵਿਸ਼ੇਸ਼ ਅਧਿਕਾਰ ਨਹੀਂ, ਸਗੋਂ ਹਰ ਟੇਲ (ਅੰਤਿਮ ਸਿਰੇ) ਤੱਕ ਪਹੁੰਚਣ ਵਾਲਾ ਹੱਕ ਹੈ। ਸਰ, ਕੁਝ ਸਿਆਸੀ ਲੋਕ ਸਾਡੀ ਇਸ ਵਿਧਾਨ ਸਭਾ ਦਾ ਹੁਣ ਹਿੱਸਾ ਨਹੀਂ ਹਨ। ਹੋ ਸਕਦਾ ਹੈ ਕਿ ਉਨ੍ਹਾਂ ਦੇ ਚਾਚੇ-ਤਾਏ-ਭਤੀਜੇ ਇੱਥੇ ਬੈਠੇ ਹੋਣ। ਪਹਿਲਾਂ ਉਨ੍ਹਾਂ ਦੇ ਖੇਤਾਂ ਤੱਕ ਹੀ ਨਹਿਰਾਂ ਜਾਂਦੀਆਂ ਸਨ ਲੇਕਿਨ ਹੁਣ ਉਨ੍ਹਾਂ ਚੋਣਵੇਂ ਲੋਕਾਂ ਦਾ ਅਧਿਕਾਰ ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਖਤਮ ਕਰ ਦਿੱਤਾ ਹੈ। ਸਗੋਂ ਹਰ ਟੇਲ, ਅੰਤਿਮ ਸਿਰੇ ਤੱਕ ਪਾਣੀ ਪਹੁੰਚਾਉਣ ਦਾ ਕੰਮ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਸਰਕਾਰ ਨੇ ਕੀਤਾ ਹੈ।

107. ਸਾਲ 2025 ਵਿੱਚ ਆਏ ਹੜ੍ਹਾਂ ਤੋਂ ਬਾਅਦ ਸੂਬੇ ਦੇ ਸਾਰੇ ਪ੍ਰਮੁੱਖ ਦਰਿਆਵਾਂ ਦਾ ਵਿਆਪਕ ਮੁਲਾਂਕਣ ਕੀਤਾ ਗਿਆ। ਇਸ ਵਿਗਿਆਨਕ ਮੁਲਾਂਕਣ ਦੇ ਆਧਾਰ 'ਤੇ 371 ਹੜ੍ਹ ਸੁਰੱਖਿਆ ਅਤੇ ਰੋਕਥਾਮ ਕਾਰਜਾਂ ਦੀ ਪਛਾਣ ਕੀਤੀ ਗਈ ਸੀ, ਜਿਨ੍ਹਾਂ ਦੀ ਲਾਗਤ 1,500 ਕਰੋੜ ਰੁਪਏ ਤੋਂ ਵੱਧ ਹੈ। ਇਨ੍ਹਾਂ ਵਿੱਚੋਂ 489 ਕਰੋੜ ਰੁਪਏ ਦੀ ਲਾਗਤ ਵਾਲੇ 142 ਕਾਰਜਾਂ ਨੂੰ 31 ਮਾਰਚ, 2026 ਤੱਕ ਮੁਕੰਮਲ ਕਰਨ ਦਾ ਟੀਚਾ ਰੱਖਿਆ ਗਿਆ ਹੈ (ਥੰਪਿੰਗ) ਅਤੇ ਬਾਕੀ ਰਹਿੰਦੇ ਕਾਰਜ ਵਿੱਤੀ ਸਾਲ 2026-27 ਵਿੱਚ ਕੀਤੇ ਜਾਣਗੇ। ਇਨ੍ਹਾਂ ਹੜ੍ਹਾਂ ਤੋਂ ਸਬਕ ਲੈਂਦਿਆਂ ਦਰਿਆਵਾਂ ਦੀ ਕੁਦਰਤੀ ਵਹਾਅ ਸਮਰੱਥਾ ਨੂੰ ਬਹਾਲ ਕਰਨ ਅਤੇ ਪੰਜਾਬ ਭਰ ਵਿੱਚ ਦੀਰਘਕਾਲੀ ਹੜ੍ਹ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਸੰਗਠਿਤ, ਪਾਰਦਰਸ਼ੀ ਅਤੇ ਵਾਤਾਵਰਣ ਪੱਖੋਂ ਜ਼ਿੰਮੇਵਾਰ ਦਰਿਆਵਾਂ ਵਿੱਚੋਂ ਗਾਰ ਕੱਢਣ ਦਾ ਪ੍ਰੋਗਰਾਮ ਵੀ ਸ਼ੁਰੂ ਕੀਤਾ ਗਿਆ ਹੈ। (ਥੰਪਿੰਗ)

108. ਸਰਕਾਰ ਨੇ ਮੌਜੂਦਾ ਸਾਲ ਦੌਰਾਨ 65 ਕਰੋੜ ਰੁਪਏ ਦੀ ਲਾਗਤ ਨਾਲ ਹੜ੍ਹ ਸੁਰੱਖਿਆ ਅਤੇ ਡਰੇਨਾਂ ਦੀ ਸਫਾਈ ਦੇ ਕਾਰਜ ਕੀਤੇ ਹਨ। ਵੱਖ-ਵੱਖ ਜ਼ਿਲ੍ਹਿਆਂ ਵਿੱਚ ਲਗਭਗ 3,000 ਕਿਲੋਮੀਟਰ ਡਰੇਨਾਂ ਦੀ ਸਫਾਈ ਦਾ ਕੰਮ ਮੁਕੰਮਲ ਕਰ ਲਿਆ ਗਿਆ ਹੈ, ਜਿਸ ਨਾਲ ਨਿਕਾਸੀ ਸਮਰੱਥਾ ਵਿੱਚ ਮਹੱਤਵਪੂਰਨ ਸੁਧਾਰ ਹੋਇਆ ਹੈ। ਜ਼ਿਕਰਯੋਗ ਹੈ ਕਿ ਇਨ੍ਹਾਂ ਕੰਮਾਂ ਨੂੰ ਵਿਭਾਗੀ ਮਸ਼ੀਨਰੀ ਰਾਹੀਂ ਕਰਵਾ ਕੇ ਲਗਭਗ 60 ਫੀਸਦੀ ਬੱਚਤ ਕੀਤੀ ਗਈ ਹੈ, ਜਿਸ ਨਾਲ ਕਾਰਜ ਕੁਸ਼ਲਤਾ ਅਤੇ ਜਨਤਕ ਫੰਡਾਂ ਦੀ ਸੁਚੱਜੀ ਵਰਤੋਂ ਯਕੀਨੀ ਬਣਾਈ ਗਈ ਹੈ। (ਥੰਪਿੰਗ)

109. ਮੌਜੂਦਾ ਵਿੱਤੀ ਸਾਲ ਦੌਰਾਨ ਨਹਿਰਾਂ ਦੇ ਪੁਨਰਵਾਸ ਅਤੇ ਲਾਈਨਿੰਗ ਲਈ ਵਿਆਪਕ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਸੀ। ਇਨ੍ਹਾਂ ਕੰਮਾਂ ਨੂੰ ਨੇਪਰੇ ਚਾੜ੍ਹਨ ਦੀ ਪ੍ਰਕਿਰਿਆ ਕਈ ਥਾਵਾਂ 'ਤੇ ਪਹਿਲਾਂ ਹੀ ਕਾਰਜਸ਼ੀਲ ਹੈ, ਜਿਸ ਦਾ ਉਦੇਸ਼ ਵਾਧੂ 4 ਲੱਖ ਹੈਕਟੇਅਰ ਰਕਬੇ ਨੂੰ ਬਿਹਤਰ ਸਿੰਚਾਈ ਕਵਰੇਜ ਵਿੱਚ ਲਿਆਉਣਾ ਹੈ। ਇਨ੍ਹਾਂ ਕਾਰਜਾਂ ਨੂੰ

ਮੁਕੰਮਲ ਕਰਨ ਲਈ ਹੁਣ ਤੱਕ 1153 ਕਰੋੜ ਰੁਪਏ ਦੀ ਰਾਸ਼ੀ ਖਰਚ ਕੀਤੀ ਜਾ ਚੁੱਕੀ ਹੈ। (ਥੰਪਿੰਗ)

110. ਇਸ ਤੋਂ ਇਲਾਵਾ ਸਰਕਾਰ ਨੇ ਫਿਰੋਜ਼ਪੁਰ ਫੀਡਰ ਨੂੰ ਮਜ਼ਬੂਤ ਕਰਨ ਦਾ ਕੰਮ ਸ਼ੁਰੂ ਕੀਤਾ ਹੈ, ਜੋ ਕਿ 1952-53 ਵਿੱਚ ਬਣਾਇਆ ਗਿਆ ਇੱਕ ਪ੍ਰਮੁੱਖ ਨਹਿਰੀ ਸਿਸਟਮ ਹੈ। ਇਹ ਫਿਰੋਜ਼ਪੁਰ, ਫਾਜ਼ਿਲਕਾ, ਸ੍ਰੀ ਮੁਕਤਸਰ ਸਾਹਿਬ ਅਤੇ ਫਰੀਦਕੋਟ ਜ਼ਿਲ੍ਹਿਆਂ ਦੀ ਸੇਵਾ ਕਰਦਾ ਹੈ ਅਤੇ 1,000 ਤੋਂ ਵੱਧ ਪਿੰਡਾਂ ਨੂੰ ਲਾਭ ਪਹੁੰਚਾਉਂਦਾ ਹੈ। ਪਾਣੀ ਦੀ ਉਪਲਬਧਤਾ ਵਿੱਚ ਸੁਧਾਰ ਕਰਨ ਲਈ ਇਸ ਪ੍ਰੋਜੈਕਟ ਦਾ ਉਦੇਸ਼ ਫੀਡਰ ਦੀ ਸਮਰੱਥਾ ਨੂੰ 2,600 ਕਿਊਸਿਕ ਵਧਾ ਕੇ 13,845 ਕਿਊਸਿਕ ਕਰਨਾ ਹੈ। ਵਿੱਤੀ ਸਾਲ 2025-26 ਦੌਰਾਨ 195 ਕਰੋੜ ਰੁਪਏ ਦੀ ਲਾਗਤ ਨਾਲ 17 ਕਿਲੋਮੀਟਰ ਨਹਿਰ ਦੀ ਲਾਈਨਿੰਗ ਦਾ ਕੰਮ ਮੁਕੰਮਲ ਕੀਤਾ ਗਿਆ ਹੈ, ਜੋ ਅਬੋਹਰ ਅਤੇ ਫਾਜ਼ਿਲਕਾ ਵਰਗੇ ਦੂਰ-ਦੁਰਾਡੇ ਦੇ ਖੇਤਰਾਂ ਨੂੰ ਪਾਣੀ ਦੀ ਬਿਹਤਰ ਸਪਲਾਈ ਯਕੀਨੀ ਬਣਾਉਣ ਅਤੇ ਰਾਜ ਨੂੰ ਨਹਿਰੀ ਪਾਣੀ ਦੇ ਆਪਣੇ ਪੂਰੇ ਹਿੱਸੇ ਦੀ ਵਰਤੋਂ ਕਰਨ ਦੇ ਯੋਗ ਬਣਾਉਣ ਵਿੱਚ ਮਦਦ ਕਰੇਗਾ। (ਥੰਪਿੰਗ)

111. ਇਸ ਤੋਂ ਇਲਾਵਾ ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ) ਜ਼ਿਲ੍ਹੇ ਦੇ ਅਰਧ-ਪਹਾੜੀ ਅਤੇ ਪਾਣੀ ਦੀ ਕਿੱਲਤ ਵਾਲੇ ਖੇਤਰ ਵਿੱਚ ਪਹਿਲੀ ਵਾਰ ਨਹਿਰੀ ਪਾਣੀ ਪਹੁੰਚਾਉਣ ਲਈ ਕਾਠਗੜ੍ਹ ਲਿਫਟ ਸਕੀਮ ਸਟੇਜ-II ਨੂੰ ਲਾਗੂ ਕੀਤਾ ਜਾ ਰਿਹਾ ਹੈ। 107 ਕਰੋੜ ਰੁਪਏ ਦੀ ਅੰਦਾਜ਼ਨ ਲਾਗਤ ਵਾਲੇ ਇਸ ਪ੍ਰੋਜੈਕਟ ਰਾਹੀਂ ਬਿਸਤ ਦੋਆਬ ਨਹਿਰ ਤੋਂ ਪਾਣੀ ਲਿਫਟ ਕਰਕੇ 24 ਪਿੰਡਾਂ ਦੇ ਲਗਭਗ 5,500 ਏਕੜ ਕਮਾਂਡ ਏਰੀਏ ਨੂੰ ਸਿੰਚਾਈ ਦੀ ਸਹੂਲਤ ਦਿੱਤੀ ਜਾਵੇਗੀ। ਇਹ ਪਹਿਲਕਦਮੀ ਜ਼ਮੀਨੀ ਪਾਣੀ 'ਤੇ ਨਿਰਭਰਤਾ ਨੂੰ ਘਟਾਏਗੀ ਅਤੇ ਇਸ ਨਾਲ ਬਿਜਲੀ ਬੱਚਤ ਹੋਣ ਦੀ ਵੀ ਆਸ ਹੈ। (ਥੰਪਿੰਗ)

112. ਮਲੇਰਕੋਟਲਾ ਖੇਤਰ ਵਿੱਚ ਸਿੰਚਾਈ ਦੇ ਬਰਾਬਰ ਮੌਕੇ ਯਕੀਨੀ ਬਣਾਉਣ ਅਤੇ ਕਿਸਾਨਾਂ ਦੀ ਲੰਬੇ ਸਮੇਂ ਤੋਂ ਲਟਕਦੀ ਆ ਰਹੀ ਮੰਗ ਨੂੰ ਪੂਰਾ ਕਰਨ ਲਈ ਸਰਕਾਰ ਨੇ 288 ਕਰੋੜ ਰੁਪਏ ਦੀ ਲਾਗਤ ਨਾਲ ਮਾਹੋਰਾਣਾ ਰਜਬਾਹੇ ਦੇ ਮੁੜ ਨਿਰਮਾਣ ਅਤੇ ਮਲੇਰਕੋਟਲਾ ਮਾਈਨਰ ਦੀ ਉਸਾਰੀ ਦਾ ਕੰਮ ਸ਼ੁਰੂ ਕੀਤਾ ਹੈ। ਇਹ ਪ੍ਰੋਜੈਕਟ ਪਹਿਲੀ ਵਾਰ 55 ਪਿੰਡਾਂ ਨੂੰ ਨਹਿਰੀ ਪਾਣੀ ਮੁਹੱਈਆ ਕਰਵਾਏਗਾ, ਜਿਸ ਨਾਲ ਲਗਭਗ 44,000 ਏਕੜ ਸਿੰਚਾਈ ਅਧੀਨ ਰਕਬਾ ਕਵਰ ਹੋਵੇਗਾ।(ਥੰਪਿੰਗ) ਇਸ ਮਕਸਦ ਲਈ ਵਿੱਤੀ ਸਾਲ 2026–27 ਵਿੱਚ 190 ਕਰੋੜ ਰੁਪਏ ਦੀ ਵਿਵਸਥਾ ਕੀਤੀ ਗਈ ਹੈ।

113. ਵਿੱਤੀ ਸਾਲ 2026-27 ਵਿੱਚ ਸਰਕਾਰ ਨੇ ਨਹਿਰੀ ਸਿੰਚਾਈ ਅਧੀਨ ਆਉਣ ਵਾਲੇ ਰਕਬੇ ਨੂੰ ਹੋਰ ਵਧਾਉਣ ਦੀ ਯੋਜਨਾ ਬਣਾਈ ਹੈ, ਜਿਸ ਦੇ ਦੋ ਮੁੱਖ ਉਦੇਸ਼ ਹਨ, ਨਹਿਰੀ ਪਾਣੀ (ਸਰਫੇਸ ਵਾਟਰ) ਦੀ ਵਰਤੋਂ ਨੂੰ ਵਧਾਉਣਾ ਅਤੇ ਧਰਤੀ ਹੇਠਲੇ ਪਾਣੀ ਨੂੰ ਬਚਾਉਣਾ। ਪਾਈਪਲਾਈਨਾਂ ਅਤੇ ਇੱਟਾਂ ਨਾਲ ਬਣੇ ਖਾਲਾਂ ਦੇ ਨਿਰਮਾਣ ਰਾਹੀਂ ਆਖਰੀ ਸਿਰੇ ਤੱਕ ਪਾਣੀ ਪਹੁੰਚਾਉਣ 'ਤੇ ਵਿਸ਼ੇਸ਼ ਜ਼ੋਰ ਦਿੱਤਾ ਜਾ ਰਿਹਾ ਹੈ। ਇਸ ਨਾਲ ਲਗਭਗ 5 ਲੱਖ ਹੈਕਟੇਅਰ ਰਕਬੇ ਵਿੱਚ ਸਿੰਚਾਈ ਸਹੂਲਤ ਬਹਾਲ ਹੋਣ ਦੀ ਉਮੀਦ ਹੈ। ਵਿੱਤੀ ਸਾਲ 2026-27 ਵਿੱਚ ਇਸ ਖੇਤਰ ਲਈ 2,971 ਕਰੋੜ ਰੁਪਏ ਦੀ ਬਜਟ ਰਾਸ਼ੀ ਦੀ ਤਜਵੀਜ਼ ਹੈ। (ਥੰਪਿੰਗ)

———

## WELCOME ANNOUCEMENT BY THE HON'BLE SPEAKER

**ਮਾਣਯੋਗ ਸਪੀਕਰ**: ਮੈਨੂੰ ਇਸ ਪਵਿੱਤਰ ਸਦਨ ਨੂੰ ਇਹ ਦੱਸਣ ਵਿੱਚ ਮਾਣ ਮਹਿਸੂਸ ਹੋ ਰਿਹਾ ਹੈ ਕਿ ਸ਼੍ਰੀਮਾਨ ਮਨੀਸ਼ ਸਿਸੋਦੀਆ ਜੀ, ਸਾਬਕਾ ਉਪ ਮੁੱਖ ਮੰਤਰੀ, ਦਿੱਲੀ ਸਰਕਾਰ ਅਤੇ ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ ਜੀ, ਮੈਂਬਰ, ਲੋਕ ਸਭਾ, ਸਦਨ ਦੀ ਕਾਰਵਾਈ ਦੇਖਣ ਲਈ ਗਵਰਨਰ ਬਾਕਸ ਵਿੱਚ ਮੌਜੂਦ ਹਨ। ਆਓ, ਅਸੀਂ ਉਨ੍ਹਾਂ ਦਾ ਨਿੱਘਾ ਸਵਾਗਤ ਕਰੀਏ। (ਥੰਪਿੰਗ)

---

## PRESENTATION OF BUDGET ESTIMATES FOR THE YEAR 2026-27
## *(Resumption)*

**ਵਿੱਤ ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਮੈਂ ਜ਼ਿਕਰ ਕਰਨਾ ਚਾਹਾਂਗਾ ਕਿ ਅੱਜ ਤੱਕ ਜਿੰਨੀਆਂ ਵੀ ਸਰਕਾਰਾਂ ਰਹੀਆਂ ਹਨ, ਪਿਛਲੇ 75 ਸਾਲਾਂ ਵਿੱਚ ਕਿਸੇ ਵੀ ਸਰਕਾਰ ਨੇ ਨਹਿਰੀ ਪਾਣੀ ਕਿਸਾਨ ਦੇ ਆਖਰੀ ਖੇਤ ਤੱਕ ਪਹੁੰਚਾਉਣ ਲਈ ਕੋਈ ਇੱਕ ਵੀ ਉਪਰਾਲਾ ਨਹੀਂ ਕੀਤਾ। ਮੈਂ ਸਾਡੇ ਮਾਣਯੋਗ ਮੁੱਖ ਮੰਤਰੀ ਜੀ ਦਾ ਧੰਨਵਾਦ ਕਰਨਾ ਚਾਹਾਂਗਾ ਜਿਨ੍ਹਾਂ ਨੇ ਹਮੇਸ਼ਾ ਹੀ ਮੈਨੂੰ ਇਸ ਗੱਲ ਲਈ ਪ੍ਰੇਰਿਆ ਹੈ ਕਿ ਪਾਣੀ ਆਖਰੀ ਖੇਤ ਤੱਕ ਲੈ ਕੇ ਜਾਓ। (ਥੰਪਿੰਗ) ਅੱਜ ਉਸੇ ਤਹਿਤ ਸਭ ਤੋਂ ਵੱਡਾ ਬਜਟ, ਹੁਣ ਤੱਕ ਦਾ ਸਭ ਤੋਂ ਵੱਡਾ ਬਜਟ 2971 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ।

114. ਮੈਨੂੰ ਪੰਜਾਬ ਦੇ ਲੋਕਾਂ ਨਾਲ ਇਹ ਵਾਅਦਾ ਕਰਦਿਆਂ ਬਹੁਤ ਮਾਣ ਮਹਿਸੂਸ ਹੋ ਰਿਹਾ ਹੈ ਕਿ ਇਸ ਕਾਰਜ ਦੇ ਸਿੱਟੇ ਵਜੋਂ ਇਸ ਸਾਲ ਦੇ ਅੰਤ ਤੱਕ ਨਹਿਰੀ ਸਿੰਚਾਈ ਅਧੀਨ ਕੁੱਲ ਰਕਬਾ 70 ਲੱਖ (7 ਮਿਲੀਅਨ) ਏਕੜ ਦੇ ਕਰੀਬ ਹੋ ਜਾਵੇਗਾ, ਜੋ ਨਿਰਧਾਰਤ ਨਹਿਰੀ ਸਿੰਚਾਈ ਖੇਤਰ ਦਾ ਲਗਭਗ 90% ਬਣਦਾ ਹੈ। (ਥੰਪਿੰਗ)

### ਬਿਜਲੀ

115. ਮਾਣਯੋਗ ਸਪੀਕਰ ਸਾਹਿਬ, ਆਮ ਆਦਮੀ ਪਾਰਟੀ ਦੇਸ਼ ਦੇ ਅੰਦਰ ਐਸੀ ਪਾਰਟੀ ਹੈ ਜਿਹੜੀ ਗਾਰੰਟੀਆਂ ਕਰਕੇ ਜਾਣੀ ਜਾਂਦੀ ਹੈ। ਸਾਡੇ ਸੁਪਰੀਮੋ ਸ਼੍ਰੀ ਅਰਵਿੰਦ ਕੇਜਰੀਵਾਲ ਜੀ, ਗਾਰੰਟੀਆਂ ਦਿੰਦੇ ਹਨ ਪਰ ਪੂਰੀਆਂ ਕਰਦੇ ਹਨ। ਬਿਜਲੀ ਖੇਤਰ ਵਿੱਚ ਮਾਣਯੋਗ ਮੁੱਖ ਮੰਤਰੀ, ਸਰਦਾਰ ਭਗਵੰਤ ਮਾਨ ਜੀ ਦੀ ਗਤੀਸ਼ੀਲ ਅਗਵਾਈ ਹੇਠ ਪੰਜਾਬ ਵਿਆਪਕ ਅਤੇ ਢਾਂਚਾਗਤ ਸੁਧਾਰ ਕਰ ਰਿਹਾ ਹੈ ਅਤੇ ਆਪਣੇ ਲੋਕਾਂ ਨਾਲ ਕੀਤੇ ਗਏ ਹਰ ਵਾਅਦੇ ਨੂੰ ਦ੍ਰਿੜ੍ਹਤਾ ਨਾਲ ਨਿਭਾ ਰਿਹਾ ਹੈ। ਅਸੀਂ ਇਹ ਯਕੀਨੀ ਬਣਾਇਆ ਹੈ ਕਿ ਸੂਬੇ ਦੇ ਲਗਭਗ 90% ਘਰੇਲੂ ਖਪਤਕਾਰਾਂ ਨੂੰ ਮੁਫਤ ਬਿਜਲੀ ਮਿਲਦੀ ਰਹੇ ਜੋ ਸਾਡੀ ਘਰੇਲੂ ਬਿਜਲੀ ਸਬਸਿਡੀ ਦੀ ਸਰਵ ਵਿਆਪਕ ਕਵਰੇਜ ਨੂੰ ਦਰਸਾਉਂਦਾ ਹੈ ਅਤੇ ਇਹ ਵਚਨਬੱਧਤਾ ਜਾਰੀ ਰਹੇਗੀ। ਖੇਤੀਬਾੜੀ ਲਈ ਕਿਸਾਨਾਂ ਅਤੇ ਉਤਪਾਦਨ ਵਧਾਉਣ ਲਈ ਉਦਯੋਗ ਨੂੰ ਨੀਤੀ ਅਨੁਸਾਰ ਸਾਡਾ ਸਮਰਥਨ ਬਿਨਾਂ ਕਿਸੇ ਘਾਟ ਦੇ ਜਾਰੀ ਰਹੇਗਾ, ਯਾਨੀ ਕਿ ਘਰੇਲੂ ਬਿਜਲੀ ਵੀ ਜਾਰੀ ਰਹੇਗੀ ਤੇ ਨਾਲ ਨਾਲ ਖੇਤੀਬਾੜੀ ਲਈ ਕਿਸਾਨਾਂ ਤੇ ਉਦਯੋਗ ਲਈ ਵੀ ਬਿਜਲੀ ਸਬਸਿਡੀ ਜਾਰੀ ਰਹੇਗੀ ਪਰ ਜਿੱਥੇ ਸਾਡੀਆਂ ਭਲਾਈ ਸਬੰਧੀ ਵਚਨਬੱਧਤਾਵਾਂ ਦ੍ਰਿੜ੍ਹ ਹਨ ਉੱਥੇ ਹੀ ਕਾਰਗੁਜ਼ਾਰੀ ਵਧਾਉਣ ਲਈ ਸਾਡਾ ਇਰਾਦਾ ਵੀ ਮਜ਼ਬੂਤ ਹੈ। ਕੇਂਦ੍ਰਿਤ ਊਰਜਾ ਸੁਧਾਰਾਂ, ਮਜ਼ਬੂਤ ਬਿਜਲੀ ਪ੍ਰਬੰਧਨ ਅਤੇ ਪ੍ਰਣਾਲੀਗਤ ਕਾਰਗੁਜ਼ਾਰੀ ਉਪਾਵਾਂ ਰਾਹੀਂ ਅਸੀਂ ਅਸਰਦਾਰ ਢੰਗ ਨਾਲ ਸੂਬੇ 'ਤੇ ਸਬਸਿਡੀ ਦਾ ਬੋਝ 25% ਤੱਕ ਘਟਾਉਣ ਵਿੱਚ ਸਫਲਤਾ ਹਾਸਲ ਕਰਾਂਗੇ।

(ਥੰਪਿੰਗ) ਇਸ ਸਾਲ ਪੀ.ਐੱਸ.ਪੀ.ਸੀ.ਐੱਲ. ਨੇ ਟ੍ਰਾਂਸਮਿਸ਼ਨ ਅਤੇ ਡਿਸਟ੍ਰੀਬਿਊਸ਼ਨ ਘਾਟੇ ਨੂੰ ਹੋਰ ਘਟਾਉਣ ਅਤੇ ਕਾਰਜ-ਕੁਸ਼ਲਤਾ ਨੂੰ ਵਧਾਉਣ ਦਾ ਮਹੱਤਵਪੂਰਨ ਟੀਚਾ ਨਿਰਧਾਰਤ ਕੀਤਾ ਹੈ। ਇਸ ਅਜ਼ੀਮ ਸਦਨ ਵਿੱਚ ਮੈਂ ਮਾਣ ਨਾਲ ਕਹਿੰਦਾ ਹਾਂ ਕਿ ਭਾਵੇਂ ਸਾਡੀ ਬਿਜਲੀ ਸਬਸਿਡੀ ਨੀਤੀ ਅਤੇ ਲਾਭਪਾਤਰੀ ਕਵਰੇਜ ਬਿਲਕੁਲ ਜਿਉਂ ਦੀ ਤਿਉਂ ਹੈ, ਫਿਰ ਵੀ ਅਸੀਂ ਸੁਧਾਰ-ਅਧਾਰਤ ਕਾਰਗੁਜ਼ਾਰੀ ਲਾਭਾਂ ਰਾਹੀਂ ਲਗਭਗ 5,000 ਕਰੋੜ ਰੁਪਏ ਦੀ ਬੱਚਤ ਕਰਨ ਦੇ ਨਜ਼ਦੀਕ ਹਾਂ। (ਥੰਪਿੰਗ) ਇਹ ਸਪੱਸ਼ਟ ਸਬੂਤ ਹੈ ਕਿ ਸੁਚੱਜਾ ਪ੍ਰਸ਼ਾਸਨ ਅਤੇ ਅਨੁਸ਼ਾਸਿਤ ਸੁਧਾਰ ਲੋਕ ਭਲਾਈ ਕਰਨ ਦੇ ਨਾਲ-ਨਾਲ ਸੂਬੇ ਦੇ ਖਜ਼ਾਨੇ ਨੂੰ ਵੀ ਮਜ਼ਬੂਤ ਬਣਾ ਸਕਦੇ ਹਨ। (ਥੰਪਿੰਗ)

116. ਸਪੀਕਰ ਸਾਹਿਬ, ਅਸੀਂ 'ਮਿਸ਼ਨ ਰੌਸ਼ਨ ਪੰਜਾਬ' ਦੀ ਵੀ ਸ਼ੁਰੂਆਤ ਕੀਤੀ ਹੈ ਜਿਸ ਰਾਹੀਂ ਅਸੀਂ ਪੰਜਾਬ ਦੇ ਬਿਜਲੀ ਵੰਡ ਨੈੱਟਵਰਕ ਨੂੰ ਪੂਰੀ ਤਰ੍ਹਾਂ ਆਧੁਨਿਕ ਬਣਾਉਣ ਅਤੇ ਇਸ ਦਾ ਵਿਸਥਾਰ ਕਰਨ ਲਈ 5,000 ਕਰੋੜ ਰੁਪਏ ਦਾ ਨਿਵੇਸ਼ ਕਰ ਰਹੇ ਹਾਂ, ਇਹ ਸੂਬੇ ਦੇ ਇਤਿਹਾਸ ਵਿੱਚ ਬੁਨਿਆਦੀ ਢਾਂਚੇ ਦੀਆਂ ਸਭ ਤੋਂ ਵੱਡੀਆਂ ਪਹਿਲਕਦਮੀਆਂ ਵਿੱਚੋਂ ਇੱਕ ਹੈ। ਇਸ ਮਿਸ਼ਨ ਦਾ ਉਦੇਸ਼ ਸਪੱਸ਼ਟ ਹੈ: ਹਰ ਘਰ, ਖੇਤ ਅਤੇ ਫੈਕਟਰੀ ਨੂੰ ਬਿਨਾਂ ਕਿਸੇ ਰੁਕਾਵਟ ਦੇ ਦਿਨ ਦੇ 24 ਘੰਟੇ ਅਤੇ ਸਾਲ ਦੇ 365 ਦਿਨ, ਉੱਚ-ਗੁਣਵੱਤਾ ਵਾਲੀ ਬਿਜਲੀ ਦੀ ਸਪਲਾਈ ਦੇਣਾ। ਯੋਜਨਾਬੱਧ ਕੰਮਾਂ ਵਿੱਚ ਨੈੱਟਵਰਕ ਦੀ ਸਮਰੱਥਾ ਵਧਾਉਣ ਅਤੇ ਤਕਨੀਕੀ ਨੁਕਸਾਨ ਨੂੰ ਘਟਾਉਣ ਲਈ 70 ਨਵੇਂ ਸਬ-ਸਟੇਸ਼ਨਾਂ ਦੀ ਉਸਾਰੀ; ਬਿਹਤਰ ਭਰੋਸੇਯੋਗਤਾ ਲਈ 200 ਮੌਜੂਦਾ ਸਬ-ਸਟੇਸ਼ਨਾਂ ਦਾ ਅੱਪਗ੍ਰੇਡੇਸ਼ਨ ਅਤੇ ਮਜ਼ਬੂਤੀਕਰਨ; 25,000 ਕਿਲੋਮੀਟਰ ਲੰਬੀਆਂ ਲਾਈਨਾਂ ਵਿਛਾਉਣਾ ਜਾਂ ਅੱਪਗ੍ਰੇਡ ਕਰਨਾ ਤਾਂ ਜੋ ਦੂਰ-ਦੁਰਾਡੇ ਦੇ ਇਲਾਕਿਆਂ ਤੱਕ ਵੀ ਪਹੁੰਚ ਹੋ ਸਕੇ; ਓਵਰਲੋਡਿੰਗ ਅਤੇ ਵੋਲਟੇਜ ਦੀ ਸਮੱਸਿਆ ਨੂੰ ਰੋਕਣ ਲਈ 8,000 ਨਵੇਂ ਡਿਸਟ੍ਰੀਬਿਊਸ਼ਨ ਟ੍ਰਾਂਸਫਾਰਮਰ ਲਗਾਉਣਾ ਜਾਂ ਅੱਪਗ੍ਰੇਡ ਕਰਨਾ ਅਤੇ ਸਮਾਨ ਦੀ ਐਡਵਾਂਸ ਪ੍ਰੋਕਿਉਰਮੈਂਟ ਸ਼ਾਮਲ ਹੈ ਤਾਂ ਜੋ ਜ਼ਮੀਨੀ ਪੱਧਰ 'ਤੇ ਕੰਮ ਬਿਨਾਂ ਕਿਸੇ ਰੁਕਾਵਟ ਦੇ ਨਿਰਵਿਘਨ ਜਾਰੀ ਰਹਿ ਸਕੇ। (ਥੰਪਿੰਗ)

**ਸ਼ਹਿਰੀ ਹਵਾਬਾਜ਼ੀ**

117. ਸ਼ਹਿਰੀ ਹਵਾਬਾਜ਼ੀ ਇੱਕ ਬਹੁਤ ਵੱਡਾ ਵਿਸ਼ਾ ਹੈ ਕਿਉਂਕਿ ਸਰਦਾਰ ਭਗਵੰਤ ਸਿੰਘ ਮਾਨ ਜੀ ਹੁਣੇ ਉਦਘਾਟਨ ਕਰਕੇ ਆਏ ਹਨ। ਮਾਣਯੋਗ ਸਪੀਕਰ ਸਾਹਿਬ, ਮੈਨੂੰ ਇਸ ਅਜ਼ੀਮ ਸਦਨ ਨੂੰ ਇਹ ਜਾਣਕਾਰੀ ਦਿੰਦਿਆਂ ਖੁਸ਼ੀ ਹੋ ਰਹੀ ਹੈ ਕਿ ਹੁਣ ਆਦਮਪੁਰ ਹਵਾਈ ਅੱਡਾ ਲਗਭਗ 140 ਕਰੋੜ ਰੁਪਏ ਦੀ ਲਾਗਤ ਨਾਲ ਵਿਕਸਤ ਕੀਤੀ ਗਈ ਆਧੁਨਿਕ ਟਰਮੀਨਲ ਸਹੂਲਤ ਨਾਲ ਪੂਰੀ ਤਰ੍ਹਾਂ ਕਾਰਜਸ਼ੀਲ ਹੋ ਗਿਆ ਹੈ। ਇਹ ਹਵਾਈ ਅੱਡਾ, ਜੋ ਪਹਿਲਾਂ ਇੱਕ ਛੋਟੀ ਪੋਰਟਾ-ਕੈਬਿਨ ਸਹੂਲਤ ਨਾਲ ਚੱਲਦਾ ਸੀ, ਹੁਣ ਯਾਤਰੀਆਂ ਨੂੰ ਸੰਭਾਲਣ ਦੀ ਵਧੀ ਹੋਈ ਸਮਰੱਥਾ ਅਤੇ ਬਿਹਤਰ ਬੁਨਿਆਦੀ ਢਾਂਚੇ ਨਾਲ ਲੈਸ ਹੈ। ਆਦਮਪੁਰ ਤੋਂ ਹਿੰਡਨ (ਗਾਜ਼ੀਆਬਾਦ), ਮੁੰਬਈ ਅਤੇ ਹੋਰ ਸ਼ਹਿਰਾਂ ਲਈ ਉਡਾਣਾਂ ਪਹਿਲਾਂ ਹੀ ਸ਼ੁਰੂ ਹੋ ਚੁੱਕੀਆਂ ਹਨ, ਜਿਸ ਨਾਲ ਦੋਆਬਾ ਖੇਤਰ ਲਈ ਹਵਾਈ ਸੰਪਰਕ ਵਿੱਚ ਵੱਡਾ ਸੁਧਾਰ ਹੋਇਆ ਹੈ ਅਤੇ ਆਰਥਿਕ ਗਤੀਵਿਧੀਆਂ ਤੇ ਖੇਤਰੀ ਵਿਕਾਸ ਲਈ ਨਵੇਂ ਰਾਹ ਖੁੱਲ੍ਹ ਗਏ ਹਨ।

118. ਇਸ ਤੋਂ ਇਲਾਵਾ ਲੁਧਿਆਣਾ ਦੇ ਨੇੜੇ ਲੰਬੇ ਸਮੇਂ ਤੋਂ ਉਡੀਕਿਆ ਜਾ ਰਿਹਾ ਹਲਵਾਰਾ ਹਵਾਈ ਅੱਡਾ ਹੁਣ ਕਾਰਜਸ਼ੀਲ ਹੈ, ਜੋ ਕਿ ਪੰਜਾਬ ਦੇ ਹਵਾਬਾਜ਼ੀ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਦੀ ਦਿਸ਼ਾ ਵਿੱਚ ਇੱਕ ਹੋਰ

ਮਹੱਤਵਪੂਰਨ ਮੀਲ ਪੱਥਰ ਹੈ। ਨਵਾਂ ਵਿਕਸਤ ਸਿਵਲ ਟਰਮੀਨਲ ਲੁਧਿਆਣਾ ਅਤੇ ਵਿਸ਼ਾਲ ਮਾਲਵਾ ਖੇਤਰ ਦੀਆਂ ਲੋੜਾਂ ਪੂਰੀਆਂ ਕਰੇਗਾ, ਜੋ ਕਿ ਸੂਬੇ ਦੇ ਸਭ ਤੋਂ ਮਹੱਤਵਪੂਰਨ ਉਦਯੋਗਿਕ ਖੇਤਰਾਂ ਵਿੱਚੋਂ ਇੱਕ ਹੈ। ਉਡਾਣਾਂ ਦੇ ਸੰਚਾਲਨ ਜਲਦੀ ਹੀ ਸ਼ੁਰੂ ਹੋਣ ਦੀ ਉਮੀਦ ਹੈ, ਜਿਸ ਨਾਲ ਖੇਤਰੀ ਸੰਪਰਕ ਵਿੱਚ ਵੱਡਾ ਸੁਧਾਰ ਹੋਵੇਗਾ, ਉਦਯੋਗਾਂ ਅਤੇ ਕਾਰੋਬਾਰਾਂ ਲਈ ਯਾਤਰਾ ਆਸਾਨ ਹੋ ਜਾਵੇਗੀ ਅਤੇ ਲੁਧਿਆਣਾ ਦੀ ਸਥਿਤੀ ਪੰਜਾਬ ਦੇ ਪ੍ਰਮੁੱਖ ਆਰਥਿਕ ਅਤੇ ਉਦਯੋਗਿਕ ਕੇਂਦਰ ਵਜੋਂ ਹੋਰ ਮਜ਼ਬੂਤ ਹੋਵੇਗੀ।

**ਮਾਈਨਿੰਗ**

119. ਸਪੀਕਰ ਸਾਹਿਬ, ਪੰਜਾਬ ਨੇ ਮਾਈਨਿੰਗ ਖੇਤਰ ਵਿੱਚ ਅਹਿਮ ਪ੍ਰਾਪਤੀ ਹਾਸਲ ਕੀਤੀ ਹੈ। ਭਾਰਤ ਸਰਕਾਰ ਦੇ ਖਣਨ ਮੰਤਰਾਲੇ ਵੱਲੋਂ ਘੋਸ਼ਿਤ ਕੀਤੇ ਗਏ 'ਸਟੇਟ ਮਾਈਨਿੰਗ ਰੈਡੀਨੈਸ ਇੰਡੈਕਸ' ਵਿੱਚ ਪੰਜਾਬ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। (ਥੰਪਿੰਗ) ਪੰਜਾਬ ਦੀ ਇਹ ਸਿਖਰਲੀ ਰੈਂਕਿੰਗ ਇਸ ਖੇਤਰ ਵਿੱਚ ਸਾਫ ਸੁਥਰੇ ਪ੍ਰਸ਼ਾਸਨ, ਵਿਗਿਆਨਕ ਮਾਈਨਿੰਗ ਅਤੇ ਨਿਵੇਸ਼ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਕੀਤੇ ਗਏ ਨਿਰੰਤਰ ਸੁਧਾਰਾਂ ਦੀ ਸਫਲਤਾ ਦੀ ਗਵਾਹੀ ਭਰਦੀ ਹੈ।

120. ਸਾਡੀ ਸਰਕਾਰ ਨੇ ਅਹਿਮ ਕਾਨੂੰਨੀ ਅਤੇ ਨੀਤੀਗਤ ਸੁਧਾਰਾਂ ਅਤੇ ਨੋਟੀਫਾਈ ਕੀਤੇ ਨਿਯਮਾਂ ਰਾਹੀਂ ਮਾਈਨਿੰਗ ਖੇਤਰ ਦੇ ਰੈਗੂਲੇਟਰੀ ਢਾਂਚੇ ਨੂੰ ਹੋਰ ਮਜ਼ਬੂਤ ਕੀਤਾ ਹੈ। ਇਸ ਤਹਿਤ ਕਰੱਸ਼ਰ ਯੂਨਿਟਾਂ ਅਤੇ ਮਿਨਰਲ ਡੀਲਰਾਂ ਦੀ ਰਜਿਸਟ੍ਰੇਸ਼ਨ ਅਤੇ ਸੰਚਾਲਨ ਲਈ ਸਪੱਸ਼ਟ ਅਤੇ ਮਜ਼ਬੂਤ ਪ੍ਰਣਾਲੀ ਸਥਾਪਤ ਕੀਤੀ ਗਈ ਹੈ, ਜਿਸ ਨਾਲ ਛੋਟੇ ਖਣਿਜਾਂ ਦੀ ਖੁਦਾਈ ਤੋਂ ਲੈ ਕੇ ਖਪਤ ਤੱਕ ਦੀ ਪੂਰੀ ਪ੍ਰਕਿਰਿਆ ਦੀ ਡਿਜੀਟਲ ਮੋਨੀਟਰਿੰਗ ਯਕੀਨੀ ਬਣਾਈ ਗਈ ਹੈ। ਪੰਜਾਬ ਮਾਈਨਰ ਮਿਨਰਲ ਨਿਯਮਾਂ ਵਿੱਚ ਕੀਤੀਆਂ ਗਈਆਂ ਸੋਧਾਂ ਨੇ ਸਾਈਟਾਂ ਦੀ ਨਵੀਂ ਸ਼੍ਰੇਣੀ ਵੀ ਬਣਾਈ ਹੈ, ਕਰੱਸ਼ਰ ਮਾਈਨਿੰਗ ਸਾਈਟਾਂ ਅਤੇ ਲੈਂਡਓਨਰ ਮਾਈਨਿੰਗ ਸਾਈਟਾਂ, ਜੋ ਪਾਰਦਰਸ਼ੀ ਅਤੇ ਸਮਾਂਬੱਧ ਇਕਰਾਰਨਾਮਿਆਂ ਨੂੰ ਸਮਰੱਥ ਬਣਾ ਰਹੀਆਂ ਹਨ, ਖਾਸ ਕਰਕੇ ਉਨ੍ਹਾਂ ਜ਼ਮੀਨ ਮਾਲਕਾਂ ਲਈ ਜੋ ਆਪਣੀ ਜ਼ਮੀਨ 'ਤੇ ਮਾਈਨਿੰਗ ਦਾ ਕੰਮ ਕਰਨਾ ਚਾਹੁੰਦੇ ਹਨ।

121. ਮੈਨੂੰ ਇਹ ਦੱਸਦਿਆਂ ਬਹੁਤ ਖੁਸ਼ੀ ਹੋ ਰਹੀ ਹੈ ਕਿ ਇਨ੍ਹਾਂ ਲਗਾਤਾਰ ਯਤਨਾਂ ਅਤੇ ਨੀਤੀਗਤ ਸੁਧਾਰਾਂ ਜਿਵੇਂ ਕਿ ਸਰਹੱਦੀ ਖੇਤਰਾਂ ਵਿੱਚ ਚੈੱਕ ਪੋਸਟਾਂ ਸਥਾਪਤ ਕਰਨਾ, ਸਖ਼ਤ ਲਾਗੂਕਰਨ (ਇਨਫੋਰਸਮੈਂਟ) ਅਤੇ ਨਿਲਾਮੀ ਦੀ ਆਧੁਨਿਕ ਪ੍ਰਕਿਰਿਆ ਦੇ ਸਿੱਟੇ ਵਜੋਂ ਮਾਈਨਿੰਗ ਤੋਂ ਸਾਡੀ ਆਮਦਨ ਇੱਕੋ ਸਾਲ ਵਿੱਚ 260 ਕਰੋੜ ਰੁਪਏ ਤੋਂ ਦੁੱਗਣੀ ਹੋ ਕੇ 500 ਕਰੋੜ ਰੁਪਏ ਤੋਂ ਵੀ ਵੱਧ ਹੋ ਗਈ ਹੈ।

**ਆਵਾਜਾਈ**

122. ਔਰਤਾਂ ਲਈ ਮੁਫ਼ਤ ਸਫ਼ਰ ਦੀ ਯੋਜਨਾ ਤੋਂ ਇਲਾਵਾ ਸਾਡੀ ਸਰਕਾਰ ਹੁਣ ਰਾਜ ਵਿੱਚ ਜਨਤਕ ਆਵਾਜਾਈ ਤੱਕ ਰਸਾਈ ਨੂੰ ਹੋਰ ਵਧਾਉਣ ਲਈ ਧਿਆਨ ਦੇ ਰਹੀ ਹੈ, ਜਿਨ੍ਹਾਂ ਵਿਚ ਉਨ੍ਹਾਂ ਥਾਵਾਂ 'ਤੇ ਖਾਸ ਧਿਆਨ ਦਿੱਤਾ ਗਿਆ ਹੈ, ਜਿੱਥੇ ਜਾਂ ਤਾਂ ਸੇਵਾਵਾਂ ਘੱਟ ਹਨ ਜਾਂ ਰੂਟ ਭੀੜ ਵਾਲੇ ਹਨ। ਮੌਜੂਦਾ ਸਮੇਂ ਵਿੱਚ 2,267 ਬੱਸਾਂ ਚੱਲ ਰਹੀਆਂ ਹਨ ਅਤੇ ਸਰਕਾਰ ਖਰੀਦ ਅਤੇ ਲੀਜ਼ (ਕਿਰਾਏ) ਦੇ ਸੁਮੇਲ ਰਾਹੀਂ ਮੌਜੂਦਾ ਬੇੜੇ (ਸਮੂਹ) ਵਿੱਚ 1,279 ਨਵੀਆਂ ਬੱਸਾਂ ਸ਼ਾਮਲ ਕਰੇਗੀ। (ਥੰਪਿੰਗ) ਇਨ੍ਹਾਂ ਵਿੱਚੋਂ ਕੁਝ ਨਵੀਆਂ ਬੱਸਾਂ ਪਹਿਲਾਂ ਹੀ ਚੱਲ ਰਹੀਆਂ ਹਨ ਅਤੇ ਬਾਕੀ ਨਵੰਬਰ,

2026 ਤੱਕ ਚਾਲੂ ਹੋ ਜਾਣਗੀਆਂ। ਪੰਜਾਬ ਦੇ ਇਤਿਹਾਸ ਵਿੱਚ ਪਬਲਿਕ ਟ੍ਰਾਂਸਪੋਰਟ ਦਾ ਇਹ ਸਭ ਤੋਂ ਵੱਡਾ ਅਤੇ ਇਤਿਹਾਸਕ ਵਾਧਾ ਹੋਵੇਗਾ। ਕੁੱਲ ਮਿਲਾ ਕੇ 670 ਨਵੀਆਂ ਬੱਸਾਂ ਦੇ ਵਾਧੇ ਨਾਲ ਪੀ.ਆਰ.ਟੀ.ਸੀ. ਨੂੰ ਮਜ਼ਬੂਤ ਕੀਤਾ ਜਾਵੇਗਾ ਜਦ ਕਿ ਇਸ ਵਾਧੇ ਦੀਆਂ ਬਾਕੀ 609 ਬੱਸਾਂ ਪਨਬਸ ਵਿੱਚ ਸ਼ਾਮਲ ਹੋਣਗੀਆਂ। ਇਹ ਬੱਸਾਂ ਸੁਰੱਖਿਆ ਅਤੇ ਪਹੁੰਚਯੋਗਤਾ ਦੇ ਨਵੀਨਤਮ ਮਾਪਦੰਡਾਂ ਨਾਲ ਲੈਸ ਹੋਣਗੀਆਂ, ਜਿਸ ਵਿੱਚ ਘੱਟ ਗਤੀਸ਼ੀਲਤਾ ਵਾਲੇ ਯਾਤਰੀਆਂ ਅਤੇ ਵ੍ਹੀਲਚੇਅਰ ਉਪਭੋਗਤਾਵਾਂ ਲਈ ਬਿਹਤਰ ਐਂਟਰੀ ਸਿਸਟਮ, ਅੱਗ ਦਾ ਪਤਾ ਲਗਾਉਣ ਵਾਲੇ ਮਜ਼ਬੂਤ ਯੰਤਰ ਅਤੇ ਨਾਈਟ ਲੈਂਪ, ਐਲ.ਈ.ਡੀ ਲਾਈਟਿੰਗ, ਜੀ.ਪੀ.ਐੱਸ ਅਤੇ ਸੀ.ਸੀ.ਟੀ.ਵੀ. ਵਰਗੀਆਂ ਸੁਰੱਖਿਆ ਸਹੂਲਤਾਂ ਸ਼ਾਮਲ ਹੋਣਗੀਆਂ ਜੋ ਸਾਡੇ ਨਾਗਰਿਕਾਂ ਨੂੰ ਉੱਚ ਦਰਜੇ ਦੀਆਂ ਸੇਵਾਵਾਂ ਦੇਣ ਨੂੰ ਯਕੀਨੀ ਬਣਾਉਣਗੀਆਂ।

**ਖੁਰਾਕ ਤੇ ਸਿਵਲ ਸਪਲਾਈ**

123. ਸਪੀਕਰ ਸਾਹਿਬ, ਆਮ ਆਦਮੀ ਪਾਰਟੀ ਦੀ ਸਰਕਾਰ ਨੇ ਰਾਜ ਭਰ ਦੇ ਲੋੜਵੰਦ ਪਰਿਵਾਰਾਂ ਲਈ ਖੁਰਾਕ ਅਤੇ ਪੋਸ਼ਣ ਸੁਰੱਖਿਆ ਨੂੰ ਹੋਰ ਮਜ਼ਬੂਤ ਕਰਨ ਲਈ 'ਮੇਰੀ ਰਸੋਈ' ਸਕੀਮ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ। ਇਸ ਪਹਿਲਕਦਮੀ ਦੇ ਤਹਿਤ, ਐੱਨ.ਐਫ.ਐੱਸ.ਏ./ਸਮਾਰਟ ਰਾਸ਼ਨ ਕਾਰਡ ਸਕੀਮ ਅਧੀਨ ਆਉਂਦੇ ਲਗਭਗ 40 ਲੱਖ ਪਰਿਵਾਰਾਂ ਨੂੰ ਉਨ੍ਹਾਂ ਦੇ ਮੌਜੂਦਾ ਅਨਾਜ ਦੇ ਹੱਕ ਤੋਂ ਇਲਾਵਾ ਹਰ ਤਿਮਾਹੀ ਵਿੱਚ ਜ਼ਰੂਰੀ ਵਸਤਾਂ ਜਿਵੇਂ ਕਿ 2 ਕਿੱਲੋ ਖੰਡ, 2 ਕਿੱਲੋ ਚਨਾ ਦਾਲ, 1 ਲਿਟਰ ਸਰ੍ਹੋਂ ਦਾ ਤੇਲ, 200 ਗ੍ਰਾਮ ਹਲਦੀ ਅਤੇ 1 ਕਿੱਲੋ ਨਮਕ ਵਾਲੀਆਂ ਰਾਸ਼ਨ ਕਿੱਟਾਂ ਮੁਫ਼ਤ ਪ੍ਰਦਾਨ ਕੀਤੀਆਂ ਜਾਣਗੀਆਂ। ( ਥੰਪਿੰਗ) ਇਹ ਪ੍ਰੋਗਰਾਮ ਘਰੇਲੂ ਖਰਚਿਆਂ ਨੂੰ ਘਟਾਉਣ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਦੀ ਸਹਾਇਤਾ ਕਰਨ ਲਈ ਸਾਡੀ ਨਿਰੰਤਰ ਵਚਨਬੱਧਤਾ ਨੂੰ ਦਰਸਾਉਂਦਾ ਹੈ। ਕੁਝ ਵਿਅਕਤੀਆਂ ਨੂੰ ਮੇਰੀ ਬੇਨਤੀ ਹੈ ਕਿ ਇਸ ਸਕੀਮ ਤੇ ਹੱਸਿਆ ਨਾ ਜਾਵੇ (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰਾਂ ਵੱਲ ਇਸ਼ਾਰਾ ਕਰਦੇ ਹੋਏ)। ਇਹ ਉਨ੍ਹਾਂ ਲੋਕਾਂ ਲਈ ਹੈ, ਜਿਹੜੇ ਆਪਣੇ ਪਰਿਵਾਰ ਦਾ ਗੁਜ਼ਾਰਾ ਬਹੁਤ ਮੁਸ਼ਕਲ ਨਾਲ ਚਲਾਉਂਦੇ ਹਨ। ਮੈਂ ਦੇਖ ਰਿਹਾ ਹਾਂ, ਕੁਝ ਵਿਅਕਤੀ ਹੱਸ ਰਹੇ ਹਨ, ਪਲੀਜ਼। (ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ-ਸ਼ੇਮ ਦੀਆਂ ਆਵਾਜ਼ਾਂ) ਇਹ ਮੇਰੀ ਰਸੋਈ ਸਕੀਮ ਉਨ੍ਹਾਂ ਲੋਕਾਂ ਲਈ ਹੈ। ਇਸ ਦੇ ਪ੍ਰਭਾਵਸ਼ਾਲੀ ਲਾਗੂਕਰਨ ਲਈ ਵਿੱਤੀ ਸਾਲ 2026-27 ਵਿੱਚ 900 ਕਰੋੜ ਰੁਪਏ ਦਾ ਬਜਟ ਉਪਬੰਧ ਰੱਖਿਆ ਗਿਆ ਹੈ।

124. ਇਸ ਤੋਂ ਇਲਾਵਾ ਲੋਕਾਂ ਵਿੱਚ ਲੰਬੇ ਸਮੇਂ ਤੋਂ ਨਵੇਂ ਰਾਸ਼ਨ ਕਾਰਡਾਂ ਲਈ ਰਜਿਸਟ੍ਰੇਸ਼ਨ ਖੋਲ੍ਹਣ ਦੀ ਮੰਗ ਕੀਤੀ ਜਾ ਰਹੀ ਹੈ ਤਾਂ ਜੋ ਪੂਰੇ ਦੇਸ਼ ਦਾ ਪੇਟ ਭਰਨ ਵਾਲੇ ਸੂਬੇ ਪੰਜਾਬ ਵਿੱਚ ਕੋਈ ਵੀ ਗਰੀਬ ਪਰਿਵਾਰ ਰੋਟੀ ਦੀ ਚਿੰਤਾ ਨਾ ਕਰੇ। ਸਪੀਕਰ ਸਾਹਿਬ, ਮੈਨੂੰ ਇਹ ਐਲਾਨ ਕਰਦਿਆਂ ਖੁਸ਼ੀ ਹੋ ਰਹੀ ਹੈ ਕਿ ਮਾਣਯੋਗ ਮੁੱਖ ਮੰਤਰੀ, ਸਰਦਾਰ ਭਗਵੰਤ ਮਾਨ ਜੀ ਦੇ ਨਿਰਦੇਸ਼ਾਂ ਅਨੁਸਾਰ, ਅਸੀਂ ਆਉਣ ਵਾਲੇ ਸਾਲ ਵਿੱਚ 10 ਲੱਖ ਨਵੇਂ ਲਾਭਪਾਤਰੀਆਂ ਲਈ ਖੁਰਾਕ ਸੁਰੱਖਿਆ ਦੇ ਦਰਵਾਜ਼ੇ ਖੋਲ੍ਹ ਰਹੇ ਹਾਂ (ਥੰਪਿੰਗ) ਅਤੇ ਉਨ੍ਹਾਂ ਲੋਕਾਂ ਦਾ ਸਵਾਗਤ ਕਰ ਰਹੇ ਹਾਂ ਜੋ ਲੰਬੇ ਸਮੇਂ ਤੋਂ ਆਪਣੇ ਹੱਕੀ ਸ਼ਮੂਲੀਅਤ ਦੀ ਉਡੀਕ ਕਰ ਰਹੇ ਸਨ। ਇਹ ਸਮਾਨਤਾ ਦੀ ਜਿੱਤ ਹੈ, ਜੋ ਇਹ ਯਕੀਨੀ ਬਣਾਉਂਦੀ ਹੈ ਕਿ ਸਾਡੇ ਰਾਜ ਦੀ ਤਰੱਕੀ ਦਾ ਲਾਭ ਸਾਡੇ ਦਰਮਿਆਨ ਸਭ ਤੋਂ ਲੋੜਵੰਦ ਲੋਕਾਂ ਤੱਕ ਪਹੁੰਚੇ।

125. ਪੰਜਾਬ ਦੇ ਹਰ ਪਰਿਵਾਰ ਲਈ ਖੁਰਾਕ ਸੁਰੱਖਿਆ ਯਕੀਨੀ ਬਣਾਉਣ ਦੇ ਨਾਲ-ਨਾਲ ਸਾਡੀ ਸਰਕਾਰ ਆਪਣੇ ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਲਈ ਵੀ ਵਚਨਬੱਧ ਹੈ। ਸਾਡੀ ਸਰਕਾਰ ਨੇ ਰਾਜ ਵਿੱਚ ਉਪਲਬਧ ਖਾਲੀ ਅਸਾਮੀਆਂ ਵਿਰੁੱਧ ਵਾਜਬ ਮੁੱਲ ਦੀਆਂ ਦੁਕਾਨਾਂ ਦੀ ਅਲਾਟਮੈਂਟ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਅਗਲੇ ਇੱਕ ਦੋ ਮਹੀਨਿਆਂ ਵਿੱਚ ਇਸ ਪ੍ਰਕਿਰਿਆ ਦੇ ਮੁਕੰਮਲ ਹੋਣ 'ਤੇ ਰਾਜ ਦੇ ਲਗਭਗ 7,500 ਨਿਵਾਸੀਆਂ ਨੂੰ ਵਾਜਬ ਮੁੱਲ ਦੀਆਂ ਦੁਕਾਨਾਂ/ਰਾਸ਼ਨ ਡਿਪੂ ਚਲਾਉਣ ਲਈ ਲਾਇਸੈਂਸ ਜਾਰੀ ਕੀਤੇ ਜਾਣਗੇ, (ਥੰਪਿੰਗ) ਜਿਸ ਨਾਲ ਰਾਜ ਵਿੱਚ ਸਮਾਰਟ ਕਾਰਡ ਰਾਸ਼ਨ ਸਕੀਮ ਅਧੀਨ ਰਜਿਸਟਰਡ ਲਾਭਪਾਤਰੀਆਂ ਨੂੰ ਕਣਕ ਦੀ ਵੰਡ ਵਿੱਚ ਵੀ ਤੇਜ਼ੀ ਆਵੇਗੀ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਕਈ ਮੰਤਰੀ ਸਾਹਿਬਾਨ ਅਤੇ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਪੰਜਾਬ ਸਰਕਾਰ ਜ਼ਿੰਦਾਬਾਦ, ਆਮ ਆਦਮੀ ਪਾਰਟੀ ਜ਼ਿੰਦਾਬਾਦ, ਨਾਰੀ ਸ਼ਕਤੀ ਜ਼ਿੰਦਾਬਾਦ ਦੇ ਨਾਅਰੇ ਅਤੇ ਬੋਲੇ ਸੋ ਨਿਹਾਲ ਦੇ ਜੈਕਾਰੇ ਲੱਗਾ ਰਹੇ ਸਨ।)

**ਵਿੱਤ ਮੰਤਰੀ:** ਸਾਰੇ ਮੈਂਬਰ ਸਾਹਿਬਾਨ ਦਾ ਬਹੁਤ ਬਹੁਤ ਧੰਨਵਾਦ, ਬਹੁਤ ਬਹੁਤ ਸ਼ੁਕਰੀਆ। ਮਾਣਯੋਗ ਸਪੀਕਰ ਸਾਹਿਬ, ਮੈਂ ਵਿਸ਼ੇਸ਼ ਤੌਰ ਤੇ ਅੱਜ ਇੱਕ ਵਾਰ ਫਿਰ ਪੰਜਾਬ ਦੇ ਮਾਣਯੋਗ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਦਿਲੋਂ ਧੰਨਵਾਦ ਕਰਨਾ ਚਾਹਾਂਗਾ ਕਿਉਂਕਿ ਉਨ੍ਹਾਂ ਨੇ ਅੱਜ ਦਾ ਮਹੁੱਤਵਪੂਰਨ ਦਿਨ ਚੁਣਿਆ ਹੈ, ਜਿਹੜਾ ਕਿ ਔਰਤ ਜਾਤੀ ਦੇ ਇਤਿਹਾਸ ਅੰਦਰ ਬਹੁਤ ਵੱਡਾ ਦਿਨ ਹੈ। ਅੱਜ ਅੰਤਰਰਾਸ਼ਟਰੀ ਵੂਮੈੱਨ ਡੇਅ ਹੈ, ਉਸ ਦਿਨ ਨੂੰ ਦੇਖਦਿਆਂ ਅਸੀਂ ਔਰਤਾਂ ਨੂੰ ਸਮਰਪਿਤ ਬਜਟ ਚੁਣਿਆ ਹੈ।

**ਨਾਰੀ ਸ਼ਕਤੀਕਰਨ ਅਤੇ ਸਮਾਜ ਭਲਾਈ**

126. ਮਾਣਯੋਗ ਸਪੀਕਰ ਸਾਹਿਬ, ਸਾਡੀ ਸਰਕਾਰ ਨੇ ਵਿਧੀਵਤ ਢੰਗ ਨਾਲ ਕੰਮ ਕਰਦਿਆਂ ਬਿਜਲੀ, ਸਿਹਤ ਸੰਭਾਲ, ਸਿੱਖਿਆ ਅਤੇ ਸਮਾਜਿਕ ਸੁਰੱਖਿਆ ਦੇ ਖੇਤਰਾਂ ਵਿੱਚ ਦਿੱਤੀ ਹਰ ਗਰੰਟੀ ਨੂੰ ਪੂਰਾ ਕੀਤਾ ਹੈ। ਅੱਜ ਅਸੀਂ ਸਾਰੇ ਵਾਅਦੇ ਪੂਰੇ ਕਰਨ ਜਾ ਰਹੇ ਹਾਂ। ਅੱਜ ਅੰਤਰ-ਰਾਸ਼ਟਰੀ ਨਾਰੀ ਦਿਵਸ ਦੇ ਸ਼ੁਭ ਅਵਸਰ ’ਤੇ ਭਾਰਤ ਦੇ ਇਤਿਹਾਸ ਵਿੱਚ ਨਾਰੀ ਸ਼ਕਤੀਕਰਨ ਦੀ ਹੁਣ ਤੱਕ ਦੀ ਸਭ ਤੋਂ ਵੱਡੀ ਯੋਜਨਾ ਐਲਾਨ ਕਰਨ ਦਾ ਵਕਤ ਆ ਗਿਆ ਹੈ। ਸਾਡੇ ਮਾਣਯੋਗ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਮੰਨਣਾ ਹੈ ਕਿ ਨਾਰੀ ਦੀ ਤਰੱਕੀ ਨਾਲ ਹੀ ਦੇਸ਼ ਤਰੱਕੀ ਕਰ ਸਕਦਾ ਹੈ। ਇਸ ਸੋਚ ’ਤੇ ਪਹਿਰਾ ਦਿੰਦਿਆਂ ਮੈਂ ਬੇਹੱਦ ਮਾਣ ਨਾਲ ਨਵੀਂ ਸਕੀਮ "ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ" ਦੇ ਆਗਾਜ਼ ਦਾ ਐਲਾਨ ਕਰਦਾ ਹਾਂ। (ਥੰਪਿੰਗ) ਇਸ ਯੋਜਨਾ ਤਹਿਤ ਭਗਵੰਤ ਮਾਨ ਸਰਕਾਰ ਸਾਰੀਆਂ ਬਾਲਗ ਔਰਤਾਂ ਨੂੰ 1,000 ਰੁਪਏ ਅਤੇ ਅਨੁਸੂਚਿਤ ਜਾਤੀ ਦੀਆਂ ਔਰਤਾਂ ਨੂੰ 1,500 ਰੁਪਏ ਪ੍ਰਤੀ ਮਹੀਨਾ ਸਿੱਧੇ ਤੌਰ ’ਤੇ ਬੈਂਕ ਖਾਤਿਆਂ ਵਿਚ ਟ੍ਰਾਂਸਫ਼ਰ ਕਰੇਗੀ। (ਥੰਪਿੰਗ)

127. ਸਪੀਕਰ ਸਾਹਿਬ, ਇਹ ਯੋਜਨਾ ਨਾ ਸਿਰਫ਼ ਭਾਰਤ ਦੀ, ਸਗੋਂ ਦੁਨੀਆ ਦੀ ਪਹਿਲੀ ‘ਸਰਵ-ਵਿਆਪਕ ਕੈਸ਼ ਟ੍ਰਾਂਸਫਰ’ ਸਕੀਮ ਹੋਵੇਗੀ। ਪੰਜਾਬ ਦੀ 18 ਸਾਲ ਤੋਂ ਵੱਧ ਉਮਰ ਦੀ ਹਰ ਔਰਤ ਇਸ ਸਕੀਮ ਅਧੀਨ ਰਜਿਸਟ੍ਰੇਸ਼ਨ ਲਈ ਯੋਗ ਹੋਵੇਗੀ; ਸਿਰਫ਼ ਮੌਜੂਦਾ ਜਾਂ ਸਾਬਕਾ ਸਥਾਈ ਸਰਕਾਰੀ ਕਰਮਚਾਰੀਆਂ, ਮੌਜੂਦਾ ਅਤੇ

ਸਾਬਕਾ ਸੰਸਦ ਮੈਂਬਰਾਂ/ਵਿਧਾਇਕਾਂ ਅਤੇ ਇਨਕਮ ਟੈਕਸ ਭਰਨ ਵਾਲਿਆਂ ਨੂੰ ਹੀ ਇਸ ਘੇਰੇ ਤੋਂ ਬਾਹਰ ਰੱਖਿਆ ਗਿਆ ਹੈ। ਉਹ ਔਰਤਾਂ ਵੀ ਇਸ ਸਕੀਮ ਲਈ ਯੋਗ ਹੋਣਗੀਆਂ ਜੋ ਪਹਿਲਾਂ ਹੀ ਮੌਜੂਦਾ ਸਮਾਜਿਕ ਸੁਰੱਖਿਆ ਪੈਨਸ਼ਨ ਸਕੀਮਾਂ ਜਿਵੇਂ ਬੁਢਾਪਾ ਪੈਨਸ਼ਨ, ਵਿਧਵਾ/ਬੇਸਹਾਰਾ ਮਹਿਲਾ ਪੈਨਸ਼ਨ ਜਾਂ ਅਪੰਗਤਾ ਪੈਨਸ਼ਨ ਸਕੀਮ ਆਦਿ ਦਾ ਲਾਭ ਲੈ ਰਹੀਆਂ ਹਨ। ਪੰਜਾਬ ਦੀਆਂ ਲਗਭਗ 97% ਬਾਲਗ ਔਰਤਾਂ ਇਸ ਸਕੀਮ ਅਧੀਨ ਯੋਗ ਹੋਣਗੀਆਂ ਜੋ ਭਾਰਤ ਦੇ ਕਿਸੇ ਵੀ ਰਾਜ ਨਾਲੋਂ ਵੱਧ ਹੈ। (ਥੰਪਿੰਗ) ਇਸ ਇਤਿਹਾਸਕ ਪਹਿਲਕਦਮੀ ਦਾ ਮੂਲ ਉਦੇਸ਼ ਔਰਤਾਂ ਨੂੰ ਆਰਥਿਕ ਤੌਰ 'ਤੇ ਆਤਮ-ਨਿਰਭਰ ਬਣਾਉਣਾ, ਘਰੇਲੂ ਫੈਸਲਿਆਂ ਵਿੱਚ ਉਨ੍ਹਾਂ ਦੀ ਭੂਮਿਕਾ ਨੂੰ ਮਜ਼ਬੂਤ ਕਰਨਾ ਅਤੇ ਉਨ੍ਹਾਂ ਦੀ ਸਿਹਤ ਤੇ ਪੋਸ਼ਣ ਦੇ ਮਿਆਰ ਵਿੱਚ ਸੁਧਾਰ ਲਿਆਉਣਾ ਹੈ ਤਾਂ ਜੋ ਸਾਡੀਆਂ ਧੀਆਂ ਨਿਰੰਤਰ ਵਿੱਦਿਆ ਹਾਸਲ ਕਰਕੇ ਆਪਣੀਆਂ ਉੱਚੀਆਂ ਉਮੰਗਾਂ ਨੂੰ ਹਕੀਕਤ ਵਿੱਚ ਬਦਲ ਸਕਣ। ਇਹ ਸਾਡੇ ਇਸ ਵਿਸ਼ਵਾਸ ਦੀ ਪੁਸ਼ਟੀ ਕਰਦਾ ਹੈ ਕਿ ਸ਼ਕਤੀਕਰਨ ਪੰਜਾਬ ਭਰ ਦੀਆਂ ਔਰਤਾਂ ਲਈ ਪੁਖ਼ਤਾ ਵਿੱਤੀ ਸੁਰੱਖਿਆ ਅਤੇ ਵਧੇਰੇ ਮਾਣ-ਸਨਮਾਨ ਵਜੋਂ ਝਲਕਣਾ ਚਾਹੀਦਾ ਹੈ। (ਥੰਪਿੰਗ)

128. ਸਪੀਕਰ ਸਾਹਿਬ, ਬਹੁਤ ਸਾਰੇ ਰਾਜਾਂ ਨੇ ਅਜਿਹੀਆਂ ਸਕੀਮਾਂ ਦੇ ਐਲਾਨ ਕਰਨ ਦਾ 'ਜੁਮਲਾ' ਤਾਂ ਸ਼ੁਰੂ ਕੀਤਾ ਹੈ ਪਰ ਉਨ੍ਹਾਂ ਨੇ ਸਕੀਮਾਂ ਨੂੰ ਔਰਤਾਂ ਦੇ ਬਹੁਤ ਹੀ ਸੀਮਤ ਵਰਗ ਤੱਕ ਰੱਖਿਆ ਹੈ। ਉਹ ਉਨ੍ਹਾਂ ਬਹੁਗਿਣਤੀ ਔਰਤਾਂ ਨੂੰ ਅਣਗੌਲਿਆ ਕਰ ਰਹੇ ਹਨ ਜੋ ਆਪਣੀਆਂ ਮੁੱਢਲੀਆਂ ਲੋੜਾਂ ਲਈ ਵੀ ਮਰਦਾਂ 'ਤੇ ਨਿਰਭਰ ਹਨ। ਮਿਸਾਲ ਵਜੋਂ ਗੁਆਂਢੀ ਰਾਜ ਨੇ ਅਜਿਹੀ ਹੀ ਇੱਕ ਯੋਜਨਾ ਦਾ ਐਲਾਨ ਕੀਤਾ ਪਰ ਇਸ ਨੂੰ ਸਿਰਫ਼ 1 ਲੱਖ ਰੁਪਏ ਤੋਂ ਘੱਟ ਸਾਲਾਨਾ ਆਮਦਨ ਵਾਲੇ ਪਰਿਵਾਰਾਂ ਤੱਕ ਸੀਮਤ ਕਰ ਦਿੱਤਾ ਜਿਸ ਨਾਲ ਸਿਰਫ਼ 20% ਬਾਲਗ ਔਰਤਾਂ ਹੀ ਇਸ ਦੇ ਘੇਰੇ ਵਿੱਚ ਆਈਆਂ ਪਰ ਪੰਜਾਬ ਅਜਿਹੇ 'ਜੁਮਲੇ' ਨਹੀਂ ਕਰੇਗਾ। ਮੁੱਖ ਮੰਤਰੀ, ਸਰਦਾਰ ਭਗਵੰਤ ਮਾਨ ਜੀ ਪੰਜਾਬ ਦੀਆਂ ਸਿਰਫ਼ 20% ਔਰਤਾਂ ਦੇ ਮੁੱਖ ਮੰਤਰੀ ਨਹੀਂ ਹਨ, ਸਗੋਂ ਉਹ ਪੰਜਾਬ ਦੀਆਂ ਸਾਰੀਆਂ ਔਰਤਾਂ ਦੇ ਮੁੱਖ ਮੰਤਰੀ ਹਨ। ਇਸ ਫੈਸਲੇ ਅਨੁਸਾਰ ਪੰਜਾਬ ਸਾਰੀਆਂ ਬਾਲਗ ਔਰਤਾਂ ਨੂੰ ਵਿੱਤੀ ਸਹਾਇਤਾ ਦੇਣ ਵਾਲਾ ਦੇਸ਼ ਦਾ ਪਹਿਲਾ ਸੂਬਾ ਹੋਵੇਗਾ। ਭਾਵੇਂ ਕਾਲਜ ਪੜ੍ਹਦੀ ਧੀ ਹੋਵੇ ਜਿਸ ਨੇ ਕਿਤਾਬਾਂ ਖਰੀਦਣੀਆਂ ਹੋਣ, ਭਾਵੇਂ ਸਰਕਾਰੀ ਨੌਕਰੀ ਦੀ ਤਿਆਰੀ ਕਰ ਰਹੀ ਧੀ ਹੋਵੇ ਜਿਸ ਨੇ ਕੋਚਿੰਗ ਦੀ ਫੀਸ ਭਰਨੀ ਹੈ ਜਾਂ ਸਿਨੇਮਾ ਹਾਲ ਵਿੱਚ ਫ਼ਿਲਮ ਦੇਖਣ ਦੀ ਚਾਹਵਾਨ ਕੋਈ ਔਰਤ ਹੋਵੇ ਜਾਂ ਫਿਰ ਆਪਣੀ ਪੋਤੀ ਲਈ ਖਿਡੌਣਾ ਖਰੀਦਣ ਦੀ ਰੀਝ ਰੱਖਣ ਵਾਲੀ ਕੋਈ ਦਾਦੀ ਹੋਵੇ। ਹੁਣ ਉਨ੍ਹਾਂ ਨੂੰ ਆਪਣੇ ਨਿੱਜੀ ਖ਼ਰਚਿਆਂ ਲਈ ਕਿਸੇ ਅੱਗੇ ਹੱਥ ਅੱਡਣ ਦੀ ਲੋੜ ਨਹੀਂ ਪਵੇਗੀ ਕਿਉਂਕਿ ਉਨ੍ਹਾਂ ਦਾ ਵੱਡਾ ਭਰਾ ਅਤੇ ਪੁੱਤਰ ਸਰਦਾਰ ਭਗਵੰਤ ਸਿੰਘ ਮਾਨ ਹਰ ਮਹੀਨੇ ਉਨ੍ਹਾਂ ਦੇ ਬੈਂਕ ਖਾਤੇ ਵਿੱਚ 1,000 ਤੋਂ 1,500 ਰੁਪਏ ਜਮ੍ਹਾਂ ਕਰਵਾਏਗਾ। ਇਸ ਨੂੰ ਪਾਰਦਰਸ਼ੀ ਅਤੇ ਸਮੇਂ-ਸਿਰ ਲਾਗੂ ਕਰਨ ਲਈ ਵਿੱਤੀ ਸਾਲ 2026-27 ਦੇ ਬਜਟ ਵਿੱਚ 9,300 ਕਰੋੜ ਰੁਪਏ ਦਾ ਵਿਸ਼ੇਸ਼ ਉਪਬੰਧ ਕੀਤਾ ਗਿਆ ਹੈ। (ਥੰਪਿੰਗ) ਮੈਂ ਸਾਡੇ ਗੁਆਂਢੀ ਸੂਬੇ ਦਾ ਨਾਂ ਲੈਣ ਤੋਂ ਨਹੀਂ ਝਿਜਕਾਗਾਂ। ਸਾਡੇ ਗੁਆਂਢੀ ਸੂਬੇ ਹਰਿਆਣਾ ਨੇ ਕਿਹਾ ਕਿ ਅਸੀਂ ਔਰਤਾਂ ਲਈ ਸਕੀਮ ਲਾਗੂ ਕੀਤੀ ਹੈ ਜਿਸ ਦੀ ਆਮਦਨ ਇੱਕ ਲੱਖ ਰੁਪਏ ਤੱਕ ਹੋਵੇਗੀ, ਉਸ ਲਈ ਇਹ ਸਕੀਮ ਲਾਗੂ ਹੋਵੇਗੀ ਯਾਨੀ ਕਿ ਸਿਰਫ 20 ਪ੍ਰਤੀਸ਼ਤ ਔਰਤਾਂ ਹੀ ਉਸ ਸਕੀਮ ਵਿੱਚ ਸ਼ਾਮਿਲ ਹੋਈਆਂ। ਇਸ ਦੇ ਉਲਟ ਸਾਡੇ ਮੁੱਖ ਮੰਤਰੀ ਜੀ ਵੱਲੋਂ ਮਾਵਾਂ-ਭੈਣਾਂ ਦੇ ਸਤਿਕਾਰ ਲਈ ਜੋ ਸਕੀਮ ਲਾਗੂ ਕੀਤੀ ਹੈ, ਉਸ ਵਿੱਚ 97 ਪ੍ਰਤੀਸ਼ਤ ਔਰਤਾਂ ਸ਼ਾਮਿਲ ਹੋਣਗੀਆਂ, ਜੋ ਭਾਰਤ ਦੇ ਕਿਸੇ ਵੀ ਰਾਜ ਨਾਲੋਂ ਵੱਧ ਹੈ। (ਥੰਪਿੰਗ)

**ਮਾਣਯੋਗ ਸਪੀਕਰ** : ਇੱਕ ਮਿੰਟ ਮੰਤਰੀ ਜੀ। ਮੰਤਰੀ ਜੀ, ਪਹਿਲਾਂ ਜਿਹੜੇ ਬਜਟ ਵਿੱਚ ਐਲਾਨ ਹੁੰਦੇ ਸਨ, ਉਨ੍ਹਾਂ

ਨੂੰ ਬਹੁਤ ਘੱਟ ਲੋਕ ਵਾਚ ਕਰਦੇ ਸਨ ਪਰੰਤੂ ਜਿਹੜਾ ਅੱਜ ਤੁਸੀਂ ਐਲਾਨ ਕੀਤਾ ਹੈ, ਉਸ ਲਈ ਅੱਜ ਸਾਰੇ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿੱਚ ਸਾਡੀਆਂ ਮਾਵਾਂ-ਭੈਣਾਂ ਸਿਰਫ ਦੇਖ ਹੀ ਨਹੀਂ ਰਹੀਆਂ ਬਲਕਿ ਤੁਹਾਡੇ ਇਸ ਐਲਾਨ ਦੀ ਖੁਸ਼ੀ ਵੀ ਮਨਾ ਰਹੀਆਂ ਹਨ। (ਥੰਪਿੰਗ) ਤੁਹਾਡਾ ਬਹੁਤ-ਬਹੁਤ ਧੰਨਵਾਦ ਜੀ।

**ਵਿੱਤ ਮੰਤਰੀ**: ਬਹੁਤ-ਬਹੁਤ ਸ਼ੁਕਰੀਆ ਜੀ।

**ਮਾਣਯੋਗ ਸਪੀਕਰ**: ਇੱਕ ਮਿੰਟ ਜੀ। ਇਸ ਐਲਾਨ ਨਾਲ ਨੂੰਹਾਂ-ਸੱਸਾਂ ਦੀ ਲੜਾਈ ਵੀ ਘੱਟ ਜਾਵੇਗੀ ਕਿਉਂਕਿ ਜਦੋਂ ਜੇਬ ਵਿੱਚ ਕੁਝ ਨਹੀਂ ਹੁੰਦਾ ਹੈ ਤਾਂ ਲੜਾਈ ਹੁੰਦੀ ਹੈ। ਹੁਣ ਇਹ ਲੜਾਈ ਨਹੀਂ ਹੋਵੇਗੀ, ਇਹ ਕੰਮ ਠੀਕ ਹੋ ਗਿਆ ਹੈ। (ਥੰਪਿੰਗ)

**ਵਿੱਤ ਮੰਤਰੀ**: ਹਾਂ ਜੀ। ਨੂੰਹਾਂ-ਸੱਸਾਂ ਦੀ ਲੜਾਈ ਘਟਾਉਣ ਵਿੱਚ ਬਹੁਤ ਵੱਡਾ ਯੋਗਦਾਨ ਹੋਵੇਗਾ। (ਹਾਸਾ)

**ਮਾਣਯੋਗ ਸਪੀਕਰ**: ਇਸ ਲਈ ਸੀ.ਐਮ. ਸਾਹਿਬ ਦਾ ਧੰਨਵਾਦ ਹੈ ਜੀ। (ਥੰਪਿੰਗ)

**ਵਿੱਤ ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਸਾਡੀ ਸਰਕਾਰ ਰਾਜ ਭਰ ਦੇ ਵੱਖ-ਵੱਖ ਖੇਤਰਾਂ ਵਿੱਚ ਮਹਿਲਾ ਉੱਦਮੀਆਂ ਨੂੰ ਮਹਿਲਾ ਉੱਦਮੀ ਸਨਮਾਨ ਦੇ ਰਹੀ ਹੈ। ਇਸ ਤਰ੍ਹਾਂ ਦੇ ਪਹਿਲੇ ਪੁਰਸਕਾਰਾਂ ਵਿੱਚ ਵੱਖ-ਵੱਖ ਔਰਤਾਂ ਨੇ ਭਾਗ ਲਿਆ, ਜਿਸ ਵਿੱਚ ਰਾਜ ਭਰ ਦੇ ਲਗਭਗ 30 ਹਜ਼ਾਰ ਦੇ ਕਰੀਬ ਅਰਜ਼ੀਆਂ ਪ੍ਰਾਪਤ ਹੋਈਆਂ ਹਨ। ਰਾਜ ਭਰ ਵਿੱਚ ਕੀਤੇ ਜਾ ਰਹੇ ਸਮਾਗਮਾਂ ਵਿੱਚ ਬਲਾਕ/ਹਲਕਾ ਪੱਧਰ ਤੇ ਲਗਭਗ 12 ਹਜ਼ਾਰ ਔਰਤਾਂ ਨੂੰ ਉਨ੍ਹਾਂ ਦੇ ਯਤਨਾਂ ਸਦਕਾ ਸਨਮਾਨਿਤ ਕੀਤਾ ਜਾ ਰਿਹਾ ਹੈ। ਜ਼ਿਲ੍ਹਾ ਪੱਧਰੀ ਸਮਾਗਮਾਂ ਵਿੱਚ ਲਗਭਗ 2300 ਮਹਿਲਾ ਉੱਦਮੀਆਂ ਨੂੰ ਸਨਮਾਨਿਤ ਕੀਤਾ ਜਾਵੇਗਾ ਅਤੇ ਉਨ੍ਹਾਂ ਵਿੱਚੋਂ 100 ਨੂੰ 18 ਮਾਰਚ ਨੂੰ ਹੋਣ ਵਾਲੇ ਰਾਜ ਪੱਧਰੀ ਸਮਾਗਮ ਵਿੱਚ ਸਨਮਾਨਿਤ ਕੀਤਾ ਜਾਵੇਗਾ। ਇਹ ਔਰਤਾਂ ਵਿੱਚ ਛੁਪੀ ਹੋਈ ਪ੍ਰਤਿਭਾ ਨੂੰ ਲੱਭਣ ਅਤੇ ਮਨਾਉਣ ਦਾ ਮੌਕਾ ਹੈ ਅਤੇ ਬਹੁਤ ਸਾਰੀਆਂ ਔਰਤਾਂ ਨੂੰ ਅੱਗੇ ਆਉਣ ਲਈ ਉਤਸ਼ਾਹਿਤ ਕਰਦਾ ਹੈ।

129. ਇਸ ਸਿੱਧੀ ਵਿੱਤੀ ਸਹਾਇਤਾ ਦੇ ਨਾਲ-ਨਾਲ ਸਰਕਾਰ ਪੂਰੇ ਪੰਜਾਬ ਵਿੱਚ ਔਰਤਾਂ ਲਈ ਮੁਫ਼ਤ ਬੱਸ ਸਫ਼ਰ ਦੀ ਸਹੂਲਤ ਜਾਰੀ ਰੱਖੇਗੀ। ਇਹ ਸਹੂਲਤ ਸੁਖਾਲੀ ਆਵਾਜਾਈ ਅਤੇ ਮੁਨਾਸਿਬ ਮੌਕਿਆਂ ਲਈ ਅਹਿਮ ਸਾਧਨ ਬਣ ਚੁੱਕੀ ਹੈ। ਇਸ ਉੱਦਮ ਤਹਿਤ ਔਰਤਾਂ ਵੱਲੋਂ ਇਕੱਲੇ ਪਿਛਲੇ ਸਾਲ ਵਿੱਚ ਲਗਭਗ 12 ਕਰੋੜ ਮੁਫ਼ਤ ਸਫ਼ਰ ਕੀਤੇ ਜਾ ਚੁੱਕੇ ਹਨ। ਇਹ ਅੰਕੜੇ ਇਸ ਯੋਜਨਾ ਦੀ ਵੱਡੇ ਪੱਧਰ ‘ਤੇ ਮਾਨਤਾ ਅਤੇ ਸਮਾਜਿਕ ਅਸਰ ਦੀ ਮੂੰਹ ਬੋਲਦੀ ਤਸਵੀਰ ਹਨ। ਇਸ ਸਹੂਲਤ ਨੇ ਔਰਤਾਂ ਨੂੰ ਬਿਨਾਂ ਕਿਸੇ ਆਰਥਿਕ ਬੋਝ ਦੇ ਕੰਮ-ਕਾਜ, ਸਿੱਖਿਆ, ਸਿਹਤ ਸੇਵਾਵਾਂ ਅਤੇ ਪਰਿਵਾਰਕ ਜ਼ਿੰਮੇਵਾਰੀਆਂ ਨਿਭਾਉਣ ਦੇ ਸਮਰੱਥ ਬਣਾਇਆ ਹੈ। ਇਸ ਯੋਜਨਾ ਨੂੰ ਜਾਰੀ ਰੱਖਣ ਲਈ ਵਿੱਤੀ ਸਾਲ 2026-27 ਵਿੱਚ 600 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ। (ਥੰਪਿੰਗ)

130. ਏਕੀਕ੍ਰਿਤ ਬਾਲ ਵਿਕਾਸ ਸੇਵਾਵਾਂ (ICDS) ਸਕੀਮ ਪੂਰੇ ਪੰਜਾਬ ਦੇ 155 ਆਈ.ਸੀ.ਡੀ.ਐੱਸ. ਬਲਾਕਾਂ ਵਿੱਚ ਫੈਲੇ 27,314 ਆਂਗਣਵਾੜੀ ਕੇਂਦਰਾਂ ਰਾਹੀਂ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਮਜ਼ਬੂਤ ਥੰਮ੍ਹ ਵਜੋਂ ਨਿਰੰਤਰ ਕਾਰਜਸ਼ੀਲ ਹੈ। ਇਹ ਆਂਗਣਵਾੜੀ ਕੇਂਦਰ ਲਗਭਗ 16.60 ਲੱਖ ਲਾਭਪਾਤਰੀਆਂ ਨੂੰ ਪੂਰਕ ਪੋਸ਼ਣ, ਟੀਕਾਕਰਨ, ਸਿਹਤ ਜਾਂਚ, ਰੈਫਰਲ ਸੇਵਾਵਾਂ ਅਤੇ ਪ੍ਰੀ-ਸਕੂਲ ਸਿੱਖਿਆ ਪ੍ਰਦਾਨ ਕਰ ਰਹੇ ਹਨ। ਇਸ ਪਹੁੰਚ ਨੂੰ

ਹੋਰ ਮਜ਼ਬੂਤ ਕਰਨ ਅਤੇ ਨਿਰੰਤਰ ਜਾਰੀ ਰੱਖਣ ਲਈ ਵਿੱਤੀ ਸਾਲ 2026-27 ਵਿੱਚ 932 ਕਰੋੜ ਰੁਪਏ ਦੇ ਬਜਟ ਦਾ ਉਪਬੰਧ ਕੀਤਾ ਗਿਆ ਹੈ। (ਥੰਪਿੰਗ) ਇਹ ਆਂਗਣਵਾੜੀ ਕੇਂਦਰ ਨਾ ਸਿਰਫ਼ ਸਿੱਖਿਆ ਦੇ ਕੇਂਦਰਾਂ ਵਜੋਂ ਕਾਰਜਸ਼ੀਲ ਹਨ ਸਗੋਂ ਸਿਹਤ, ਸਿੱਖਿਆ, ਪਰਿਵਾਰ ਭਲਾਈ ਅਤੇ ਪ੍ਰਜਨਨ ਸਿਹਤ ਬਾਰੇ ਜਾਗਰੂਕਤਾ ਫੈਲਾਉਣ ਵਾਲੇ ਅਹਿਮ ਸਮਾਜਿਕ ਮੰਚ ਵਜੋਂ ਵੀ ਕੰਮ ਕਰ ਰਹੇ ਹਨ।

131. ਰਾਜ ਸਰਕਾਰ ਨੇ ਨਵੰਬਰ, 2025 ਵਿੱਚ ਔਰਤਾਂ ਅਤੇ ਕਿਸ਼ੋਰ ਲੜਕੀਆਂ ਵਿੱਚ ਮਾਹਵਾਰੀ ਸਿਹਤ, ਸਵੈ-ਮਾਣ ਅਤੇ ਸਵੱਛਤਾ ਪ੍ਰਤੀ ਜਾਗਰੂਕਤਾ ਵਧਾਉਣ ਲਈ 'ਨਵੀਂ ਦਿਸ਼ਾ ਯੋਜਨਾ' ਦੀ ਸ਼ੁਰੂਆਤ ਕੀਤੀ। ਵਿੱਤੀ ਸਾਲ 2025–26 ਦੌਰਾਨ 13.65 ਲੱਖ ਲੋੜਵੰਦ ਔਰਤਾਂ ਨੂੰ ਮੁਫ਼ਤ ਸੈਨੇਟਰੀ ਪੈਡ ਮੁਹੱਈਆ ਕਰਵਾਉਣ ਲਈ 43 ਕਰੋੜ ਰੁਪਏ ਦੀ ਵਰਤੋਂ ਕੀਤੀ ਜਾ ਰਹੀ ਹੈ, ਜਿਸ ਤਹਿਤ ਪੂਰੇ ਰਾਜ ਵਿੱਚ ਹਰ ਮਹੀਨੇ ਲਗਭਗ 1.2 ਕਰੋੜ ਸੈਨੇਟਰੀ ਪੈਡ ਵੰਡੇ ਜਾ ਰਹੇ ਹਨ। ਇਸ ਪ੍ਰੋਗਰਾਮ ਨੂੰ ਮਿਲੇ ਚੰਗੇ ਹੁੰਗਾਰੇ ਸਦਕਾ ਇਸ ਦੇ ਦਾਇਰੇ ਨੂੰ ਵਧਾਉਂਦਿਆ, ਇਸ ਮੁਹਿੰਮ ਨੂੰ ਹੋਰ ਮਜ਼ਬੂਤ ਕਰਨ ਲਈ ਵਿੱਤੀ ਸਾਲ 2026–27 ਵਿੱਚ 65 ਕਰੋੜ ਰੁਪਏ ਦੇ ਬਜਟ ਦੀ ਤਜਵੀਜ਼ ਰੱਖੀ ਗਈ ਹੈ। (ਥੰਪਿੰਗ)

132. ਸਮਾਜ ਦੇ ਕਮਜ਼ੋਰ ਵਰਗਾਂ ਨੂੰ ਸਹਾਰਾ ਜਾਰੀ ਰੱਖਦੇ ਹੋਏ ਵਿੱਤੀ ਸਾਲ 2026-27 ਵਿੱਚ ਬਜ਼ੁਰਗਾਂ, ਵਿਧਵਾਵਾਂ, ਬੇਸਹਾਰਾ ਔਰਤਾਂ, ਆਸ਼ਰਿਤ ਬੱਚਿਆਂ ਅਤੇ ਦਿਵਿਆਂਗ ਵਿਅਕਤੀਆਂ ਸਮੇਤ 36.52 ਲੱਖ ਲਾਭਪਾਤਰੀਆਂ ਨੂੰ ਮਾਸਿਕ ਵਿੱਤੀ ਸਹਾਇਤਾ ਪ੍ਰਦਾਨ ਕਰਨ ਲਈ 6,150 ਕਰੋੜ ਰੁਪਏ ਦਾ ਬਜਟ ਉਪਬੰਧ ਕੀਤਾ ਗਿਆ ਹੈ। (ਥੰਪਿੰਗ)

133. ਮੈਂ ਵਿੱਤੀ ਸਾਲ 2026-27 ਲਈ ਸਮਾਜਿਕ ਭਲਾਈ ਅਤੇ ਨਿਆਂ ਦੇ ਖੇਤਰ ਲਈ ਕੁੱਲ 18,304 ਕਰੋੜ ਰੁਪਏ ਦੇ ਬਜਟ ਦੀ ਤਜਵੀਜ਼ ਰੱਖਦਾ ਹਾਂ ਜੋ ਇਸ ਖੇਤਰ ਵਿੱਚ ਭਲਾਈ ਕਾਰਜਾਂ ਲਈ ਹੁਣ ਤੱਕ ਦੀ ਸਭ ਤੋਂ ਵੱਡੀ ਰਾਸ਼ੀ ਹੈ। ਇਸ ਵਿੱਚ ਅਸ਼ੀਰਵਾਦ ਸਕੀਮ ਲਈ 360 ਕਰੋੜ ਰੁਪਏ, ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਲਈ 261 ਕਰੋੜ ਰੁਪਏ ਅਤੇ ਆਦਰਸ਼ ਗ੍ਰਾਮ ਯੋਜਨਾ ਲਈ 75 ਕਰੋੜ ਰੁਪਏ ਦੀ ਵੰਡ ਸ਼ਾਮਲ ਹੈ। ਇਹ ਰਾਸ਼ੀ ਸਮਾਜ ਦੇ ਕਮਜ਼ੋਰ ਅਤੇ ਪੱਛੜੇ ਵਰਗਾਂ ਲਈ ਨਿਰੰਤਰ ਸਹਾਇਤਾ ਯਕੀਨੀ ਬਣਾਏਗੀ। (ਥੰਪਿੰਗ)

134. ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ, ਘੱਟ ਗਿਣਤੀਆਂ ਅਤੇ ਹੋਰ ਵੰਚਿਤ ਵਰਗਾਂ ਨੂੰ ਉੱਚਾ ਚੁੱਕਣ ਦੇ ਪ੍ਰਤੀ ਆਪਣੇ ਅਟੱਲ ਅਹਿਦ ਨੂੰ ਦੁਹਰਾਉਂਦੇ ਹੋਏ ਵਿੱਤੀ ਸਾਲ 2026-27 ਵਿੱਚ ਅਨੁਸੂਚਿਤ ਜਾਤੀ ਉਪ-ਯੋਜਨਾ (SCSP) ਦੇ ਤਹਿਤ 17,700 ਕਰੋੜ ਰੁਪਏ ਦੀ ਰਾਸ਼ੀ ਰਾਖਵੀਂ ਰੱਖੀ ਗਈ ਹੈ। ਇਹ ਰਾਸ਼ੀ ਸੂਬੇ ਦੇ ਕੁੱਲ ਵਿਕਾਸ ਖਰਚੇ ਦਾ 35.23% ਹਿੱਸਾ ਹੈ।

### ਮਾਲੀਆ ਵਾਧਾ ਅਤੇ ਪੂੰਜੀ ਸਿਰਜਣਾ

135. ਵਿੱਤੀ ਸਾਲ 2026-27 ਵਿੱਚ ਕੁੱਲ ਮਾਲੀਆ ਪ੍ਰਾਪਤੀਆਂ 1,26,190 ਕਰੋੜ ਰੁਪਏ ਹੋਣ ਦਾ ਅਨੁਮਾਨ ਲਗਾਇਆ ਗਿਆ ਹੈ, ਜਿਸ ਵਿੱਚੋਂ ਆਪਣਾ ਕਰ ਮਾਲੀਆ 70,851 ਕਰੋੜ ਰੁਪਏ ਅਤੇ ਗੈਰ ਟੈਕਸ ਮਾਲੀਆ 15,687 ਕਰੋੜ ਰੁਪਏ ਮਿਥਿਆ ਗਿਆ ਹੈ।

136. ਮਾਣਯੋਗ ਸਪੀਕਰ ਸਾਹਿਬ, ਮੈਨੂੰ ਇਸ ਅਜ਼ੀਮ ਸਦਨ ਨੂੰ ਇਹ ਦੱਸਦੇ ਹੋਏ ਖੁਸ਼ੀ ਹੋ ਰਹੀ ਹੈ ਕਿ 16ਵੇਂ ਵਿੱਤ ਕਮਿਸ਼ਨ ਨੇ ਹੋਰੀਜ਼ੋਂਟਲ ਡੈਵੋਲਿਊਸ਼ਨ ਵਿੱਚ ਪੰਜਾਬ ਦਾ ਹਿੱਸਾ 1.807% ਤੋਂ ਵਧਾ ਕੇ 1.996% ਕਰ ਦਿੱਤਾ ਹੈ। ਇਸ ਦੇ ਨਤੀਜੇ ਵਜੋਂ ਕੇਂਦਰੀ ਕਰਾਂ ਵਿੱਚ ਸਾਡੀ ਹਿੱਸੇਦਾਰੀ ਦੀ ਨਿਰੋਲ ਆਮਦਨ ਵਿੱਤੀ ਸਾਲ 2026-27 ਵਿੱਚ 30,464 ਕਰੋੜ ਰੁਪਏ ਹੋਣ ਦਾ ਅਨੁਮਾਨ ਹੈ, ਜਦੋਂ ਕਿ ਵਿੱਤੀ ਸਾਲ 2025-26 ਵਿੱਚ 25,171 ਕਰੋੜ ਰੁਪਏ ਸੀ, ਜੋ ਕਿ ਪਿਛਲੇ ਸਾਲ ਨਾਲੋਂ 5,293 ਕਰੋੜ ਰੁਪਏ ਦਾ ਵਾਧਾ ਹੈ। ਭਾਰਤ ਸਰਕਾਰ ਨੇ ਪੰਜ ਸਾਲਾਂ ਦੀ ਅਵਾਰਡ ਮਿਆਦ ਲਈ 16ਵੇਂ ਵਿੱਤ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਨੂੰ ਸਵੀਕਾਰ ਕਰ ਲਿਆ ਹੈ। ਇਸ ਤੋਂ ਇਲਾਵਾ ਵਿੱਤੀ ਸਾਲ 2026-27 ਵਿੱਚ ਕੇਂਦਰ ਤੋਂ ਗ੍ਰਾਂਟ-ਇਨ-ਏਡ 9,188 ਕਰੋੜ ਰੁਪਏ ਹੋਣ ਦਾ ਅਨੁਮਾਨ ਹੈ।

137. ਮਾਣਯੋਗ ਸਪੀਕਰ ਸਾਹਿਬ, ਸ਼ਾਸਨ ਦੀ ਨੀਅਤ ਕਿੰਨੀ ਅਹਿਮ ਹੁੰਦੀ ਹੈ ਇਸ ਗੱਲ ਦਾ ਪ੍ਰਤੱਖ ਸਬੂਤ ਸਾਨੂੰ ਆਬਕਾਰੀ ਖੇਤਰ ਦੀ ਕਾਰਗੁਜ਼ਾਰੀ ਤੋਂ ਮਿਲ ਸਕਦਾ ਹੈ। ਸਾਫ-ਸਪੱਸ਼ਟ ਨੀਤੀ, ਦ੍ਰਿੜ੍ਹਤਾ ਨਾਲ ਲਾਗੂ ਕਰਨ ਅਤੇ ਲੀਕੇਜ ਪ੍ਰਤੀ ਜ਼ੀਰੋ ਸਹਿਣਸ਼ੀਲਤਾ ਨਾਲ ਮਾਲੀਆ ਪ੍ਰਾਪਤੀ ਵਿੱਚ ਕਾਫ਼ੀ ਸੁਧਾਰ ਹੋਇਆ ਹੈ। ਆਮ ਆਦਮੀ ਪਾਰਟੀ ਸਰਕਾਰ ਦੇ ਪੰਜ ਸਾਲਾਂ ਦੇ ਕਾਰਜਕਾਲ ਦੌਰਾਨ ਆਬਕਾਰੀ ਮਾਲੀਆ 53,122 ਕਰੋੜ ਰੁਪਏ ਹੋਣ ਦਾ ਅਨੁਮਾਨ ਹੈ, ਜੋ ਕਿ ਪਿਛਲੀ ਕਾਂਗਰਸ ਸਰਕਾਰ ਦੇ ਪੰਜ ਸਾਲਾਂ ਦੇ ਕਾਰਜਕਾਲ ਦੌਰਾਨ 27,934 ਕਰੋੜ ਰੁਪਏ ਅਤੇ ਅਕਾਲੀ-ਭਾਜਪਾ ਸਰਕਾਰ ਦੌਰਾਨ 20,545 ਕਰੋੜ ਰੁਪਏ ਦੇ ਮੁਕਾਬਲੇ ਜ਼ਬਰਦਸਤ ਵਾਧਾ ਹੈ।

138. ਮਾਣਯੋਗ ਸਪੀਕਰ ਸਾਹਿਬ, ਮਾਲੀਆ ਵਾਧਾ ਸਿਰਫ਼ ਆਬਕਾਰੀ ਖੇਤਰ ਤੱਕ ਹੀ ਸੀਮਿਤ ਨਹੀਂ ਹੈ ਸਗੋਂ ਸਟੈਂਪ ਅਤੇ ਰਜਿਸਟ੍ਰੇਸ਼ਨ ਵਿੱਚ ਵੀ ਇਸੇ ਤਰ੍ਹਾਂ ਦੇ ਸੁਧਾਰ ਦਿਖਾਈ ਦੇ ਰਹੇ ਹਨ। ਆਮ ਆਦਮੀ ਪਾਰਟੀ ਸਰਕਾਰ ਦੇ ਪੰਜ ਸਾਲਾਂ ਦੇ ਕਾਰਜਕਾਲ ਦੌਰਾਨ, ਸਟੈਂਪ ਅਤੇ ਰਜਿਸਟ੍ਰੇਸ਼ਨ ਤੋਂ ਪ੍ਰਾਪਤੀਆਂ 30,367 ਕਰੋੜ ਰੁਪਏ ਹੋਣ ਦਾ ਅਨੁਮਾਨ ਹੈ, ਜਦੋਂ ਕਿ ਕਾਂਗਰਸ ਸਰਕਾਰ ਦੌਰਾਨ ਅਸਲ ਪ੍ਰਾਪਤੀਆਂ 12,469 ਕਰੋੜ ਰੁਪਏ ਅਤੇ ਅਕਾਲੀ-ਭਾਜਪਾ ਸਰਕਾਰ ਦੌਰਾਨ ਪ੍ਰਾਪਤੀਆਂ 12,387 ਕਰੋੜ ਰੁਪਏ ਸਨ। ਅਸੀਂ ਹੁਣ ਤੋਂ ਵਿੱਤੀ ਸਾਲ 2026-27 ਲਈ 9,000 ਕਰੋੜ ਰੁਪਏ ਦਾ ਅਭਿਲਾਸ਼ੀ ਟੀਚਾ ਮਿੱਥਿਆ ਹੈ।

139. ਇਹ ਮਹਿਜ਼ ਅੰਕੜਿਆਂ ਦੀ ਤੁਲਨਾ ਨਹੀਂ ਹੈ; ਸਗੋਂ ਇਹ ਕੰਮ ਕਰਨ ਦੇ ਤਰੀਕੇ ਵਿੱਚ ਆਏ ਬਦਲਾਅ ਨੂੰ ਦਰਸਾਉਂਦਾ ਹੈ। ਜਦੋਂ ਪ੍ਰਣਾਲੀਆਂ ਨੂੰ ਮਜ਼ਬੂਤ ਬਣਾਇਆ ਜਾਂਦਾ ਹੈ, ਮਨਮਰਜ਼ੀ ਨੂੰ ਘਟਾਇਆ ਜਾਂਦਾ ਹੈ ਅਤੇ ਜਵਾਬਦੇਹੀ ਨੂੰ ਲਾਗੂ ਕੀਤਾ ਜਾਂਦਾ ਹੈ ਤਾਂ ਸੂਬੇ ਦਾ ਸਹੀ ਮਾਲੀਆ ਅਕੁਸ਼ਲਤਾ ਜਾਂ ਦੁਰਵਰਤੋਂ ਦੇ ਹੱਥੇ ਨਾ ਚੜ੍ਹ ਕੇ ਲੋਕਾਂ ਦੇ ਖਜ਼ਾਨੇ ਵਿੱਚ ਆਉਂਦਾ ਹੈ। ਨਤੀਜੇ ਦਰਸਾਉਂਦੇ ਹਨ ਕਿ ਪ੍ਰਸ਼ਾਸਕੀ ਦ੍ਰਿੜ੍ਹਤਾ ਨਾਲ ਇਮਾਨਦਾਰ ਇਰਾਦਾ, ਸਿੱਧੇ ਤੌਰ 'ਤੇ ਸੂਬੇ ਲਈ ਮਜ਼ਬੂਤ ਵਿੱਤ ਅਤੇ ਲੋਕ ਭਲਾਈ ਵਿੱਚ ਨਿਵੇਸ਼ ਕਰਨ ਦੀ ਵਧੇਰੇ ਸਮਰੱਥਾ ਵਿੱਚ ਤਬਦੀਲ ਹੁੰਦਾ ਹੈ।

140. ਮਾਣਯੋਗ ਸਪੀਕਰ ਸਾਹਿਬ, ਲੰਬਿਤ ਪੁਰਾਣੇ ਵਿਵਾਦਾਂ ਨੂੰ ਹੱਲ ਕਰਨ ਅਤੇ ਕਰ-ਦਾਤਾਵਾਂ ਨੂੰ ਰਾਹਤ ਪ੍ਰਦਾਨ ਕਰਨ ਲਈ, ਸਰਕਾਰ ਨੇ ਸਾਲ 2024 ਵਿਚ ਯਕਮੁਸ਼ਤ ਨਿਪਟਾਰਾ ਯੋਜਨਾ ਸ਼ੁਰੂ ਕੀਤੀ ਸੀ। ਇਸ ਤਹਿਤ 70,311 ਡੀਲਰਾਂ ਨੇ 866 ਕਰੋੜ ਰੁਪਏ ਦੀ ਕੁੱਲ ਛੋਟ ਦਾ ਲਾਭ ਉਠਾਇਆ ਅਤੇ ਰਾਜ ਦੇ ਖ਼ਜ਼ਾਨੇ ਵਿੱਚ 164 ਕਰੋੜ ਰੁਪਏ ਦੀ ਵਸੂਲੀ ਹੋਈ। ਜਦ ਕਿ ਸਾਲ 2022 ਦੀ ਇਲੈਕਸ਼ਨ ਵਿੱਚ ਝੂਠੇ ਇਸ਼ਤਿਹਾਰ ਲਗਾਏ ਗਏ ਅਤੇ

ਕਿਹਾ ਗਿਆ ਸੀ ਕਿ 40 ਹਜ਼ਾਰ ਕਰਦਾਤਾਵਾਂ ਦੇ ਕੇਸ ਖਤਮ ਕਰ ਦਿੱਤੇ ਗਏ ਹਨ। ਉਹ ਕੇਸ ਖਤਮ ਨਹੀਂ ਹੋਏ ਸੀ। ਸਪੀਕਰ ਸਾਹਿਬ, ਅੰਕੜਾ ਪਿਆ ਹੈ। ਮੈਂ ਇਹ ਟੇਬਲ ਤੇ ਵੀ ਰੱਖ ਦੇਵਾਂਗਾ। ਇਹ ਕੇਸ ਹੁਣ ਖਤਮ ਹੋਏ ਹਨ, ਜਦੋਂ ਓ.ਟੀ.ਐਸ. ਸਕੀਮ, ਤੀਜੀ ਸਕੀਮ ਬਾਰੇ ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਕਿਹਾ ਕਿ ਇਹ ਸਕੀਮ ਲੈ ਕੇ ਆਉ। ਅੱਜ 70311 ਡੀਲਰਾਂ ਦੇ ਕੇਸ ਖਤਮ ਹੋ ਗਏ ਹਨ। ਰਾਜ ਦੇ ਖ਼ਜਾਨੇ ਵਿੱਚ 164 ਕਰੋੜ ਰੁਪਿਆ ਜਮ੍ਹਾਂ ਕਰ ਦਿੱਤਾ ਹੈ।

141. ਇਸ ਨੂੰ ਅੱਗੇ ਵਧਾਉਂਦਿਆਂ ਸਰਕਾਰ ਨੇ 'ਵਨ ਟਾਈਮ ਸੈਟਲਮੈਂਟ ਸਕੀਮ-2025' ਸ਼ੁਰੂ ਕੀਤੀ ਹੈ, ਜੋ ਕਿ 1 ਅਕਤੂਬਰ, 2025 ਤੋਂ ਲਾਗੂ ਹੋ ਚੁੱਕੀ ਹੈ। ਇਹ ਸਕੀਮ ਯੋਗ ਮਾਮਲਿਆਂ ਵਿੱਚ ਵਿਆਜ ਅਤੇ ਜੁਰਮਾਨਿਆਂ ਦੀ ਪੂਰੀ ਛੋਟ ਦੇ ਨਾਲ-ਨਾਲ ਗ੍ਰੇਡਿਡ ਟੈਕਸ ਰਾਹਤ ਦਿੰਦੀ ਹੈ, ਜਿਸ ਨਾਲ ਕਾਰੋਬਾਰੀ ਪੁਰਾਣੇ ਮਾਮਲਿਆਂ ਨੂੰ ਖਤਮ ਕਰ ਸਕਦੇ ਹਨ ਅਤੇ ਪੱਕੇ ਇਰਾਦੇ ਨਾਲ ਅੱਗੇ ਵੱਧ ਸਕਦੇ ਹਨ। ਵਪਾਰ ਅਤੇ ਉਦਯੋਗ ਦਾ ਹੁੰਗਾਰਾ ਉਤਸ਼ਾਹਜਨਕ ਰਿਹਾ ਹੈ, ਹੁਣ ਤੱਕ 7,400 ਤੋਂ ਵੱਧ ਅਰਜ਼ੀਆਂ ਪ੍ਰਾਪਤ ਹੋਈਆਂ ਹਨ ਅਤੇ 100 ਕਰੋੜ ਰੁਪਏ ਤੋਂ ਵੱਧ ਦੀ ਵਸੂਲੀ ਹੋਈ ਹੈ। ਇਹ ਪਹਿਲ ਸਾਡੇ ਸੰਤੁਲਿਤ ਦ੍ਰਿਸ਼ਟੀਕੋਣ ਨੂੰ ਪ੍ਰਗਟਾਉਂਦੀ ਹੈ- ਮਾਲੀਆ ਪ੍ਰਾਪਤੀ ਨੂੰ ਮਜ਼ਬੂਤ ਕਰਦੇ ਹੋਏ ਅਸਲ ਟੈਕਸਦਾਤਾਵਾਂ ਨੂੰ ਸਹੂਲਤ ਪ੍ਰਦਾਨ ਕਰਨਾ।

142. ਇਸ ਦੇ ਨਾਲ ਹੀ ਸਰਕਾਰ ਨੇ ਤਕਨਾਲੋਜੀ, ਡੇਟਾ ਵਿਸ਼ਲੇਸ਼ਣ ਅਤੇ ਇੰਟੈਲੀਜੈਂਸ-ਅਧਾਰਤ ਲਾਗੂਕਰਨ ਦਾ ਲਾਭ ਲੈ ਕੇ ਜੀ.ਐਸ.ਟੀ. ਪ੍ਰਸ਼ਾਸਨ ਵਿੱਚ ਮਜ਼ਬੂਤ ਸੁਧਾਰ ਕੀਤੇ ਹਨ। ਮਲਟੀ-ਪੋਰਟਲ ਡੇਟਾ ਨੂੰ ਜੋੜਨ ਅਤੇ ਜੋਖਮ ਦਾ ਪਤਾ ਲਗਾਉਣ ਲਈ ਆਟੋਮੇਟਿਡ ਇਨ-ਹਾਊਸ ਵਿਸ਼ਲੇਸ਼ਣਾਤਮਕ ਟੂਲ ਵਿਕਸਿਤ ਕੀਤਾ ਗਿਆ ਹੈ, ਜਿਸ ਨਾਲ ਡਿਫਾਲਟਰਾਂ ਅਤੇ ਟੈਕਸ ਚੋਰੀ ਦੀ ਪਛਾਣ ਕਰਕੇ ਕਾਫ਼ੀ ਵਸੂਲੀ ਹੋ ਰਹੀ ਹੈ। ਕੇਂਦ੍ਰਿਤ ਨਿਰੀਖਣਾਂ ਅਤੇ ਵਿਸ਼ੇਸ਼ ਖੁਫੀਆ, ਜਾਂਚ ਅਤੇ ਕਾਨੂੰਨੀ ਸਮਰੱਥਾਵਾਂ ਵਾਲੇ ਇੱਕ ਸਮਰਪਿਤ ਐਂਟੀ-ਇਵੇਜਨ ਵਿੰਗ ਦੇ ਪ੍ਰਸਤਾਵਿਤ ਗਠਨ ਰਾਹੀਂ ਲਾਗੂਕਰਨ ਨੂੰ ਹੋਰ ਮਜ਼ਬੂਤ ਕੀਤਾ ਗਿਆ ਹੈ। ਮਾਣਯੋਗ ਸਪੀਕਰ ਸਾਹਿਬ, ਨਿਯਮਾਂ ਦੀ ਪਾਲਣਾ ਵਿੱਚ ਲਗਾਤਾਰ ਸੁਧਾਰ ਅਤੇ ਸਖ਼ਤੀ ਨਾਲ ਲਾਗੂ ਕੀਤੇ ਜਾਣ ਕਾਰਨ ਇਸ ਨੂੰ ਹੋਰ ਮਜ਼ਬੂਤੀ ਮਿਲੀ ਹੈ। ਅਸੀਂ ਪਿਛਲੇ 46 ਮਹੀਨਿਆਂ ਵਿੱਚ 83,739 ਕਰੋੜ ਰੁਪਏ ਦਾ ਮਾਲੀਆ ਪ੍ਰਾਪਤ ਕੀਤਾ ਹੈ, ਜਦੋਂ ਕਿ ਪਿਛਲੀ ਸਰਕਾਰ ਦੇ 5 ਸਾਲਾਂ ਵਿੱਚ ਇਹ ਸਿਰਫ਼ 61,286 ਕਰੋੜ ਰੁਪਏ ਸੀ। ਇਹ ਪ੍ਰਾਪਤੀ ਸਾਡੇ ਕਾਰਜਕਾਲ ਦੌਰਾਨ 'ਕੰਪਨਸੇਸ਼ਨ ਸੈੱਸ' ਤੋਂ ਹੋਣ ਵਾਲੇ ਮਾਲੀਏ ਦੇ ਨੁਕਸਾਨ ਦੇ ਬਾਵਜੂਦ ਹੋਈ ਹੈ। ਮੈਂ ਬੜੇ ਫਖ਼ਰ ਅਤੇ ਮਾਣ ਨਾਲ ਕਹਿ ਰਿਹਾ ਹਾਂ ਕਿ ਹੁਣ ਤੱਕ ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਜਿੰਨੇ ਵੀ ਟਾਸਕ ਦਿੱਤੇ ਹਨ, ਚਾਹੇ ਉਹ ਪਹਿਲਾਂ 23,000 ਕਰੋੜ ਦਾ ਟਾਸਕ ਹੋਵੇ, ਚਾਹੇ 27,000 ਕਰੋੜ ਦਾ ਹੋਵੇ, ਚਾਹੇ 31,000 ਕਰੋੜ ਰੁਪਏ ਦਾ ਹੋਵੇ ਅਤੇ ਚਾਹੇ 25,000 ਕਰੋੜ ਰੁਪਏ ਦਾ ਹੋਵੇ, ਕਦੇ ਵੀ ਕਿਸੇ ਵੀ ਟੀਚੇ ਨੂੰ ਮਿਸ ਨਹੀਂ ਕੀਤਾ। ਸਾਡੀ ਪੂਰੀ ਦੀ ਪੂਰੀ ਕੈਬਨਿਟ ਦੇ ਹਰੇਕ ਸਾਥੀ ਨੇ ਅਤੇ ਹਰੇਕ ਐਮ.ਐਲ.ਏ. ਨੇ ਪੂਰੀ ਮਿਹਨਤ ਅਤੇ ਜਾਨ ਨਾਲ ਕੰਮ ਕੀਤਾ ਹੈ ਤਾਂ ਹੀ ਅੱਜ ਪੰਜਾਬ ਦਾ ਖ਼ਜਾਨਾ ਹਰਿਆ ਭਰਿਆ ਹੋਇਆ ਹੈ। ਖ਼ਜਾਨਾ ਖਾਲੀ ਵਾਲੇ ਹੁਣ ਬਹੁਤ ਦੂਰ ਚਲੇ ਗਏ ਹਨ। ਸਾਡੀ ਸਰਕਾਰ ਦੇ ਇਸ ਸ਼ਾਨਦਾਰ ਵਾਧੇ ਦੇ ਅਧਾਰ 'ਤੇ, ਅਸੀਂ ਵਿੱਤੀ ਸਾਲ 2026-27 ਲਈ 32,000 ਕਰੋੜ ਰੁਪਏ ਜੀ.ਐੱਸ.ਟੀ. ਮਾਲੀਏ ਦਾ ਟੀਚਾ ਮਿੱਥਿਆ ਹੈ।

143. ਮਾਣਯੋਗ ਸਪੀਕਰ ਸਾਹਿਬ, ਵਿੱਤੀ ਸਮਝਦਾਰੀ ਅਤੇ ਲੰਬੇ ਸਮੇਂ ਦੇ ਵਿੱਤੀ ਅਨੁਸ਼ਾਸਨ ਨੂੰ ਮੁੱਖ ਰੱਖਦਿਆਂ

ਸੂਬੇ ਨੇ ਕੰਸੋਲੀਡੇਟਿਡ ਸਿੰਕਿੰਗ ਫੰਡ (CSF) ਵਿੱਚ 1,000 ਕਰੋੜ ਰੁਪਏ ਦਾ ਯੋਗਦਾਨ ਪਾਇਆ ਗਿਆ ਹੈ। ਇਸ ਤੋਂ ਇਲਾਵਾ ਪਹਿਲੀ ਵਾਰ 'ਗਾਰੰਟੀ ਰਿਡੈਂਪਸ਼ਨ ਫੰਡ' ਵਿੱਚ 1,000 ਕਰੋੜ ਰੁਪਏ ਦਾ ਯੋਗਦਾਨ ਪਾਇਆ ਗਿਆ ਹੈ ਤਾਂ ਜੋ ਬੋਰਡਾਂ ਅਤੇ ਕਾਰਪੋਰੇਸ਼ਨਾਂ ਨੂੰ ਦਿੱਤੀਆਂ ਗਈਆਂ ਗਾਰੰਟੀਆਂ ਤੋਂ ਪੈਦਾ ਹੋਣ ਵਾਲੀਆਂ ਅਚਨਚੇਤ ਦੇਣਦਾਰੀਆਂ ਤੋਂ ਸੂਬੇ ਦੀ ਰੱਖਿਆ ਕੀਤੀ ਜਾ ਸਕੇ। ਇਨ੍ਹਾਂ ਯੋਗਦਾਨਾਂ ਦੇ ਸਿੱਟੇ ਵਜੋਂ ਸਾਡੀ ਸਰਕਾਰ ਦੇ ਕਾਰਜਕਾਲ ਦੌਰਾਨ ਕੰਸੋਲੀਡੇਟਿਡ ਸਿੰਕਿੰਗ ਫੰਡ (CSF) ਅਤੇ ਗਾਰੰਟੀ ਰਿਡੈਂਪਸ਼ਨ ਫੰਡ (GRF) ਵਿੱਚ ਰਾਜ ਦੇ ਫੰਡ ਮਾਰਚ, 2022 ਵਿੱਚ 3,027 ਕਰੋੜ ਰੁਪਏ ਤੋਂ 287% ਵਧ ਕੇ ਦਸੰਬਰ, 2025 ਵਿੱਚ 11,720 ਕਰੋੜ ਰੁਪਏ ਹੋ ਗਏ ਹਨ।

144. ਮਾਣਯੋਗ ਸਪੀਕਰ ਸਾਹਿਬ, ਇਸ ਸਰਕਾਰ ਦੇ ਅਧੀਨ ਮਾਲੀਏ ਨੂੰ ਮਜ਼ਬੂਤ ਕਰਨ ਦਾ ਮਕਸਦ ਕਦੇ ਵੀ ਸਿਰਫ਼ ਬੈਲੇਂਸ ਸ਼ੀਟਾਂ ਨੂੰ ਸੁਧਾਰਨਾ ਨਹੀਂ ਸੀ, ਇਸ ਦਾ ਮਕਸਦ ਪੰਜਾਬ ਦੀ ਉਸਾਰੀ ਦੀ ਸਮਰੱਥਾ ਨੂੰ ਮੁੜ ਸੁਰਜੀਤ ਕਰਨਾ ਸੀ। ਸਾਲਾਂ ਬੱਧੀ, ਪੂੰਜੀਗਤ ਨਿਵੇਸ਼ ਦੀ ਰਫ਼ਤਾਰ ਸੁਸਤ ਰਹੀ ਸੀ ਜਦ ਕਿ ਦੇਣਦਾਰੀਆਂ ਵਧਦੀਆਂ ਗਈਆਂ। ਅਸੀਂ ਉਸ ਪਹੁੰਚ ਨੂੰ ਬਦਲ ਦਿੱਤਾ ਹੈ। ਪਿਛਲੇ 4 ਸਾਲਾਂ ਵਿੱਚ ਸਾਡਾ ਕੁੱਲ ਪੂੰਜੀਗਤ ਖਰਚਾ 32,353 ਕਰੋੜ ਰੁਪਏ ਰਿਹਾ ਹੈ, ਜੋ ਕਿ ਪਿਛਲੀ ਸਰਕਾਰ ਦੇ ਮੁਕਾਬਲੇ ਦੁੱਗਣੇ ਤੋਂ ਵੀ ਵੱਧ ਹੈ। ਅਸੀਂ ਇਸ ਸਾਲ ਵੀ ਇਸ ਵਿੱਚ ਹੋਰ ਵਾਧਾ ਕੀਤਾ ਹੈ। ਇਸ ਅਨੁਸਾਰ, ਵਿੱਤੀ ਸਾਲ 2026-27 ਵਿੱਚ ਸਾਡੀ ਸਰਕਾਰ 18,381 ਕਰੋੜ ਰੁਪਏ ਦੇ ਪੂੰਜੀਗਤ ਖਰਚੇ ਦੀ ਤਜਵੀਜ਼ ਰੱਖਦੀ ਹੈ। ਇਹ ਇੱਕ ਸੋਚਿਆ-ਸਮਝਿਆ ਫੈਸਲਾ ਹੈ:- ਕਿ ਅਸੀਂ ਐਡ-ਹਾਕ (ਆਰਜ਼ੀ) ਖਰਚਿਆਂ ਦੀ ਬਜਾਏ ਸੰਪਤੀ ਸਿਰਜਣ ਨੂੰ ਥੋੜ੍ਹੇ ਸਮੇਂ ਦੇ ਦਿਖਾਵੇ ਦੀ ਬਜਾਏ ਲੰਬੇ ਸਮੇਂ ਦੇ ਵਿਕਾਸ ਨੂੰ ਅਤੇ ਅਜਿਹੇ ਬੁਨਿਆਦੀ ਢਾਂਚੇ ਨੂੰ ਪਹਿਲ ਦੇਣੀ ਹੈ ਜੋ ਆਉਣ ਵਾਲੀ ਪੀੜ੍ਹੀ ਦੇ ਕੰਮ ਆਵੇਗਾ। (ਥੰਪਿੰਗ) ਜੇਕਰ ਮੈਂ ਗੱਲ ਕਰਾਂ ਤਾਂ ਸਾਲ 2026-27 ਦੇ ਕੁੱਲ 18, 381 ਕਰੋੜ ਰੁਪਏ ਦਾ ਪੂੰਜੀਗਤ ਖਰਚਾ ਸ਼ਾਮਿਲ ਕਰਕੇ ਅਸੀਂ ਕੁੱਲ 55,446 ਕਰੋੜ ਰੁਪਏ ਤੱਕ ਕੈਪੀਟਲ ਐਕਸਪੈਂਡੀਚਰ ਲੈ ਕੇ ਜਾਵਾਂਗੇ। ਇਸ ਤੋਂ ਪਤਾ ਲੱਗਦਾ ਹੈ ਕਿ ਅਸੀਂ ਪੰਜਾਬ ਦੇ ਅੰਦਰ ਸਕੂਲਾਂ ਨੂੰ ਵੀ ਸੁਧਾਰ ਰਹੇ ਹਾਂ, ਸਿਹਤ ਨੂੰ ਵੀ ਸੁਧਾਰ ਰਹੇ ਹਾਂ, ਸੜਕੀ ਆਵਾਜਾਈ ਵੀ ਤਕੜੀ ਹੋ ਰਹੀ ਹੈ। ਇਹ ਇਸ ਦਾ ਇੰਨਾ ਵੱਡਾ ਸਬੂਤ ਹੈ ਕਿ ਇੰਨਾ ਕੈਪੀਟਲ ਐਕਸਪੈਂਡੀਚਰ ਹੋਇਆ ਹੈ ਨਹੀਂ ਤਾਂ ਤਕਰੀਬਨ ਕਦੇ 1700, 1800,1900 ਕਰੋੜ ਰੁਪਏ ਹੀ ਰਿਹਾ ਹੈ। ਪੁਰਾਣੇ ਕੈਬਨਿਟ ਸਾਥੀਆਂ ਦਾ ਇਸ ਵਿੱਚ ਜ਼ਿਆਦਾ ਤਜਰਬਾ ਹੈ, ਉਨ੍ਹਾਂ ਦੇ ਸਮੇਂ ਇਹ ਹੋਇਆ ਹੈ ਲੇਕਿਨ ਅਸੀਂ ਇਸ ਨੂੰ 55,446 ਕਰੋੜ ਰੁਪਏ ਤੱਕ ਲੈ ਕੇ ਜਾਵਾਂਗੇ।

145. ਮਾਣਯੋਗ ਸਪੀਕਰ ਸਾਹਿਬ, ਪਿਛਲੇ ਬਜਟ ਵਿੱਚ ਕੀਤੇ ਗਏ ਵਾਅਦੇ ਅਨੁਸਾਰ ਸਾਡੀ ਸਰਕਾਰ ਨੇ ਛੇਵੇਂ ਤਨਖਾਹ ਕਮਿਸ਼ਨ ਨੂੰ ਲਾਗੂ ਕਰਨ ਤੋਂ ਪੈਦਾ ਹੋਏ ਬਕਾਏ ਦੀ 14,191 ਕਰੋੜ ਰੁਪਏ ਦੀ ਅਦਾਇਗੀ ਦੀ ਯੋਜਨਾ ਦਾ ਸਨਮਾਨ ਕੀਤਾ ਹੈ ਅਤੇ ਉਨ੍ਹਾਂ ਬਕਾਇਆ ਰਕਮਾਂ ਨੂੰ ਜਾਰੀ ਕਰ ਦਿੱਤਾ ਹੈ, ਜੋ ਪਿਛਲੀ ਸਰਕਾਰ ਵੱਲੋਂ ਅਦਾ ਨਹੀਂ ਕੀਤੀਆਂ ਗਈਆਂ ਸਨ। ਵਿੱਤੀ ਸਾਲ 2025-26 ਦੌਰਾਨ ਇਹ ਜਾਇਜ਼ ਭੁਗਤਾਨ ਨਿਰਧਾਰਤ ਸਮੇਂ ਅਨੁਸਾਰ ਕੀਤੇ ਗਏ ਹਨ ਅਤੇ ਅਸੀਂ ਵਿੱਤੀ ਸਾਲ 2026–27 ਇਸ ਅਦਾਇਗੀ ਯੋਜਨਾ ਅਨੁਸਾਰ ਕਰਮਚਾਰੀਆਂ ਅਤੇ ਪੈਨਸ਼ਨਰਾਂ ਨੂੰ ਭੁਗਤਾਨ ਜਾਰੀ ਰੱਖਣ ਲਈ ਪੂਰੀ ਤਰ੍ਹਾਂ ਵਚਨਬੱਧ ਹਾਂ।

146. ਅਖੀਰ ਵਿੱਚ, ਸਪੀਕਰ ਸਰ, ਵਿੱਤੀ ਸੁਧਾਰਾਂ ਦੇ ਯਤਨਾਂ ਨੇ ਉਸ ਭਾਰੀ ਕਰਜ਼ੇ ਦੇ ਬੋਝ ਨੂੰ ਘਟਾਉਣਾ ਵੀ ਸ਼ੁਰੂ ਕਰ ਦਿੱਤਾ ਹੈ ਜੋ ਪਿਛਲੀਆਂ ਸਰਕਾਰਾਂ ਨੇ ਸੂਬੇ ਸਿਰ ਛੱਡਿਆ ਸੀ। ਸਾਡੀ ਸਰਕਾਰ ਨੂੰ 31 ਮਾਰਚ, 2022

ਤੱਕ 48.25% ਦਾ ਕਰਜ਼ਾ-ਜੀ.ਐਸ.ਡੀ.ਪੀ.(Debt-to-GSDP) ਅਨੁਪਾਤ ਵਿਰਾਸਤ ਵਿੱਚ ਮਿਲਿਆ ਸੀ, ਜੋ 31 ਜਨਵਰੀ, 2026 ਤੱਕ ਘਟ ਕੇ 44.47% ਰਹਿ ਗਿਆ ਹੈ। ਕਿਸੇ ਵੀ ਪੈਮਾਨੇ 'ਤੇ ਇਹ ਬਹੁਤ ਹੀ ਮਹੱਤਵਪੂਰਨ ਗਿਰਾਵਟ ਹੈ।

## ਸਿੱਟਾ

147. ਮਾਣਯੋਗ ਸਪੀਕਰ ਸਾਹਿਬ, ਆਪਣੀ ਗੱਲ ਸਮਾਪਤ ਕਰਦਿਆਂ, ਮੈਂ ਆਪਣੀ ਜ਼ਿੰਮੇਵਾਰੀ ਦਾ ਡੂੰਘਾ ਅਹਿਸਾਸ ਕਰਦੇ ਹੋਏ ਅਤੇ ਸਾਡੇ ਸੂਬੇ ਦੇ ਭਵਿੱਖ ਵਿੱਚ ਪੂਰਨ ਵਿਸ਼ਵਾਸ ਰੱਖਦੇ ਹੋਏ ਇਹ ਬਜਟ ਪੇਸ਼ ਕਰ ਰਿਹਾ ਹਾਂ। ਇਹ ਬਜਟ ਪਿਛਲੇ ਚਾਰ ਸਾਲਾਂ ਦੌਰਾਨ ਸਾਡੇ ਵੱਲੋਂ ਤੈਅ ਕੀਤੇ ਗਏ ਸਫ਼ਰ ਨੂੰ ਦਰਸਾਉਂਦਾ ਹੈ। ਅਜਿਹਾ ਸਫ਼ਰ ਜੋ ਪੰਜਾਬ ਦੀ ਵਿੱਤੀ ਹਾਲਤ ਨੂੰ ਮਜ਼ਬੂਤ ਕਰਨ, ਬੁਨਿਆਦੀ ਢਾਂਚੇ ਦਾ ਵਿਸਥਾਰ ਕਰਨ, ਜਨਤਕ ਸੇਵਾਵਾਂ ਨੂੰ ਬਿਹਤਰ ਬਣਾਉਣ ਅਤੇ ਸ਼ਾਸਨ ਵਿੱਚ ਲੋਕਾਂ ਦੇ ਭਰੋਸੇ ਨੂੰ ਮੁੜ ਬਹਾਲ ਕਰਨ 'ਤੇ ਕੇਂਦ੍ਰਿਤ ਰਿਹਾ ਹੈ। ਇਸ ਸਦਨ ਸਾਹਮਣੇ ਰੱਖਿਆ ਗਿਆ ਹਰ ਵੰਡ ਅਤੇ ਹਰ ਸੁਧਾਰ ਸਪਸ਼ਟ ਨਿਸ਼ਚੇ ਨਾਲ ਭਰਪੂਰ ਹੈ ਕਿ ਪੰਜਾਬ ਦੀ ਤਰੱਕੀ ਸਥਾਈ, ਸਮਾਵੇਸ਼ੀ ਅਤੇ ਮਜ਼ਬੂਤ ਸੰਸਥਾਵਾਂ 'ਤੇ ਅਧਾਰਿਤ ਹੋਣੀ ਚਾਹੀਦੀ ਹੈ।

148. ਮੈਂ ਸਾਡੇ ਕੌਮੀ ਕਨਵੀਨਰ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਜੋ ਸਾਨੂੰ ਲਗਾਤਾਰ ਯਾਦ ਦਿਵਾਉਂਦੇ ਹਨ ਕਿ ਰਾਜਨੀਤੀ ਦੀ ਜੜ੍ਹ ਹਮੇਸ਼ਾ ਇਮਾਨਦਾਰੀ, ਜਵਾਬਦੇਹੀ ਅਤੇ ਆਮ ਨਾਗਰਿਕ ਦੀ ਸੇਵਾ ਵਿੱਚ ਹੋਣੀ ਚਾਹੀਦੀ ਹੈ। ਮੈਂ ਸਾਡੇ ਮਾਣਯੋਗ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਦ੍ਰਿੜ ਅਤੇ ਲੋਕਪੱਖੀ ਅਗਵਾਈ ਦੀ ਵੀ ਪੁਰਜ਼ੋਰ ਸ਼ਲਾਘਾ ਕਰਦਾ ਹਾਂ, ਜਿਨ੍ਹਾਂ ਦੀ ਸਪਸ਼ਟ ਦ੍ਰਿਸ਼ਟੀ ਅਤੇ ਪੰਜਾਬ ਦੀ ਤਰੱਕੀ ਪ੍ਰਤੀ ਅਟੱਲ ਵਚਨਬੱਧਤਾ ਨੇ ਇਸ ਸਰਕਾਰ ਦੇ ਹਰ ਵੱਡੇ ਫੈਸਲੇ ਦੀ ਅਗਵਾਈ ਕੀਤੀ ਹੈ। ਉਨ੍ਹਾਂ ਦੀ ਰਹਿਨੁਮਾਈ ਨੇ ਇਮਾਨਦਾਰੀ ਨਾਲ ਸ਼ਾਸਨ ਕਰਨ ਅਤੇ ਇਸ ਮਹਾਨ ਰਾਜ ਦੀ ਉੱਨਤੀ ਲਈ ਆਪਣੇ ਆਪ ਨੂੰ ਪੂਰੀ ਤਰ੍ਹਾਂ ਸਮਰਪਿਤ ਕਰਨ ਦੇ ਸਾਡੇ ਇਰਾਦੇ ਨੂੰ ਹੋਰ ਮਜ਼ਬੂਤ ਕੀਤਾ ਹੈ।

149. ਮੈਂ ਵਿੱਤ ਅਤੇ ਯੋਜਨਾਬੰਦੀ ਵਿਭਾਗਾਂ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਦਾ ਵੀ ਦਿਲੋਂ ਧੰਨਵਾਦ ਕਰਦਾ ਹਾਂ, ਜਿਨ੍ਹਾਂ ਦੀ ਲਗਨ ਅਤੇ ਅਣਥੱਕ ਮਿਹਨਤ ਨੇ ਇਸ ਵਿਆਪਕ ਬਜਟ ਨੂੰ ਸਾਕਾਰ ਰੂਪ ਦਿੱਤਾ ਹੈ। ਮੈਨੂੰ ਵੀ ਅੱਜ ਪਹਿਲੀ ਵਾਰ ਪਤਾ ਲੱਗਾ ਹੈ ਕਿ ਸਾਡੀ ਬਜਟ ਸ਼ਾਖਾ ਦੇ ਦੋ ਅਜਿਹੇ ਅਧਿਕਾਰੀ ਹਨ, ਜਿਨ੍ਹਾਂ ਵਿੱਚੋਂ ਇੱਕ 40 ਸਾਲ ਤੋਂ ਅਤੇ ਦੂਜਾ 20 ਸਾਲ ਤੋਂ ਲਗਾਤਾਰ ਬਜਟ ਬਣਾ ਰਹੇ ਹਨ। ਇਹ ਲਗਾਤਾਰ ਡਿਪਾਰਟਮੈਂਟ ਵਿੱਚ ਸੇਵਾ ਕਰ ਰਹੇ ਹਨ। ਇਨ੍ਹਾਂ ਸਾਥੀਆਂ ਦੀ ਬਦੌਲਤ ਇੰਨਾ ਵੱਡਾ ਬਜਟ ਬਣ ਕੇ ਤਿਆਰ ਹੋਇਆ ਹੈ, ਮੈਂ ਸਾਰੇ ਅਧਿਕਾਰੀਆਂ ਦਾ ਧੰਨਵਾਦ ਕਰਨਾ ਚਾਹਾਂਗਾ। (ਥੰਪਿੰਗ)

150. ਹੁਣ ਮੈਂ ਵਿੱਤੀ ਸਾਲ 2026-27 ਲਈ ਬਜਟ ਪ੍ਰਸਤਾਵਾਂ ਨੂੰ ਇਸ ਮਾਣਯੋਗ ਸਦਨ ਅੱਗੇ ਪ੍ਰਵਾਨਗੀ ਲਈ ਪੇਸ਼ ਕਰਦਾ ਹਾਂ।

ਮੈਂ ਸਾਰੀ ਆਪੋਜੀਸ਼ਨ ਦਾ ਧੰਨਵਾਦ ਕਰਨਾ ਚਾਹਾਂਗਾ ਕਿ ਉਨ੍ਹਾਂ ਨੇ ਬੜੀ patience ਦੇ ਨਾਲ ਅੱਜ ਦੇ ਇਤਿਹਾਸਕ ਬਜਟ ਨੂੰ ਸੁਣਿਆ। ਮੈਂ ਸਾਡੇ ਟਰੇਜ਼ਰੀ ਬੈਂਚਿਜ਼ ਦੇ ਸਾਰੇ ਸਾਥੀਆਂ ਦਾ ਵੀ ਧੰਨਵਾਦ ਕਰਨਾ ਚਾਹੁੰਦਾ ਹਾਂ ਜਿਨ੍ਹਾਂ ਨੇ ਅੱਜ ਦਾ ਇਹ ਗਾਰੰਟੀਆਂ ਪੂਰੀਆਂ ਕਰਨ ਵਾਲਾ ਬਜਟ ਬੜੀ patience ਦੇ ਨਾਲ ਸੁਣਿਆ ਕਿਉਂਕਿ

ਆਮ ਆਦਮੀ ਪਾਰਟੀ ਦੇਸ਼ ਦੀ ਇਕਲੌਤੀ ਪਾਰਟੀ ਹੈ, ਜਿਹੜੀ ਕਿ ਗਾਰੰਟੀਆਂ ਪੂਰੀਆਂ ਕਰਦੀ ਹੈ। ਸੋ, ਗਾਰੰਟੀਆਂ ਪੂਰੀਆਂ ਕਰਨ ਵਾਲਾ ਬਜਟ, ਔਰਤਾਂ ਨੂੰ ਸਮਰਪਿਤ ਬਜਟ, ਸਾਡੀਆਂ ਮਾਵਾਂ ਧੀਆਂ ਦੇ ਸਤਿਕਾਰ ਵਿੱਚ ਬਜਟ ਪੇਸ਼ ਕੀਤਾ ਗਿਆ ਹੈ। ਸਭ ਦਾ ਬਹੁਤ ਬਹੁਤ ਧੰਨਵਾਦ, ਬਹੁਤ ਬਹੁਤ ਸ਼ੁਕਰੀਆ। ਜੈ ਹਿੰਦ।

**ਮਾਣਯੋਗ ਸਪੀਕਰ:** ਬਹੁਤ ਬਹੁਤ ਧੰਨਵਾਦ, ਮਾਣਯੋਗ ਵਿੱਤ ਮੰਤਰੀ ਸਾਹਿਬ। ਮੈਂ ਖਾਸ ਤੌਰ ਤੇ ਮੁੱਖ ਮੰਤਰੀ ਸਾਹਿਬ ਦਾ ਧੰਨਵਾਦੀ ਹਾਂ, ਇਹ ਧੰਨਵਾਦ ਸਾਡੀਆਂ ਸਾਰੀਆਂ ਮਾਤਾਵਾਂ-ਭੈਣਾਂ ਵੱਲੋਂ ਹੈ ਜਿਨ੍ਹਾਂ ਬਾਰੇ ਇਸ ਬਜਟ ਵਿੱਚ ਖਾਸ ਐਲਾਨ ਕੀਤਾ ਹੈ। ਬਹੁਤ ਬਹੁਤ ਧੰਨਵਾਦ, ਸ਼ੁਕਰ ਹੈ।

**ਮਾਣਯੋਗ ਸਪੀਕਰ:** ਹੁਣ, ਸਦਨ ਸੋਮਵਾਰ, ਮਿਤੀ 9 ਮਾਰਚ, 2026 ਨੂੰ ਸਵੇਰੇ 10.00 ਵਜੇ ਤੱਕ ਸਥੱਗਿਤ ਹੁੰਦਾ ਹੈ।

(ਇਸ *ਉਪਰੰਤ ਸਦਨ ਸੋਮਵਾਰ, ਮਿਤੀ 9 ਮਾਰਚ, 2026 ਨੂੰ 10.00 ਵਜੇ ਸਵੇਰੇ ਤੱਕ ਸਥੱਗਿਤ ਹੋ ਗਿਆ।)

*1.47 ਵਜੇ ਬਾਅਦ ਦੁਪਹਿਰ।)

---

**ANNEXURE**

**STARRED QUESTION AND ANSWER**

## ਖੰਨੇ ਸ਼ਹਿਰ ਦਾ ਗੰਦਾ ਪਾਣੀ ਡਰੇਨ ਵਿੱਚ ਪੈਣ ਤੋ ਰੋਕਣਾ

*1731. **ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ** : ਕੀ ਸਥਾਨਕ ਸਰਕਾਰ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਿੰਡ ਜਰਗੜੀ ਕੋਲ ਖੰਨੇ ਦਾ ਗੰਦਾ ਪਾਣੀ ਆਉਂਦਾ ਹੈ ਜੋ ਜਿਲ੍ਹਾ ਮਲੇਰਕੋਟਲਾ ਲਸਾੜਾ ਡਰੇਨ ਰਾਹੀਂ ਜਾਂਦਾ ਹੈ ਅਤੇ ਇਹ ਗੰਦਾ ਪਾਣੀ ਹਲਕਾ ਅਮਰਗੜ੍ਹ ਵਿੱਚ ਬਹੁਤ ਬਦਬੂ ਫੈਲਾ ਰਿਹਾ ਹੈ ਅਤੇ ਧਰਤੀ ਹੇਠਲਾ ਪਾਣੀ ਨੂੰ ਬਰਬਾਦ ਕਰ ਰਿਹਾ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਗੰਦੇ ਪਾਣੀ ਦਾ ਹੱਲ ਕਦੋਂ ਤੱਕ ਹੋ ਜਾਵੇਗਾ?

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਵਿਭਾਗ ਮੰਤਰੀ (ਸਰਦਾਰ ਤਰੁਨਪ੍ਰੀਤ ਸਿੰਘ ਸੌਂਦ)** : ਸ਼੍ਰੀਮਾਨ ਜੀ, ਜੀ ਨਹੀ। ਪਿੰਡ ਜਰਗੜੀ ਦਾ ਇੱਕ ਛੱਪੜ ਲਸਾੜਾ ਡਰੇਨ ਦੇ ਨੇੜੇ ਹੈ। ਸਾਲ 2024 ਵਿੱਚ ਇਸ ਛੱਪੜ ਦੀ ਸਫਾਈ ਕਰਵਾ ਕੇ ਬੰਨ ਚੌੜੇ ਕਰ ਦਿੱਤੇ ਗਏ ਸਨ। ਪਿੰਡ ਦੇ ਲਗਭਗ 40 ਘਰਾਂ ਦਾ ਪਾਣੀ ਇਸ ਛੱਪੜ ਵਿੱਚ ਪੈਂਦਾ ਹੈ ਅਤੇ ਇਹ ਪਾਣੀ ਛੱਪੜ ਵਿੱਚ ਹੀ ਖਪਤ ਹੋ ਜਾਂਦਾ ਹੈ, ਓਵਰ ਫਲੋ ਨਹੀ ਹੁੰਦਾ ਹੈ।

-----

# APPENDIX
## BULLETINS (PUNJABI AND ENGLISH)

**16ਵੀਂ ਪੰਜਾਬ ਵਿਧਾਨ ਸਭਾ** **ਪੰਜਾਬ ਵਿਧਾਨ ਸਭਾ**

**ਬਾਰ੍ਹਵਾਂ (ਬਜਟ) ਸਮਾਗਮ, 2026** **ਬੁਲੇਟਿਨ ਨੰ: 2**

**ਐਤਵਾਰ, 08 ਮਾਰਚ, 2026**

(10.00 ਵਜੇ ਪੂਰਵ ਦੁਪਹਿਰ ਤੋਂ 01.47 ਵਜੇ ਬਾਅਦ ਦੁਪਹਿਰ ਤੱਕ)

1. **ਪ੍ਰਸ਼ਨ**

**(ੳ) ਨਿਸ਼ਾਨ ਵਾਲੇ ਪ੍ਰਸ਼ਨ :**

| ਕ੍ਰਮ ਪੱਤਰ ਤੇ ਕੁੱਲ ਪ੍ਰਸ਼ਨ | ਉੱਤਰ ਦਿੱਤੇ ਗਏ | ਪੁੱਛੇ ਨਾ ਗਏ | ਮੁਲਤਵੀ ਕੀਤੇ ਗਏ | ਨਿਯਮ 38 ਅਧੀਨ ਉੱਤਰ ਦਿੱਤੇ ਗਏ | ਅਨੁਪੂਰਕਾਂ ਦੀ ਗਿਣਤੀ |
|---|---|---|---|---|---|
| 20 | 19 | - | 1 | - | 25 |

**(ਅ) ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ : 09**

2. **ਮਾਣਯੋਗ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਵੱਲੋਂ ਦੁੱਧ ਉਤਪਾਦਾਂ ਦੇ ਨਿਰੀਖਣ ਲਈ ਐਜੂਕੇਸ਼ਨਲ ਕੈਂਪੇਨ ਅਤੇ ਟੈਸਟਿੰਗ ਮੁਹਿੰਮ ਸ਼ੁਰੂ ਕਰਨ ਬਾਰੇ ਬਿਆਨ-**

ਮਾਣਯੋਗ ਸਪੀਕਰ ਵੱਲੋਂ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਪਿਛਲੇ ਦਿਨੀਂ ਨਕਲੀ ਦੁੱਧ ਉਤਪਾਦਾਂ ਸਬੰਧੀ ਫਰੀਦਕੋਟ/ਕੋਟਕਪੂਰੇ ਵਿੱਚ ਇੱਕ ਮੁਹਿੰਮ ਚਲਾਈ ਗਈ ਸੀ ਅਤੇ ਪਨੀਰ ਦੀ ਟੈਸਟਿੰਗ ਕਰਵਾਈ ਜਿਸ ਉਪਰੰਤ ਪਤਾ ਲੱਗਾ ਕਿ ਸਾਨੂੰ ਇਸ ਖੇਤਰ ਵਿੱਚ ਬਹੁਤ ਕੰਮ ਕਰਨ ਦੀ ਲੋੜ ਹੈ। ਇਨ੍ਹਾਂ ਨਕਲੀ ਉਤਪਾਦਾਂ ਦੀ ਜਾਂਚ ਕਰਨ ਨਾਲ ਪਸ਼ੂ ਪਾਲਕਾਂ ਨੂੰ ਸਹੀ ਮੁੱਲ ਮਿਲੇਗਾ। ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਨੂੰ ਜਾਂਚ ਲਈ ਲੈਬਜ਼ ਨੂੰ revamp ਕਰਨਾ ਬਹੁਤ ਵੱਡਾ ਪੁੰਨ ਹੋਵੇਗਾ।

ਇਸ ਸੰਵੇਦਨਸ਼ੀਲ ਮਾਮਲੇ ਦੇ ਸਬੰਧ ਵਿੱਚ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਵੱਲੋਂ ਸਦਨ ਨੂੰ ਸੂਚਿਤ ਕੀਤਾ ਗਿਆ ਕਿ ਵਿਭਾਗ 01 ਅਪ੍ਰੈਲ, 2026 ਤੋਂ ਇਸ ਸਬੰਧੀ ਮੁਹਿੰਮ ਚਲਾ ਰਿਹਾ ਹੈ ਕਿ ਹਰ ਜ਼ਿਲ੍ਹੇ ਵਿੱਚ ਵਿਭਾਗ ਕੋਲ ਇਕ ਮੋਬਾਈਲ ਟੈਸਟਿੰਗ ਲੈਬ ਹੈ। ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਜੀ ਨੇ ਕਿਹਾ ਕਿ ਜਿੱਥੇ ਤੱਕ ਵੀ ਉਨ੍ਹਾਂ ਦੀ ਆਵਾਜ਼ ਪਹੁੰਚਦੀ ਹੈ, ਜਿਹੜੇ ਫੂਡ ਬਿਜਨਸ ਆਪਰੇਟਰਜ਼ ਹਨ, ਜਿਹੜੇ ਪਨੀਰ ਬਣਾਉਣ ਅਤੇ ਵੇਚਣ ਵਾਲੇ ਹਨ, ਉਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਵੀ ਮਿਲਕ ਪ੍ਰੋਡਕਟ ਹਨ, ਪਨੀਰ, ਖੋਆ, ਦੇਸੀ ਘਿਓ, ਮਸਾਲੇ ਆਦਿ ਉਹ ਬਣਾਉਂਦੇ ਹਨ, ਸਾਰਿਆਂ ਦੀ ਜਾਂਚ ਕਰਵਾ

ਲਵੋ। ਇਸ ਵਿੱਚ ਕਿਸੇ ਨੂੰ ਵੀ ਕੋਈ ਸਜ਼ਾ ਨਹੀਂ ਹੋਵੇਗੀ। ਜਿਹੜੇ ਲੋਕ ਚੈੱਕ ਨਹੀਂ ਕਰਵਾਉਣਗੇ, ਵਿਭਾਗ ਫਿਰ ਮਜਬੂਰ ਹੋ ਕੇ ਉਨ੍ਹਾਂ ਦੇ ਇਨਫੋਰਸਮੈਂਟ ਸੈਂਪਲ ਭਰੇਗਾ, ਕਿਉਂਕਿ ਜਿਹੜੇ ਖਾਣ ਦੇ ਉਤਪਾਦ ਹਨ, ਉਹ ਸ਼ੁੱਧ ਹੋਣੇ ਚਾਹੀਦੇ ਹਨ। ਉਸ ਵਾਸਤੇ ਵਿਭਾਗ ਖਾਸ 15 ਦਿਨ ਦੀ ਐਜੂਕੇਸ਼ਨਲ ਕੈਂਪੇਨ ਅਤੇ ਟੈਸਟਿੰਗ ਕੈਂਪੇਨ ਚਲਾਵੇਗਾ।

**3. <u>ਮਾਣਯੋਗ ਸਪੀਕਰ ਵੱਲੋਂ ਮਹਿਲਾ ਦਿਵਸ ਤੇ ਸਾਰੀਆਂ ਮਹਿਲਾਵਾਂ ਨੂੰ ਵਧਾਈ ਦੇਣਾ-</u>**

ਮਾਣਯੋਗ ਸਪੀਕਰ ਵੱਲੋਂ ਅੱਜ ਮਿਤੀ 08 ਮਾਰਚ, 2026 ਨੂੰ ਅੰਤਰਰਾਸ਼ਟਰੀ ਮਹਿਲਾ ਦਿਵਸ ਮੌਕੇ ਤੇ ਉਨ੍ਹਾਂ ਸਾਰੀਆਂ ਮਹਿਲਾਵਾਂ ਜਿਹੜੀਆਂ ਪੰਜਾਬ ਤੋਂ ਇੱਥੇ ਵਿਧਾਨ ਸਭਾ ਆਈਆਂ ਹਨ, ਪੰਜਾਬ ਵਿੱਚ ਵੱਸਦੀਆਂ ਹਨ ਅਤੇ ਦੇਸ਼ ਦੁਨੀਆ ਵਿੱਚ ਵੱਸਦੀਆਂ ਹਨ, ਉਨ੍ਹਾਂ ਨੂੰ ਇਸ ਦਿਨ ਦੀ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਆਪਾਂ ਬੜੀ ਭਾਗਾਂ ਵਾਲੀ ਧਰਤੀ ਤੇ ਪੈਦਾ ਹੋਏ ਹਾਂ ਜਿੱਥੇ ਪਹਿਲਾਂ ਮਹਿਲਾਵਾਂ ਨੂੰ ਉੰਨਾ ਮਾਣ ਸਨਮਾਨ ਨਹੀਂ ਦਿੱਤਾ ਜਾਂਦਾ ਸੀ ਪਰ ਅੱਜ ਤੋਂ 500 ਸਾਲ ਪਹਿਲਾਂ ਬਾਬਾ ਨਾਨਕ ਜੀ ਨੇ ਸਾਡੇ ਤੇ ਬੜੀ ਕਿਰਪਾ ਕੀਤੀ ਸੀ ਅਤੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿੱਚ ਫ਼ੁਰਮਾਉਂਦੇ ਹਨ –

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥
ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥
ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥
ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ ॥
ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ ॥੨॥

ਮਾਣਯੋਗ ਸਪੀਕਰ ਸਾਹਿਬ ਵੱਲੋਂ ਕਿਹਾ ਗਿਆ ਕਿ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਨੇ, ਸ੍ਰੀ ਗੁਰੂ ਗਰੰਥ ਸਾਹਿਬ ਪਾਤਸ਼ਾਹ ਨੇ 500 ਸਾਲ ਪਹਿਲਾਂ ਸਾਡੀਆਂ ਮਾਤਾਵਾਂ/ਭੈਣਾਂ ਨੂੰ ਇੰਨਾ ਸਤਿਕਾਰ ਦਿੱਤਾ ਅਤੇ ਅੱਜ ਵੀ ਪੰਜਾਬ ਸਰਕਾਰ ਵੱਲੋਂ ਇਸ ਸ਼ੁਭ ਮੌਕੇ ਤੇ ਉਨ੍ਹਾਂ ਦੇ ਸਤਿਕਾਰ ਵਿੱਚ ਐਤਵਾਰ ਵਾਲੇ ਦਿਨ ਇਹ ਸ਼ੁਭ ਕਾਰਜ, ਬਜਟ ਪੇਸ਼ ਕਰਕੇ ਕੀਤਾ ਜਾ ਰਿਹਾ ਹੈ, ਜੋ ਸਾਡੀਆਂ ਮਾਤਾਵਾਂ/ ਭੈਣਾਂ ਨੂੰ ਸਮਰਪਿਤ ਹੈ।

**4. <u>ਸਾਲ 2026-2027 ਲਈ ਬਜਟ ਅਨੁਮਾਨ ਪੇਸ਼ ਕਰਨਾ</u>**

ਵਿੱਤ ਮੰਤਰੀ ਨੇ ਸਾਲ 2026-27 ਲਈ ਬਜਟ ਅਨੁਮਾਨ ਪੇਸ਼ ਕੀਤੇ ਅਤੇ ਅਜਿਹਾ ਕਰਦੇ ਹੋਏ ਉਹ 02 ਘੰਟਾ 42 ਮਿੰਟ ਲਈ ਬੋਲੇ।

**5. <u>ਮਾਣਯੋਗ ਸਪੀਕਰ ਵੱਲੋਂ ਸਵਾਗਤੀ ਐਲਾਨ</u>**

ਮਾਣਯੋਗ ਸਪੀਕਰ ਵੱਲੋਂ ਵੱਖ-ਵੱਖ ਸਮੇਂ ਤੇ ਨਿਮਨਲਿਖਤ ਸ਼ਖਸੀਅਤਾਂ ਦੇ ਹਾਜ਼ਰ ਹੋਣ ਬਾਰੇ ਸਦਨ ਨੂੰ ਜਾਣੂੰ ਕਰਵਾਇਆ ਗਿਆ ਅਤੇ ਸਮੂਹ ਸਦਨ ਵੱਲੋਂ ਉਨ੍ਹਾਂ ਨੂੰ ਜੀ ਆਇਆਂ ਆਖਿਆ ਗਿਆ-

1. ਸਰਦਾਰ ਗੁਰਮੀਤ ਸਿੰਘ ਮੀਤ ਹੇਅਰ, ਮੈਂਬਰ ਪਾਰਲੀਮੈਂਟ;
2. ਸ੍ਰੀ ਮਨੀਸ਼ ਸਿਸੋਦੀਆ, ਸਾਬਕਾ ਉਪ ਮੁੱਖ ਮੰਤਰੀ, ਦਿੱਲੀ ਸਰਕਾਰ;
3. ਸ੍ਰੀਮਤੀ ਹਰਪਾਲ ਕੌਰ, ਮਾਣਯੋਗ ਮੁੱਖ ਮੰਤਰੀ ਜੀ ਦੇ ਮਾਤਾ ਜੀ;
4. ਸ੍ਰੀਮਤੀ ਗੁਰਪ੍ਰੀਤ ਕੌਰ, ਸੁਪਤਨੀ ਸਰਦਾਰ ਭਗਵੰਤ ਸਿੰਘ ਮਾਨ, ਮੁੱਖ ਮੰਤਰੀ ਪੰਜਾਬ;
5. ਸ੍ਰੀਮਤੀ ਮਨਜੀਤ ਕੌਰ, ਸੁਪਤਨੀ ਸਰਦਾਰ ਹਰਪਾਲ ਸਿੰਘ ਚੀਮਾ, ਵਿੱਤ ਮੰਤਰੀ, ਪੰਜਾਬ;
6. ਪੰਜਾਬ ਦੇ ਵੱਖ-ਵੱਖ ਜਿਲ੍ਹਿਆਂ ਤੋਂ ਆਈਆਂ ਸਾਰੀਆਂ ਮਾਤਾਵਾਂ, ਭੈਣਾਂ ਅਤੇ ਕੋਟਕਪੂਰਾ/ਫਰੀਦਕੋਟ ਹਲਕੇ ਤੋਂ ਆਏ ਡਾਕਟਰ ਸਾਹਿਬਾਨ ਅਤੇ ਅਧਿਆਪਕ ਸਾਹਿਬਾਨ।

**6. <u>ਮਾਣਯੋਗ ਸਪੀਕਰ ਦੁਆਰਾ ਐਲਾਨ</u>**

**1. <u>ਸਭਾਪਤੀ ਨਾਮਾਵਲੀ ਸਬੰਧੀ ਐਲਾਨ</u>**

ਮਾਣਯੋਗ ਸਪੀਕਰ ਨੇ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 13(1) ਅਧੀਨ ਨਿਮਨਲਿਖਤ ਮਾਣਯੋਗ ਮੈਂਬਰਾਂ ਨੂੰ ਸਭਾਪਤੀ ਨਾਮਾਵਲੀ ਲਈ ਨਾਮਜ਼ਦ ਕਰਨ ਸਬੰਧੀ ਐਲਾਨ ਕੀਤਾ: -

1. ਸਰਦਾਰ ਕੁਲਵੰਤ ਸਿੰਘ ਪੰਡੋਰੀ, ਐਮ.ਐਲ.ਏ;
2. ਰਾਣਾ ਗੁਰਜੀਤ ਸਿੰਘ, ਐਮ.ਐਲ.ਏ;
3. ਸ੍ਰੀਮਤੀ ਇੰਦਰਜੀਤ ਕੌਰ ਮਾਨ, ਐਮ.ਐਲ.ਏ;
4. ਡਾ. ਨਛੱਤਰ ਪਾਲ, ਐਮ.ਐਲ.ਏ;

**<u>ਮਾਣਯੋਗ ਸਪੀਕਰ ਵੱਲੋਂ ਧੰਨਵਾਦ ਕਰਨਾ</u>**

ਮਾਣਯੋਗ ਸਪੀਕਰ ਵੱਲੋਂ ਸਦਨ ਨੂੰ ਸੂਚਿਤ ਕੀਤਾ ਗਿਆ ਕਿ ਉਨ੍ਹਾਂ ਨੂੰ ਕੋਟਕਪੂਰਾ ਅਤੇ ਪੰਜਾਬ ਦੇ ਹੋਰ ਜਿਲ੍ਹਿਆਂ ਤੋਂ ਸੁਨੇਹੇ ਪ੍ਰਾਪਤ ਹੋ ਰਹੇ ਹਨ, ਜਿਸ ਨੂੰ ਦੱਸਦਿਆਂ ਉਨ੍ਹਾਂ ਨੂੰ ਬਹੁਤ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਸਾਰੇ ਪੰਜਾਬ ਅਤੇ ਕੋਟਕਪੂਰਾ ਹਲਕੇ ਦੀਆਂ ਸਾਰੀਆਂ ਮਾਤਾਵਾਂ ਅਤੇ ਭੈਣਾਂ ਬੜੇ ਉਤਸ਼ਾਹ ਨਾਲ ਸਦਨ ਦੀ ਕਾਰਵਾਈ ਨੂੰ ਵੇਖ ਰਹੀਆਂ ਹਨ। ਮਾਣਯੋਗ ਸਪੀਕਰ ਵੱਲੋਂ ਉਨ੍ਹਾਂ ਸਾਰਿਆਂ ਦਾ ਇਸਤਕਬਾਲ ਕੀਤਾ ਗਿਆ।

ਸਰਦਾਰ ਕੁਲਵੰਤ ਸਿੰਘ ਪੰਡੋਰੀ, ਮੈਂਬਰ, ਪੈਨਲ ਆਫ ਚੇਅਰਮੈਨ ਨੇ 12.07 ਵਜੇ ਬਾਅਦ ਦੁਪਹਿਰ ਤੋਂ 12.47 ਵਜੇ ਬਾਅਦ ਦੁਪਹਿਰ ਤੱਕ ਪ੍ਰਧਾਨਗੀ ਦੀ ਕੁਰਸੀ ਸੰਭਾਲੀ।

ਉਪਰੰਤ, ਸਦਨ ਸੋਮਵਾਰ ਮਿਤੀ 09 ਮਾਰਚ, 2026 ਨੂੰ 10.00 ਵਜੇ ਪੂਰਵ ਦੁਪਹਿਰ ਤੱਕ ਸਥੱਗਿਤ ਹੋ ਗਿਆ।

**ਚੰਡੀਗੜ੍ਹ** **ਰਾਮ ਲੋਕ ਖਟਾਣਾ**

**08 ਮਾਰਚ, 2026** **ਸਕੱਤਰ**

16th Punjab Vidhan Sabha

12th (Budget) Session,2026

**PUNJAB VIDHAN SABHA**

**BULLETIN No. 2**

**Sunday, the 8th March, 2026**

**(From 10.00 A.M to 01.47 P.M)**

1. **Questions**

(a) **Starred Questions: -**

| Total number of questions on the order paper | Answered | Not put | Postponed | Answered under Rule 38 | Number of supplementaries |
|---|---|---|---|---|---|
| 20 | 19 | - | 1 | - | 25 |

(b) **Unstarred Questions: 09**

2. **Statement by the Hon'ble Minister of Health and Family Welfare in order to launch the educational campaign and testing drive for inspection of milk products**

The Hon'ble Speaker brought to the notice of the Health and Family Welfare Minister that a testing campaign was launched in Faridkot/Kotkapura recently regarding adulterated milk products and paneer thereafter it was found that we need to do a lot of work in this area. By testing these adulterated products, the dairy farmers will get the genuine price. It would be a great boon for the Health and Family Welfare Department to revamp the testing labs.

Regarding this sensitive matter, the Health and Family Welfare Minister informed the House that the department has been driving a campaign in this regard from 1st April, 2026, that the department has a mobile testing lab in every district. The Health and Family Welfare Minister stated that as far as his voice reaches, those who are food business operators and paneer producers, I wish to apprise them that all the milk products, paneer, khoya, desi ghee, spices etc. should be got tested. No one will be punished in this. However, if people don't come forward for testing then the department will be forced to take samples, as the food products must be pure. Therefore, the department will launch special 15 days educational and testing campaign.

3. **Congratulating all Women on Women's Day by the Hon'ble Speaker**

On the Occasion of International Women's Day, today on

March 08th, 2026, the Hon'ble Speaker congratulated all those women who have come here to the Legislative Assembly from Punjab, who reside in Punjab and across the entire World. He said that we are born on a blessed land where earlier women were not given that much respect but 500 years ago Baba Nanak ji bestowed great kindness upon us and preaches in Sri Guru Granth Sahib ji –

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥
ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥
ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥
ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ ॥
ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ ॥੨॥

The Hon'ble Speaker said that Sri Guru Nanak Patshah ji, Sri Guru Granth Sahib Patshah ji blessed our mothers and sisters with great respect 500 years ago and even today, on this auspicious occasion this noble deed is being done by the Punjab Government by presenting this budget on Sunday in their honour, which is dedicated to our mothers and sisters.

## 4. Presentation of Budget Estimates for the year 2026-2027

The Finance Minister presented the Budget Estimates for the year 2026-27 and while doing so, he spoke for 02 hours and 42 minutes.

## 5. Welcome Announcement by the Hon’ble Speaker

The Hon’ble Speaker informed the House about the presence of the following personalities at various times and the entire House welcomed them-

1. Sardar Gurmeet Singh Meet Hayer, Member of Parliament.
2. Shri Manish Sisodia, Former Deputy Chief Minister, Government of Delhi.
3. Smt. Harpal Kaur, Mother of the Hon’ble Chief Minister.
4. Smt. Gurpreet Kaur, Wife of Sardar Bhagwant Singh Mann, Chief Minister, Punjab.
5. Smt. Manjit Kaur, Wife of Sardar Harpal Singh Cheema, Finance Minister, Punjab.
6. All the mothers, sisters from different districts of Punjab and the doctors and teachers from Kotkapura/Faridkot Constituency.

## 6. Announcement by the Hon'ble Speaker

### 1. Announcement regarding Panel of Chairmen

The Hon'ble Speaker made an announcement under Rule 13(1) of the Rules of Procedure and Conduct of Business in the Punjab Vidhan Sabha (Punjab Legislative Assembly) regarding nomination of the following Members to serve on the Panel of Chairmen-

1. Sardar Kulwant Singh Pandori, MLA;
2. Rana Gurjit Singh, MLA;
3. Smt. Inderjit Kaur Mann, MLA;
4. Dr. Nachhattar Pal, MLA;

## 7. Thanks by the Hon'ble Speaker

The Hon'ble Speaker informed the House that he is receiving messages from Kotkapura and other districts of Punjab and he expressed great happiness in sharing that all the mothers and sisters from all over Punjab and Kotkapura Constituency are watching the proceedings of the House with great enthusiasm. The Hon'ble Speaker welcomed all of them.

Sardar Kulwant Singh Pandori, Member, Panel of Chairmen, occupied the Chair of the House from 12.07 p.m. to 12.47 p.m.

The House, then adjourned till 10.00 a.m. on Monday, the 9th March, 2026.

**CHANDIGARH** **RAM LOK KHATANA,**

**THE 8th MARCH, 2026** **SECRETARY**